# ਨਾਸਤਿਕ ਬਾਣੀ

"ਧਰਮ ਟਟਹਿਣਿਆਂ ਵਾਂਗ ਹਨ। ਉਨ੍ਹਾਂ ਨੂੰ ਚਮਕਣ ਲਈ ਹਨੇਰੇ ਦੀ ਲੋੜ ਹੈ।"

-ਆਰਥਰ ਸ਼ੋਪਨਹਾਊਰ

"ਜਦੋਂ ਬੰਦਾ ਧਰਮ ਤੋਂ ਆਜ਼ਾਦ ਹੋ ਜਾਂਦਾ ਹੈ ਤਾਂ ਉਸ ਦੇ ਇਕ ਸਾਵੀਂ ਪੱਧਰੀ ਤੇ ਭਰਪੂਰ ਜ਼ਿੰਦਗੀ ਮਾਨਣ ਦੇ ਮੌਕੇ ਵੱਧ ਜਾਂਦੇ ਹਨ।"

-ਸਿਗਮੰਡ ਫਰਾਇਡ

"ਦੁਨੀਆ ਵਿਚ ਦੋ ਤਰ੍ਹਾਂ ਦੇ ਲੋਕ ਹਨ : ਧਰਮ ਬਿਨਾਂ ਸੂਝਵਾਨ ਲੋਕ, ਅਤੇ ਸੂਝ ਬਿਨਾਂ ਧਾਰਮਿਕ ਲੋਕ।"

-ਅਬੁਲ-ਅਲਾ-ਅਲ-ਮਾਇਰੀ

"ਬੰਦੇ ਦਾ ਦਿਮਾਗ ਹਵਾਈ-ਛੱਤਰੀ (ਪੈਰਾਸ਼ੂਟ) ਵਾਂਗ ਹੁੰਦਾ ਹੈ। ਜੇ ਖੁੱਲ੍ਹਾ ਨਾ ਹੋਵੇ ਤਾਂ ਕੰਮ ਨਹੀਂ ਕਰਦਾ।"

-ਫਰੈਂਕ ਜ਼ਾਪਾ

"ਸਾਰੇ ਸਮਾਜਾਂ ਅੰਦਰ ਔਰਤਾਂ ਨੂੰ ਸਾਰੇ ਧਰਮਾਂ ਵਲੋਂ ਦਬਾਇਆ ਜਾਂਦਾ ਹੈ।"

-ਤਸਲੀਮਾ ਨਸਰੀਨ

## ਸਾਧੂ ਬਿਨਿੰਗ

www.PunjabiLibrary.com

# ਨਾਸਤਿਕ ਬਾਣੀ

ਸਾਧੂ ਬਿਨਿੰਗ

www.PunjabiLibrary.com

# ਨਾਸਤਿਕ ਬਾਣੀ



www.PunjabiLibrary.com

ਲੇਖਕ ਦੀਆਂ ਹੋਰ ਕਿਤਾਬਾਂ:

2017 ਬੇਇੱਜ਼ਤ (ਸੁਖਵੰਤ ਹੁੰਦਲ ਅਤੇ ਗੁਰਮੇਲ ਰਾਏ ਨਾਲ ਸਾਂਝਾ ਅਨੁਵਾਦ)

2016 ਕਨੇਡਾ ਵਿੱਚ ਪੰਜਾਬੀ ਬੋਲੀ

2014 ਫੌਜੀ ਬੰਤਾ ਸਿੰਘ (ਅੰਗ੍ਰੇਜ਼ੀ ਕਹਾਣੀ ਸੰਗ੍ਰਹਿ)

2002 ਜੁਗਤੂ (ਨਾਵਲ)

2002 ਬੱਡ ਢਿਲੋਂ ਅਤੇ ਤੋਤੇ ਦੀ ਚੁੰਝ (ਕਰਤਾਰ ਢਿਲੋਂ ਦੀ ਲਿਖਤ ਦਾ ਅਨੁਵਾਦ)

2001 ਲੱਤਾਂ ਦੇ ਭੂਤ (ਪਿਕਟ ਲਾਈਨ ਵਿਚਲੇ ਨਾਟਕਾਂ ਦਾ ਨਵਾਂ ਸੰਗ੍ਰਹਿ)

2001 ਲੀਹੋਂ ਲੱਥੇ (ਕਹਾਣੀ-ਸੰਗ੍ਰਹਿ - ਦੂਸਰਾ ਐਡੀਸ਼ਨ)(ਪਹਿਲਾਂ 1994 ਵਿੱਚ)

2001 ਯਾਰ ਮੇਰਾ ਦਰਿਆ (ਕਾਵਿ-ਸੰਗ੍ਰਹਿ)

2001 ਕਿਸਦਾ ਕਸੂਰ (ਕਹਾਣੀ-ਸੰਗ੍ਰਹਿ-ਦੂਸਰਾ ਐਡੀਸ਼ਨ)(ਪਹਿਲਾਂ 1982 ਵਿੱਚ)

2000 ਸੰਘਰਸ਼ ਦੇ ਸੌ ਵਰ੍ਹੇ: ਕਨੇਡਾ ਵਿੱਚ ਪੰਜਾਬੀ ਪ੍ਰਗਤੀਸ਼ੀਲ ਲਹਿਰ (ਸੁਖਵੰਤ ਹੁੰਦਲ ਨਾਲ ਸਾਂਝੀ ਖੋਜ)

2000 ਕਥਾ ਕਨੇਡਾ (ਸਹਿ-ਸੰਪਾਦਤ ਕਹਾਣੀ-ਸੰਗ੍ਰਹਿ)

1997 ਭਾਰਤੀਆਂ ਨੇ ਕਨੇਡਾ ਵਿਚ ਵੋਟ ਦਾ ਹੱਕ ਕਿਵੇਂ ਲਿਆ (ਸੁਖਵੰਤ ਹੁੰਦਲ ਨਾਲ ਸਾਂਝੀ ਖੋਜ)

1995 ਪਿਕਟ ਲਾਈਨ (ਸੁਖਵੰਤ ਹੁੰਦਲ ਨਾਲ ਸਾਂਝਾ ਨਾਟਕ-ਸੰਗ੍ਰਹਿ)

1994 ਵਤਨੋਂ ਦੂਰ ਨਹੀਂ (ਦੋਭਾਸ਼ੀ ਕਾਵਿ-ਸੰਗ੍ਰਹਿ)

1990 ਰਿਸ਼ਤੇ ਦਰਿਆਵਾਂ ਦੇ (ਕਾਵਿ-ਸੰਗ੍ਰਹਿ)

1988 ਮਲੂਕਾ (ਸੁਖਵੰਤ ਹੁੰਦਲ ਅਤੇ ਗੁਰਮੇਲ ਰਾਏ ਨਾਲ ਸਾਂਝਾ ਅਨੁਵਾਦ)

1986 ਜੰਗਲ ਦੇ ਵਿਰੁੱਧ (ਸਹਿ-ਸੰਪਾਦਤ ਕਾਵਿ-ਸੰਗ੍ਰਹਿ)

1976 ਸੋਨੇ ਰੰਗੀ ਸੜਕ (ਕਾਵਿ-ਸੰਗ੍ਰਹਿ)

# ਨਾਸਤਿਕ ਬਾਣੀ

ਦੁਨੀਆ ਭਰ ਦੇ ਨਾਮਵਰ ਦਾਰਸ਼ਨਿਕਾਂ,

ਚਿੰਤਕਾਂ, ਵਿਗਿਆਨੀਆਂ ਤੇ

ਸਾਹਿਤਕਾਰਾਂ... ਦੇ

ਰੱਬ ਦੀ ਹੋਂਦ/ਅਣਹੋਂਦ ਬਾਰੇ ਕਥਨ

ਖੋਜ ਤੇ ਅਨੁਵਾਦ:


## ਸਾਧੂ ਬਿਨਿੰਗ

Nastik Bani

Research, Translation and Editing

by Sadhu Binning

Sadhu Binning
4333 Portland Street
Burnaby, BC, Canada, V5J 2N5
sadhu.binning@gmail.com
778-773-1886



www.PunjabiLibrary.com

ਸਮਰਪਤ

ਸ਼ਹੀਦ ਭਗਤ ਸਿੰਘ ਨੂੰ

ਅਤੇ

ਮਨੁੱਖਤਾ ਨੂੰ ਹਨੇਰੇ ਤੋਂ ਰੌਸ਼ਨੀ ਵਲ ਲਿਜਾਣ ਲਈ
ਘਾਲਣਾ ਕਰਨ ਵਾਲੇ ਦੁਨੀਆ ਭਰ ਦੇ
ਵਿਗਿਆਨੀਆਂ ਅਤੇ ਚਿੰਤਕਾਂ ਨੂੰ



www.PunjabiLibrary.com

## ਤਤਕਰਾ


| | |
|---|---|
| ਮੁੱਢਲੇ ਸ਼ਬਦ – ਪੰਜਾਬੀ ਭਾਈਚਾਰਾ ਤੇ ਧਰਮ | 8 |
| ਧੰਨਵਾਦ | 20 |
| ਨਾਸਤਿਕ ਬਾਣੀ | 21 |
| ਸੋਮੇ – ਕਿਤਾਬਾਂ | 171 |
| – ਇੰਟਰਨੈੱਟ | 174 |
| ਨਾਸਤਿਕ ਬਾਣੀ ਦੀ ਆਲੋਚਨਾ ਦਾ ਹੁੰਗਾਰਾ | 175 |
| ਵਿਗਿਆਨਕ ਅਤੇ ਤਰਕਸ਼ੀਲ ਚਿੰਤਨ ਦਾ ਸੰਗ੍ਰਿਹ – ਰਾਜਪਾਲ ਸਿੰਘ | 180 |

# ਮੁੱਢਲੇ ਸ਼ਬਦ

## ਪੰਜਾਬੀ ਭਾਈਚਾਰਾ ਤੇ ਧਰਮ

ਵਿਅਕਤੀ ਦੀ ਪੱਧਰ 'ਤੇ ਹਰ ਇਕ ਨੂੰ ਕਿਸੇ ਵੀ ਚੀਜ਼ ਬਾਰੇ ਆਪਣੀ ਮਨ ਮਰਜੀ ਦੇ ਵਿਚਾਰਾਂ ਨੂੰ ਮੰਨਣ ਜਾਂ ਰੱਦ ਕਰਨ ਦੀ ਪੂਰਨ ਆਜ਼ਾਦੀ ਹੋਣੀ ਚਾਹੀਦੀ ਹੈ, ਸਣੇ ਰੱਬ ਵਿਚ ਵਿਸ਼ਵਾਸ ਜਾਂ ਅਵਿਸ਼ਵਾਸ ਦੇ। ਜਦੋਂ ਸਮਾਜਿਕ, ਸਿਆਸੀ ਜਾਂ ਆਰਥਿਕ ਤਾਕਤ ਦੀ ਵਰਤੋਂ ਨਾਲ ਕੋਈ ਵਿਚਾਰ ਦੂਜਿਆਂ ਉੱਪਰ ਠੋਸਿਆ ਜਾਵੇ ਤਾਂ ਇਹ ਵਿਅਕਤੀਗੱਤ ਆਜ਼ਾਦੀ ਉੱਪਰ ਹਮਲਾ ਹੁੰਦਾ ਹੈ ਅਤੇ ਇਹ ਗੱਲ ਸਮੁੱਚੇ ਸਮਾਜ ਲਈ ਵੀ ਹਾਨੀਕਾਰਕ ਹੁੰਦੀ ਹੈ। ਪਰ ਇਸ ਨੂੰ ਇਕ ਹਮਲੇ ਵਜੋਂ ਦੇਖ ਸਕਣਾ ਜਾਂ ਸਮਾਜੀ ਨੁਕਸਾਨ ਵਜੋਂ ਦੇਖ ਸਕਣਾ ਉਦੋਂ ਹੀ ਸੰਭਵ ਹੁੰਦਾ ਹੈ ਜਦੋਂ ਕਿਸੇ ਸਮਾਜ ਦੇ ਵਿਅਕਤੀ ਆਜ਼ਾਦੀ ਨਾਲ ਸੋਚਣ ਯੋਗ ਹੋਣ।

ਬਰਤਾਨਵੀ ਸਾਮਰਾਜੀਆਂ ਦੇ ਭਾਰਤ ਛੱਡਣ ਤੋਂ ਬਾਅਦ ਭਗਤ ਸਿੰਘ ਦੀ ਸੋਚ ਰੱਖਣ ਵਾਲੇ ਅਗਾਂਹਵਧੂ ਲੋਕਾਂ ਅਤੇ ਜਵਾਹਰ ਲਾਲ ਨਹਿਰੂ ਵਰਗੇ ਕੁਝ ਚੇਤਨ ਲੋਕਾਂ ਦੀ ਇਹ ਮਨਸ਼ਾ ਜ਼ਰੂਰ ਰਹੀ ਹੋਵੇਗੀ ਕਿ ਧਰਮ ਤੇ ਸਿਆਸਤ ਨੂੰ ਵੱਖ ਵੱਖ ਰੱਖਿਆ ਜਾਵੇ। ਨਹਿਰੂ ਦਾ ਕਹਿਣਾ ਸੀ ਕਿ:

> "ਇਸ ਤਮਾਸ਼ੇ ਨੇ, ਜਿਹਨੂੰ ਧਰਮ ਕਿਹਾ ਜਾਂਦਾ ਹੈ, ਜਾਂ ਘੱਟੋ ਘੱਟ ਜਥੇਬੰਦ ਧਰਮ, ਭਾਰਤ ਅਤੇ ਹੋਰ ਥਾਵੀਂ, ਸਾਨੂੰ ਦਹਿਸ਼ਤ ਨਾਲ ਭਰ ਦਿੱਤਾ ਹੈ, ਅਤੇ ਮੈਂ ਇਹਨੂੰ ਅਕਸਰ ਹੀ ਨਿੰਦਿਆ ਹੈ ਅਤੇ ਇਸ ਦਾ ਮੁੱਢੋ ਸੁੱਢੋਂ ਸਫਾਇਆ ਕਰਨ ਦੀ ਇੱਛਾ ਹੈ।"[1]

ਪਰ ਆਜ਼ਾਦ ਭਾਰਤ ਵਿਚ ਧਰਮ ਦਾ ਅਸਰ ਘਟਣ ਦੀ ਥਾਂ ਇਸ ਤੋਂ ਬਿਲਕੁਲ ਉਲਟ ਵਾਪਰਿਆ ਹੈ। ਇਸ ਵੇਲੇ ਸਾਰੇ ਭਾਰਤ ਵਿਚ ਤੇ ਖਾਸ ਕਰ ਪੰਜਾਬ ਵਿਚ, ਧਰਮ ਤੇ ਸਿਆਸਤ ਵਿਚ ਵਿੱਥ ਭਾਲਣੀ ਮੁਸ਼ਕਿਲ ਹੈ। ਧਰਮ ਏਨੇ ਸ਼ਕਤੀਸ਼ਾਲੀ ਹਨ ਕਿ ਇਸ ਬਾਰੇ ਅਲੋਚਨਾਤਮਿਕ ਨਜ਼ਰੀਆ ਰੱਖਣਾ ਖਤਰਾ ਸਹੇੜਨ ਵਾਲੀ ਗੱਲ ਹੈ। ਨਤੀਜੇ ਵਜੋਂ, ਸਿਆਸਤ ਨੂੰ ਧਰਮ ਤੋਂ ਵੱਖ ਕਰਕੇ ਦੇਖਣ ਦੀ ਯੋਗਤਾ ਤੇ ਖਾਹਿਸ਼ ਪੰਜਾਬੀਆਂ ਵਿੱਚੋਂ ਗਾਇਬ ਹੋ ਗਈ ਲਗਦੀ ਹੈ। ਧਰਮ ਬਾਰੇ ਬਹੁਤੀ ਚਰਚਾ ਇਸ ਨੁਕਤੇ ਤੋਂ ਕੀਤੀ ਜਾਂਦੀ ਹੈ ਕਿ ਇਸ ਨੂੰ ਕਿਸ ਤਰ੍ਹਾਂ ਬੇਹਤਰ ਬਣਾਇਆ ਜਾਵੇ ਨਾ ਕਿ

---

[1] http://www.positiveatheism.org/hist/quotes/

[2] ਇਸ ਸ਼ਬਦ ਦਾ ਸਬੰਧ ਵੇਦਾਂ ਨਾਲ ਹੈ. ਕਿਸੇ ਸਮੇਂ ਵੇਦਾਂ ਨੂੰ ਮੰਨਣ ਵਾਲੇ ਆਸਿਤਕ ਕਹਾਉਂਦੇ ਸਨ ਤੇ

ਵਿਗਿਆਨਕ ਨਜ਼ਰੀਏ ਨਾਲ ਇਸ ਦੀ ਸਾਰਥਿਕਤਾ 'ਤੇ ਕਿੰਤੂ ਕੀਤਾ ਜਾਵੇ ਜਾਂ ਇਸ ਦੇ ਅਸਰ ਨੂੰ ਘਟਾਇਆ ਜਾਵੇ।

ਵਿਸ਼ੇਸ਼ ਕਰਕੇ ਇਹ ਗੱਲ ਕਈ ਵੱਖਰੇ ਕਾਰਨਾਂ ਵੱਸ ਪੰਜਾਬੀ ਭਾਈਚਾਰੇ ਵਿਚਲੇ ਸਿੱਖ ਧਰਮ ਨਾਲ ਸਬੰਧਤ ਲੇਖਕਾਂ ਤੇ ਬੁੱਧੀਜੀਵੀਆਂ ਵਿਚ ਜ਼ਿਆਦਾ ਦੇਖਣ ਨੂੰ ਮਿਲਦੀ ਹੈ। ਧਰਮ ਦੇ ਆਮ ਤੌਰ 'ਤੇ ਨਾਂਹ-ਪੱਖੀ ਰੋਲ ਨੂੰ ਮੰਨਦੇ ਹੋਏ ਉਹ ਸਿੱਖ ਧਰਮ ਬਾਰੇ ਦੂਜੇ ਧਰਮਾਂ ਨਾਲੋਂ ਵੱਖਰਾ ਮਹਿਸੂਸ ਕਰਦੇ ਹਨ। ਇਹ ਠੀਕ ਹੈ ਕਿ ਮੁਕਾਬਲਤਨ ਨਵਾਂ ਹੋਣ ਕਾਰਨ ਇਸ ਧਰਮ ਵਿਚ ਬਹੁਤ ਸਾਰੀ ਨਵੀਂ ਸਮਾਜਿਕ ਸੂਝ ਹੈ। ਇਸ ਦੀ ਸ਼ੁਰੂਆਤ ਸਥਾਪਤ ਧਰਮਾਂ – ਇਸਲਾਮ ਅਤੇ ਹਿੰਦੂ ਧਰਮ – ਦੀ ਅਲੋਚਨਾ ਵਿੱਚੋਂ ਹੋਈ ਹੋਣ ਕਰਕੇ ਇਸ ਵਿਚ ਅੰਧ ਵਿਸ਼ਵਾਸ ਤੇ ਪ੍ਰਮਾਤਮਾ ਤੱਕ ਪਹੁੰਚਣ ਸਬੰਧੀ ਬਹੁਤ ਸਾਰੀਆਂ ਰਸਮਾਂ ਰੀਤਾਂ ਦਾ ਖੰਡਨ ਕੀਤਾ ਗਿਆ ਹੈ; ਜਾਤ ਪਾਤ ਨੂੰ ਨਿੰਦਿਆ ਗਿਆ ਹੈ ਅਤੇ ਕੁਝ ਹੱਦ ਤੱਕ ਸਮਾਜਿਕ ਬਰਾਬਰਤਾ ਦੀ ਗੱਲ ਕੀਤੀ ਗਈ ਹੈ। ਇਸ ਅਲੋਚਨਾ ਦੇ ਅਧਾਰ 'ਤੇ ਚਿੰਤਕ ਮਹਿਸੂਸ ਕਰਦੇ ਹਨ ਕਿ ਅਜੋਕੇ ਸਮਾਜ ਵਿਚਲੀਆਂ ਸਮਾਜਿਕ ਬਰਾਬਰੀ, ਵਿਗਿਆਨਕ ਪਹੁੰਚ ਤੇ ਲਿੰਗ ਬਰਾਬਰਤਾ ਵਰਗੀਆਂ ਚੰਗਿਆਈਆਂ ਇਸ ਧਰਮ ਵਿਚ ਪਹਿਲਾਂ ਹੀ ਮੌਜੂਦ ਹਨ ਅਤੇ ਮਸਲਾ ਸਿਰਫ ਉਨ੍ਹਾਂ ਉੱਪਰ ਨਾ ਚੱਲਣ ਦਾ ਹੈ। ਉਨ੍ਹਾਂ ਅਨੁਸਾਰ ਇਸ ਧਰਮ ਵਿਚ ਕੋਈ ਨੁਕਸ ਨਹੀਂ ਹੈ ਸਿਰਫ ਇਸ ਨੂੰ ਮੰਨਣ ਵਾਲੇ ਇਸ ਦੀ ਸਿੱਖਿਆ ਅਨੁਸਾਰ ਨਹੀਂ ਚਲਦੇ। ਪਰ ਉਹ ਸਧਾਰਨ ਨੁਕਤੇ ਵਲ ਵੀ ਧਿਆਨ ਨਹੀਂ ਦਿੰਦੇ ਲਗਦੇ ਕਿ ਉਨ੍ਹਾਂ ਦਾ ਧਰਮ ਮਨੁੱਖਤਾ ਦਾ ਵੀ ਤੇ ਭਾਰਤ ਜਾਂ ਕਨੇਡਾ ਵਰਗੇ ਸਮਾਜਾਂ ਦਾ ਵੀ ਇਕ ਨਿੱਕਾ ਜਿਹਾ ਹਿੱਸਾ ਹੈ ਅਤੇ ਜੇ ਸੌ ਪ੍ਰਤੀਸ਼ੱਤ ਲੋਕ ਗੁਰਬਾਣੀ ਦੀ ਸਿੱਖਿਆ ਅਨੁਸਾਰ ਚੱਲਣ ਲੱਗ ਵੀ ਪੈਣ, ਜੋ ਕਿ ਮੌਜੂਦਾ ਆਰਥਿਕ ਢਾਂਚੇ ਵਿਚ ਸੰਭਵ ਨਹੀਂ ਜਾਪਦਾ, ਤਾਂ ਉਹ ਸਮਾਜ ਦੇ ਬਾਕੀ ਵੱਡੇ ਹਿੱਸੇ ਦੇ ਲੋਕਾਂ ਨੂੰ ਕਿਸ ਤਰ੍ਹਾਂ ਮੰਨਾਉਣਗੇ? ਕੀ ਉਹ ਵੀ ਦੂਜੇ ਧਰਮਾਂ ਵਲੋਂ ਆਪਣਾ ਅਸਰ ਰਸੂਖ ਵਧਾਉਣ ਲਈ ਵਰਤੇ ਗਏ ਹਿੰਸਕ ਤੌਰ ਤਰੀਕੇ ਅਪਨਾਉਣਗੇ?

ਅਜੋਕੇ ਸਮੇਂ ਵਿਚ ਪੰਜਾਬੀ ਸਮਾਜ ਅੰਦਰ ਧਰਮ ਦਾ ਦਾਬਾ ਇਸ ਕਦਰ ਹੈ ਕਿ ਰੱਬ ਦੀ ਹੋਂਦ ਤੋਂ ਇਨਕਾਰੀ ਵਾਸਤੇ ਵਰਤਿਆ ਜਾਂਦਾ ਸ਼ਬਦ – ਨਾਸਤਿਕ[2] – ਗਾਲ਼ ਦੇ ਬਰਾਬਰ ਹੈ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪੰਜਾਬ ਦੇ ਪਿੰਡਾਂ 'ਚ ਗੁਰਦੁਆਰਿਆਂ ਦੀਆਂ ਛੱਤਾਂ 'ਤੇ ਸਵੇਰੇ ਸਵੇਰੇ ਵੱਜਦੇ ਲਾਊਡ ਸਪੀਕਰਾਂ ਤੋਂ ਲੈ ਕੇ ਸਰੀ ਜਾਂ ਯੂਬਾਸਿਟੀ ਦੀਆਂ ਸੜਕਾਂ 'ਤੇ ਨਿਕਲਦੇ ਨਗਰ ਕੀਰਤਨਾਂ ਤੱਕ, ਜਿੱਥੇ ਰੱਬ

---

[2] ਇਸ ਸ਼ਬਦ ਦਾ ਸਬੰਧ ਵੇਦਾਂ ਨਾਲ ਹੈ. ਕਿਸੇ ਸਮੇਂ ਵੇਦਾਂ ਨੂੰ ਮੰਨਣ ਵਾਲੇ ਆਸਿਤਕ ਕਹਾਉਂਦੇ ਸਨ ਤੇ ਨਾ ਮੰਨਣ ਵਾਲੇ ਨਾਸਤਿਕ। ਰੱਬ ਨੂੰ ਮੰਨਣ ਜਾਂ ਨਾ ਮੰਨਣ ਦੇ ਸਬੰਧ ਵਿਚ ਇਸ਼ਵਰਵਾਦ ਤੇ ਨਿਰਇਸ਼ਵਰਵਾਦ ਜਾਂ ਏਹੋ ਜਿਹੇ ਹੋਰ ਸ਼ਬਦ ਵੀ ਸਮੇਂ ਸਮੇਂ ਪ੍ਰਚਲਤ ਰਹੇ ਹਨ. ਅਜੋਕੇ ਸਮੇਂ ਰੱਬ ਦੀ ਹੋਂਦ ਤੋਂ ਇਨਕਾਰ ਕਰਨ ਵਾਲੇ ਵਾਸਤੇ ਨਾਸਤਿਕ ਸ਼ਬਦ ਹੀ ਸਭ ਤੋਂ ਵੱਧ ਵਰਤਿਆ ਜਾਂਦਾ ਹੈ।

ਨੂੰ ਮੰਨਣ ਵਾਲੇ ਲੋਕਾਂ ਦੀਆਂ ਆਵਾਜ਼ਾਂ ਨਾਲ ਸਾਰਾ ਆਲਾ ਦੁਆਲਾ ਗੂੰਜਦਾ ਰਹਿੰਦਾ ਹੈ, ਉੱਥੇ ਰੱਬ ਦੀ ਹੋਂਦ ਤੋਂ ਇਨਕਾਰੀ ਆਵਾਜ਼ ਕਦੇ ਕਦੇ ਹੀ ਸੁਣਨ ਨੂੰ ਮਿਲਦੀ ਹੈ, ਉਹ ਵੀ ਤਰਕਸ਼ੀਲਾਂ ਵਰਗੇ ਜਥੇਬੰਦ ਸਮੂਹਾਂ ਵਲੋਂ। ਸਣੇ ਪੰਜਾਬੀ ਮੀਡੀਏ ਦੇ ਹਰ ਪਾਸੇ ਧਰਮ ਦਾ ਹੀ ਬੋਲਬਾਲਾ ਹੈ। ਪਰ ਇਹ ਹਮੇਸ਼ਾ ਇਸ ਤਰ੍ਹਾਂ ਨਹੀਂ ਸੀ। ਭਾਰਤੀ ਸਮਾਜ ਵਿਚ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦੀ ਪ੍ਰਥਾ ਬਹੁਤ ਪੁਰਾਣੀ ਹੈ। ਦੇਬੀਪ੍ਰਸਾਦ ਚੱਟੋਪਾਧਿਆਏ ਅਨੁਸਾਰ:

> "ਸਾਡੇ ਸਾਰੇ ਵੱਡੇ ਦਰਸ਼ਨਾਂ ਵਿੱਚੋਂ, ਸਿਰਫ ਵੇਦਾਂਤ (ਕੁਝ ਸ਼ਰਤਾਂ ਸਮੇਤ) ਅਤੇ ਵਿਸ਼ੇਸ਼ ਕਰਕੇ ਨਇਆ-ਵੇਸ਼ਿਸ਼ੀਕਾ ਦੇ ਮਗਰਲੇ ਕਥਨ ਆਸਤਕ ਸਨ। ਇਸ ਦੇ ਮੁਕਾਬਲੇ, ਬੁੱਧ, ਜੈਨ, ਪੂਰਬ-ਮਿਮਾਸਾ, ਸਮੀਖਿਆ, ਲੋਕਾਇਤਾ ਅਤੇ ਨਇਆ- ਵੇਸ਼ਿਸ਼ੀਕਾ ਆਪਣੇ ਮੁੱਢਲੇ ਰੂਪ ਵਿਚ ਸਾਰੇ ਦਰਸ਼ਨ ਹੀ ਨਾਸਤਿਕਤਾ ਵੱਲ ਪ੍ਰਤੀਬੱਧ ਸਨ। ਇਸ ਕਰਕੇ ਭਾਰਤੀ ਸੋਚ ਵਿਚ ਨਾਸਤਿਕਤਾ ਦੀ ਇਸ ਅਥਾਹ ਮਹੱਤਤਾ 'ਤੇ ਕਿੰਤੂ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਇਸ ਦੀ ਪ੍ਰਤੀਨਿੱਧਤਾ ਕਰ ਰਹੇ ਵੱਡੀ ਗਿਣਤੀ ਭਾਰਤੀ ਦਾਰਸ਼ਨਿਕਾਂ ਨੂੰ ਅੱਖੋਂ ਉਹਲੇ ਕੀਤਾ ਜਾਵੇ।"[3]

ਭਾਰਤੀ ਦਰਸ਼ਨ ਵਿਚਲੇ ਸੰਵਾਦ ਦੀ ਇਸ ਲੰਮੀ ਪ੍ਰੰਪਰਾ ਤੋਂ ਪੰਜਾਬੀ ਲੇਖਕ ਤੇ ਚਿੰਤਕ ਅਣਜਾਣ ਤਾਂ ਨਹੀਂ ਹੋ ਸਕਦੇ ਪਰ ਦਰਪੇਸ਼ ਸਥਿਤੀਆਂ ਵਿਚ ਇਸ ਨੂੰ ਮਹੱਤਵਪੂਰਨ ਸਮਝਣੋ ਜ਼ਰੂਰ ਹਟ ਗਏ ਜਾਪਦੇ ਹਨ। ਇਸ ਸਮੇਂ ਵੱਡੀ ਗਿਣਤੀ ਪੰਜਾਬੀਆਂ ਨੇ ਇਸ ਸਮੱਸਿਆ ਦੀ ਅਹਿਮੀਅਤ ਨੂੰ ਅੱਖੋਂ ਓਹਲੇ ਹੀ ਨਹੀਂ ਕੀਤਾ ਸਗੋਂ ਇਸ ਨੂੰ ਸਮੱਸਿਆ ਸਮਝਣਾ ਹੀ ਛੱਡ ਦਿੱਤਾ ਹੈ। ਸ਼ਾਇਦ ਪੰਜਾਬੀਆਂ ਨਾਲ ਜਪਾਨੀ ਕਹਾਵਤ ਵਰਗਾ ਕੁਝ ਵਾਪਰ ਗਿਆ ਹੈ ਕਿ 'ਜੇ ਤੁਸੀਂ ਉਨ੍ਹਾਂ ਨੂੰ ਜਿੱਤ ਨਹੀਂ ਸਕਦੇ ਤਾਂ ਨਾਲ ਰਲ਼ ਜਾਓ'। ਏਥੇ ਇਕ ਹੋਰ ਗੱਲ ਦੀ ਸੰਭਾਵਨਾ ਜ਼ਿਆਦਾ ਨਜ਼ਰ ਆਉਂਦੀ ਹੈ ਕਿ ਕਾਫੀ ਗਿਣਤੀ ਪੰਜਾਬੀ ਲੇਖਕ ਤੇ ਬੁੱਧੀਜੀਵੀ ਨਾ ਤਾਂ ਰੱਬ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਨਾ ਹੀ ਧਰਮ ਨੂੰ ਸਮਾਜ ਲਈ ਲਾਹੇਵੰਦ ਸਮਝਦੇ ਹਨ। ਬਹੁਤ ਸਾਰੇ ਸਮਾਜਿਕ ਕਾਰਨਾਂ ਵੱਸ ਉਹ ਇਸ ਬਾਰੇ ਚੁੱਪ ਸਾਧੀ ਰੱਖਦੇ ਹਨ। ਏਥੇ ਬਰਤਾਨਵੀਂ ਦਾਰਸ਼ਨਿਕ ਤੇ ਅਰਥ ਸ਼ਾਸਤ੍ਰੀ ਜਾਹਨ ਸਟੂਰਟ ਮਿੱਲ ਦੀ ਉੱਨੀਵੀਂ ਸਦੀ ਦੇ ਬਰਤਾਨਵੀ ਸਮਾਜ ਬਾਰੇ ਕਹੀ ਗੱਲ ਸਹੀ ਮਹਿਸੂਸ ਹੁੰਦੀ ਹੈ:

> *"ਦੁਨੀਆ ਹੈਰਾਨ ਹੋ ਜਾਵੇ ਜੇ ਇਸ ਨੂੰ ਇਹ ਪਤਾ ਚੱਲ ਜਾਵੇ ਕਿ ਇਸ ਦੇ ਸਭ ਤੋਂ ਰੌਸ਼ਨ ਨਗੀਨਿਆਂ ਵਿੱਚੋਂ, ਆਮ ਲੋਕਾਂ ਦੇ ਅੰਦਾਜ਼ੇ ਮੁਤਾਬਕ ਸਿਆਣੇ ਤੇ ਸਾਊਆਂ ਵਿੱਚੋਂ, ਕਿੰਨੀ ਵੱਡੀ ਤਾਦਾਦ ਧਰਮ ਬਾਰੇ ਪੂਰੀ ਤਰ੍ਹਾਂ ਸ਼ੱਕੀ ਹੈ।"*

ਇਸ ਸਬੰਧ ਵਿਚ ਭਗਤ ਸਿੰਘ ਦਾ ਫਾਂਸੀ ਲੱਗਣ ਤੋਂ ਕੁਝ ਮਹੀਨੇ ਪਹਿਲਾਂ ਅਕਤੂਬਰ 1930 ਵਿਚ ਲਿਖਿਆ ਲੇਖ 'ਮੈਂ ਨਾਸਤਿਕ ਕਿਉਂ ਹਾਂ' ਅਜੇ ਵੀ ਪੰਜਾਬੀ

---

[3] Debiprasad Chattopadhyaya, Indian Atheism, p. 29

ਵਿਚ ਸਭ ਤੋਂ ਵੱਧ ਜਾਣਿਆਂ ਜਾਂਦਾ ਹੈ। ਇਹ ਸੰਭਵ ਹੈ ਕਿ ਇਸ ਲੇਖ ਦੀ ਮਹੱਤਤਾ ਭਗਤ ਸਿੰਘ ਦੇ ਨਾਂ ਕਾਰਨ ਜ਼ਿਆਦਾ ਹੋਵੇ ਪਰ ਇਹ ਵੀ ਸਚਾਈ ਹੈ ਕਿ ਇਸ ਵਿਸ਼ੇ ’ਤੇ ਇਸ ਨਾਲੋਂ ਵੱਧ ਸਪੱਸ਼ਟ, ਸਿੱਧੀ ਤੇ ਵਿਗਿਆਨਕ ਸੋਚ ਵਾਲੀ ਸ਼ਕਤੀਸ਼ਾਲੀ ਹੋਰ ਕੋਈ ਲਿਖਤ ਨਹੀਂ ਹੈ। ਜਿਸ ਤਰ੍ਹਾਂ ਬਰਤਾਨਵੀ ਚਿੰਤਕ ਬਰਟਰੈਂਡ ਰਸਲ ਵਲੋਂ 1927 ਵਿਚ ਦਿੱਤੇ ਭਾਸ਼ਨ, ‘ਮੈਂ ਇਸਾਈ ਕਿਉਂ ਨਹੀਂ’ ਜੋ ਬਾਅਦ ਵਿਚ ਲੇਖ ਦੇ ਰੂਪ ਵਿਚ ਪ੍ਰਕਾਸ਼ਤ ਹੋਇਆ, ਦੀ ਮਾਰ ਤੋਂ ਇਸਾਈ ਮੱਤ ਅਜੇ ਤੱਕ ਨਹੀਂ ਸੰਭਲ ਸਕਿਆ, ਇਸੇ ਤਰ੍ਹਾਂ ਭਗਤ ਸਿੰਘ ਦੇ ਇਸ ਇਕੱਲੇ ਲੇਖ ਨੇ ਪੰਜਾਬ ਦੇ ਧਾਰਮਿਕ ਲੋਕਾਂ ਨੂੰ ਵਖਤ ਪਾਇਆ ਹੋਇਆ ਹੈ। ਇਸ ਲਿਖਤ ਦੀ ਤਿੱਖੀ ਚੋਭ ਕਾਰਨ ਹੀ ਇਸ ਨੂੰ ਲੋਕਾਂ ਦੇ ਚੇਤੇ ’ਚੋ ਮਿਟਾਉਣ ਦੀ ਹਰ ਸੰਭਵ ਕੋਸ਼ਸ਼ ਕੀਤੀ ਜਾ ਰਹੀ ਹੈ।[4]

ਇਹ ਕਹਿਣਾ ਗਲਤ ਹੋਵੇਗਾ ਕਿ ਇਸ ਵਿਸ਼ੇ ’ਤੇ ਪੰਜਾਬੀ ਵਿਚ ਲਿਖਿਆ ਹੀ ਨਹੀਂ ਗਿਆ। ਖੱਬੀ ਧਿਰ ਨਾਲ ਸਬੰਧਤ ਚਿੰਤਕ ਤੇ ਖਾਸ ਕਰ ਤਰਕਸ਼ੀਲ ਲਹਿਰ ਤੇ ਦਲਿਤ ਲਹਿਰ ਨਾਲ ਸਬੰਧਤ ਚਿੰਤਕਾਂ ਨੇ ਬਹੁਤ ਕੁਝ ਲਿਖਿਆ ਹੈ ਤੇ ਲਿਖ ਰਹੇ ਹਨ।[5] ਪਰ ਵੱਖਰੇ ਵੱਖਰੇ ਕਾਰਨਾਂ ਵੱਸ ਇਹ ਲਿਖਤਾਂ ਰੱਬ ਤੇ ਧਰਮ ਦੇ ਮਸਲੇ ’ਤੇ ਸਿੱਧੀ ਚੋਟ ਕਰਨ ਤੋਂ ਅਕਸਰ ਕੰਨੀ ਹੀ ਨਹੀਂ ਕਤਰਾਉਂਦੀਆਂ ਸਗੋਂ ਇਹ ਪ੍ਰਭਾਵ ਛੱਡ ਜਾਂਦੀਆਂ ਹਨ ਕਿ ਧਰਮ ਸਮਾਜ ਲਈ ਲਾਹੇਵੰਦ ਸ਼ੈਅ ਹੈ। ਇਨ੍ਹਾਂ ਦਾ ਜ਼ਿਆਦਾ ਧਿਆਨ ਅੰਧ ਵਿਸ਼ਵਾਸ ਤੇ ਜਾਤ ਪਾਤ ਨਾਲ ਸਬੰਧਤ ਵਿਸ਼ਿਆ ਵਲ ਹੁੰਦਾ ਹੈ। ਆਸ ਇਹ ਕੀਤੀ ਜਾਂਦੀ ਹੈ ਕਿ ਲੋਕਾਂ ਦੇ ਰੱਬ ’ਚ ਵਿਸ਼ਵਾਸ਼ ਤੇ ਧਰਮ ਦੇ ਅਸਰ ਸਬੰਧੀ ਗੱਲ ਕੀਤੇ ਬਿਨਾਂ ਹੀ, ਅੰਧ-ਵਿਸ਼ਵਾਸ਼ ਤੇ ਜਾਤ-ਪਾਤ ਵਰਗੇ ਮਸਲਿਆਂ ਦਾ ਹੱਲ ਲੱਭ ਲਿਆ ਜਾਵੇ। ਚਾਹੇ ਜਾਂ ਅਣਚਾਹੇ ਇਨ੍ਹਾਂ ਲਿਖਤਾਂ ਅਨੁਸਾਰ ਨੁਕਸ ਲੋਕਾਂ ਵਿਚ ਹੁੰਦਾ ਹੈ ਨਾ ਕਿ ਧਰਮਾਂ ਵਲੋਂ ਪ੍ਰਚਾਰੀ ਜਾਂਦੀ ਸੋਚ ਜਾਂ ਜੀਵਨ ਸੂਝ ਵਿਚ।

ਰੋਜ਼ੀ ਰੋਟੀ ਦੀ ਭਾਲ ਵਿਚ ਬਾਹਰ ਆਏ ਪੰਜਾਬੀਆਂ ਦੇ ਤਜਰਬੇ ’ਚੋਂ ਨਿਕਲੀਆਂ ਗਦਰ ਲਹਿਰ ਵਰਗੀਆਂ ਸਿਆਸੀ ਸਰਗਰਮੀਆਂ ਦੇ ਅਸਰ ਵਜੋਂ ਪੰਜਾਬੀ ਸਾਹਿਤ

---

[4] ਬਹੁਤ ਸਾਰੇ ਅਜਿਹੇ ਲੋਕ ਹਨ ਜੋ ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਉਹ ਭਗਤ ਸਿੰਘ ਦੇ ਰੱਬ ਸਬੰਧੀ ਵਿਚਾਰਾਂ ਨੂੰ ਲੋਕਾਂ ਦੇ ਚੇਤੇ ’ਚੋਂ ਮਨਫੀ ਕਰ ਦੇਣ। ਇਸੇ ਮਕਸਦ ਨਾਲ ਉਸ ਦੇ ਇਨ੍ਹਾਂ ਵਿਚਾਰਾਂ ਬਾਰੇ ਕਈ ਕਿਸਮ ਦੇ ਭੁਲੇਖੇ ਲਗਾਤਾਰ ਪਾਏ ਜਾਂਦੇ ਹਨ। ਇਹ ਗੱਲ ਅਕਸਰ ਕਿਸੇ ਨਾ ਕਿਸੇ ਧਾਰਮਿਕ ਵਿਅਕਤੀ ਜਾਂ ਅਦਾਰੇ ਵਲੋਂ ਉਠਾ ਲਈ ਜਾਂਦੀ ਹੈ ਕਿ ਭਾਈ ਰਣਧੀਰ ਸਿੰਘ ਦੇ ਕਹਿਣ ’ਤੇ ਆਪਣੇ ਅਖੀਰਲੇ ਦਿਨਾਂ ਵਿਚ ਭਗਤ ਸਿੰਘ ਨੇ ਮੁੜ ਸਿੱਖ ਧਰਮ ਅਪਣਾ ਲਿਆ ਸੀ। ਏਥੋਂ ਤੱਕ ਕਿ ਖੱਬੀ ਸਿਆਸੀ ਸੋਚ ਵਾਲੇ ਲੋਕ ਵੀ ਭਗਤ ਸਿੰਘ ਦੇ ਨਾਸਤਿਕਤਾ ਬਾਰੇ ਨਜ਼ਰੀਏ ਨੂੰ ਸਿਆਸੀ ਪੱਖ ਤੋਂ ਖਤਰਨਾਕ ਸਮਝਦੇ ਹਨ ਅਤੇ ਵਾਹ ਲੱਗਦੀ ਨੂੰ ਇਸ ਬਾਰੇ ਚੁੱਪ ਸਾਧੀ ਰੱਖਦੇ ਹਨ।

[5] ਪੰਜਾਬ ਵਿਚ ਖੱਬੀ ਧਿਰ ਨਾਲ ਸਬੰਧਤ ਲੇਖਕਾਂ ਤੇ ਖਾਸ ਕਰ ਪਿਛਲੇ ਕੁਝ ਦਹਾਕਿਆਂ ਤੋਂ ਤਰਕਸ਼ੀਲ ਲਹਿਰ ਨਾਲ ਸਬੰਧਤ ਬਹੁਤ ਸਾਰੇ ਲੋਕਾਂ ਨੇ ਰੱਬ ਤੇ ਧਰਮ ਨਾਲ ਸਬੰਧਤ ਵਿਸ਼ਿਆ ਬਾਰੇ ਬਹੁਤ ਕੁਝ ਲਿਖਿਆ ਵੀ ਹੈ ਤੇ ਲੋਕਾਂ ਵਿਚ ਇਸ ਸਬੰਧੀ ਚੇਤਨਾ ਲਿਆਉਣ ਲਈ ਸਰਗਰਮੀ ਨਾਲ ਕੰਮ ਵੀ ਕੀਤਾ ਹੈ। ਏਸੇ ਤਰ੍ਹਾਂ ਦਲਿਤ ਲਹਿਰ ਨਾਲ ਸਬਧੰਤ ਕੁਝ ਲੋਕ ਇਸ ਪਾਸੇ ਯਤਨਸ਼ੀਲ ਹਨ।

ਵਿਚ ਵੀ ਵੀਹਵੀਂ ਸਦੀ ਦੇ ਸ਼ੁਰੂ ਤੋਂ ਸਮੁੱਚੀ ਮਨੁੱਖਤਾ ਦਾ ਫਿਕਰ ਕਰਨ ਵਾਲੀ ਅਗਾਂਹਵਧੂ ਸੁਰ ਭਾਰੂ ਰਹੀ। ਅੱਠਵੇਂ ਦਹਾਕੇ ਦੌਰਾਨ ਪੰਜਾਬੀਆਂ ਦੇ ਸੰਘਰਸ਼ਾਂ ਨੂੰ ਧਾਰਮਿਕ ਲੜਾਈ ਦਾ ਰੂਪ ਦਿੱਤੇ ਜਾਣ ਨਾਲ 'ਤੇ ਦੁਨੀਆ ਦੀ ਪੱਧਰ 'ਤੇ ਸੋਵੀਅਤ ਰੂਸ ਦੇ ਡਿੱਗਣ ਵਰਗੀਆਂ ਹੋਈਆਂ ਤਬਦੀਲੀਆਂ ਨਾਲ ਪੰਜਾਬੀ ਸਾਹਿਤ ਵਿਚ ਅਗਾਂਹਵਧੂ ਸੋਚ ਦੇ ਅਸਰ ਨੂੰ ਵੱਡੀ ਢਾਹ ਲੱਗੀ। ਨਤੀਜੇ ਵਜੋਂ, ਪੰਜਾਬੀ ਦਾ ਬਹੁਤਾ ਅਜੋਕਾ ਸਾਹਿਤ ਬਦਲ ਰਹੀਆਂ ਆਰਥਿਕ ਸਥਿਤੀਆਂ ਨੂੰ ਸਮਝਣ ਜਾਂ ਇਨ੍ਹਾਂ ਦੇ ਵਹਾਅ ਨੂੰ ਰੋਕਣ ਵਲ ਨਹੀਂ ਸਗੋਂ ਇਨ੍ਹਾਂ ਸਥਿਤੀਆਂ ਦੇ ਅਸਰ ਵਜੋਂ ਸਮਾਜਿਕ ਰਿਸ਼ਤਿਆਂ ਵਿਚ ਹੋ ਰਹੀ ਟੁੱਟ ਭੱਜ ਬਾਰੇ ਹੀ ਗੱਲ ਕਰਨ ਵੱਲ ਰੁਚਿਤ ਹੈ। ਇਹ ਆਪਣੇ ਆਪ ਵਿਚ ਵਧੀਆ ਗੱਲ ਹੈ ਜੋ ਇਹ ਦਰਸਾਉਂਦੀ ਹੈ ਕਿ ਪੰਜਾਬੀ ਲੇਖਕ ਆਪਣੇ ਸਮਾਜ ਨਾਲੋਂ ਟੁੱਟਾ ਹੋਇਆ ਨਹੀਂ। ਪਰ ਇਹ ਪੰਜਾਬੀ ਸਾਹਿਤ ਦੀ ਸੀਮਾ ਵੀ ਹੈ। ਸਿਰਫ ਪੰਜਾਬੀ ਸਾਹਿਤ ਪੜ੍ਹਨ ਵਾਲੇ ਪਾਠਕ ਦੀ ਮਨੁੱਖੀ ਤੇ ਸਮਾਜੀ ਵਿਕਾਸ ਬਾਰੇ ਸੂਝ ਵਧਣ ਦੇ ਘੱਟ ਮੌਕੇ ਹਨ। ਇਹ ਠੀਕ ਹੈ ਕਿ ਇਨ੍ਹਾਂ ਗੱਲਾਂ ਬਾਰੇ ਗਿਆਨ ਪ੍ਰਾਪਤ ਕਰਨ ਲਈ ਭੌਤਿਕ ਵਿਗਿਆਨ ਤੇ ਸਮਾਜਿਕ ਵਿਗਿਆਨ ਦੇ ਵਿਸ਼ਿਆਂ ਵਿਚ ਅਨੇਕਾਂ ਪੁਸਤਕਾਂ ਪੰਜਾਬੀ ਵਿਚ ਵੀ ਉਪਲੱਬਧ ਹੋਣਗੀਆਂ ਜਾਂ ਹਨ। ਪਰ ਆਮ ਪਾਠਕ ਅੰਦਰ ਮਨੁੱਖੀ ਸੂਝ ਨਾਲ ਸਬੰਧਤ ਵੱਖਰੇ ਵੱਖਰੇ ਪਹਿਲੂਆਂ ਬਾਰੇ ਜਾਨਣ ਦੀ ਖਾਹਿਸ਼ ਪੈਦਾ ਕਰਨੀ ਜਾਂ ਆਪਣੇ ਆਲੇ ਦੁਆਲੇ ਨੂੰ ਵੱਖਰੇ ਵੱਖਰੇ ਕੋਣਾਂ ਤੋਂ ਅਲੋਚਨਾਤਮਿਕ ਨਜ਼ਰੀਏ ਨਾਲ ਦੇਖਣ ਦੀ ਯੋਗਤਾ ਪੈਦਾ ਕਰਨੀ ਕਾਲਪਨਿਕ ਸਾਹਿਤ ਦੀ ਜ਼ਿੰਮੇਵਾਰੀ ਹੈ ਜਾਂ ਹੋਣੀ ਚਾਹੀਦੀ ਹੈ। ਪੰਜਾਬੀ ਸਾਹਿਤ ਨੇ ਪੰਜਾਬੀ ਪਾਠਕਾਂ ਲਈ, ਖਾਸ ਕਰ ਨੌਜਵਾਨ ਪੀੜ੍ਹੀ ਦੇ ਪਾਠਕਾਂ ਵਾਸਤੇ, ਧਰਮ, ਸਿਆਸਤ ਤੇ ਪੈਸੇ ਤੋਂ ਬਾਹਰ ਕੋਈ ਨਵੇਂ ਸੁਪਨੇ ਪੈਦਾ ਨਹੀਂ ਕੀਤੇ; ਕੋਈ ਨਾਇਕ ਪੈਦਾ ਨਹੀਂ ਕੀਤੇ। ਇਸ ਸਬੰਧ ਵਿਚ ਹੋਰ ਬਹੁਤ ਸਾਰੀਆਂ ਗੱਲਾਂ ਕੀਤੀ ਜਾ ਸਕਦੀਆਂ ਹਨ ਪਰ ਮੁੱਖ ਨੁਕਤਾ ਏਥੇ ਇਹੀ ਹੈ ਕਿ ਪੰਜਾਬੀ ਸਾਹਿਤ ਦੀ ਪਹੁੰਚ ਸਮਾਜਿਕ ਰਿਸ਼ਤਿਆਂ ਵਿਚਲੀ ਭੰਨਤੋੜ ਤੱਕ ਸੀਮਤ ਰਹਿੰਦੀ ਹੈ। ਲਗਦਾ ਹੈ ਕਿ ਆਮ ਪੰਜਾਬੀ ਬੰਦਾ ਹੀ ਨਹੀਂ ਸਗੋਂ ਪੰਜਾਬੀ ਲੇਖਕ ਵੀ ਗਿਆਨ ਵਿਗਿਆਨ ਨਾਲ ਸਬੰਧਤ ਲੋੜ ਜਿੰਨਾ ਨਹੀਂ ਪੜ੍ਹਦਾ। ਨਾ ਪੜ੍ਹਨ ਵਾਲੇ ਲੇਖਕ, ਨਾ ਪੜ੍ਹਨ ਵਾਲੇ ਆਮ ਲੋਕਾਂ ਨਾਲੋਂ, ਸਮਾਜ ਲਈ ਕਿਤੇ ਵੱਧ ਹਾਨੀਕਾਰਕ ਹਨ।

ਪੰਜਾਬੀ ਸਭਿਆਚਾਰਕ ਆਲੇ ਦੁਆਲੇ ਵਿਚ ਬਹੁਤ ਕੁਝ ਹੈ ਜਿਹੜਾ ਆਮ ਬੰਦੇ ਨੂੰ ਤੇ ਲੇਖਕ ਨੂੰ ਨਾਸਤਿਕਤਾ ਬਾਰੇ ਗੱਲ ਕਰਨ ਤੋਂ ਰੋਕਦਾ ਹੈ। ਪੰਜਾਬੀਆਂ ਦੀ ਆਮ ਸੂਝ ਇਹ ਕਹਿੰਦੀ ਹੈ ਕਿ ਦੂਜਿਆਂ ਦੇ ਕੰਮ ਵਿਚ ਦਖਲ ਨਾ ਦਿਓ – 'ਮੌਲਾ ਆਪਣੀ ਨਿਬੇੜ ਤੈਨੂੰ ਕਿਸੇ ਨਾਲ ਕੀ?' ਇਸ ਸਮਝ ਅਨੁਸਾਰ ਦੂਜਿਆਂ ਦੇ ਧਾਰਮਿਕ ਵਿਸ਼ਵਾਸ ਵਿਚ ਕਿਸੇ ਕਿਸਮ ਦਾ ਦਖਲ ਦੇਣਾ ਠੀਕ ਨਹੀਂ ਸਮਝਿਆ ਜਾਂਦਾ। ਸਗੋਂ ਇਸ ਤੋਂ ਉਲਟ ਆਮ ਪ੍ਰਚਾਰਿਆ ਇਹ ਜਾਂਦਾ ਹੈ ਕਿ ਹਰ ਧਰਮ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ। ਹਰ ਧਰਮ ਦਾ ਜਾਂ ਵੱਡਿਆਂ ਦਾ ਸਤਿਕਾਰ ਕਰਨਾ ਪੰਜਾਬੀ ਭਾਈਚਾਰੇ ਦਾ ਇਕ ਵਧੀਆ ਗੁਣ ਗਿਣਿਆਂ ਜਾਂਦਾ ਹੈ। ਪਰ ਇਸ ਵਿਚ ਸਮੱਸਿਆ ਵਾਲੀ ਗੱਲ ਇਹ ਹੈ ਕਿ ਇਸ ਸਤਿਕਾਰ ਵਿਚ ਕੋਈ ਸਵਾਲ ਜਾਂ ਕਿੰਤੂ

ਕਰਨ ਦੀ ਸਖਤ ਮਨਾਹੀ ਸ਼ਾਮਲ ਹੈ। ਮਨੁੱਖੀ ਵਿਕਾਸ ਦਾ ਹੁਣ ਤੱਕ ਦਾ ਤਜਰਬਾ ਇਹ ਦੱਸਦਾ ਹੈ ਕਿ ਕਿੰਤੂ ਕੀਤੇ ਬਿਨਾਂ ਵਿਕਾਸ ਸੰਭਵ ਨਹੀਂ। ਪਰ ਪੰਜਾਬੀ ਸਮਾਜ ਵਿਚ ਵੱਡਿਆਂ 'ਤੇ ਅਤੇ ਧਰਮ 'ਤੇ ਕਦੇ ਕੋਈ ਕਿੰਤੂ ਨਾ ਕਰਨ ਦੀ ਸਿੱਖਿਆ ਬਚਪਨ ਤੋਂ ਹੀ ਘੋਟ ਘੋਟ ਕੇ ਬੰਦੇ ਅੰਦਰ ਬਿਠਾਈ ਜਾਂਦੀ ਹੈ।

ਇਸ ਦੇ ਨਾਲ ਹੀ ਪੰਜਾਬੀ ਮਾਨਸਿਕਤਾ 'ਤੇ ਪਹਿਲਾਂ 1947 ਤੇ ਫੇਰ 1980ਵੇਂ ਦਹਾਕੇ ਦੌਰਾਨ ਧਰਮ ਦੇ ਨਾਂ 'ਤੇ ਹੋਈ ਹਿੰਸਾ ਨੇ ਵੀ ਡੂੰਘਾ ਅਸਰ ਪਾਇਆ ਹੈ। ਪੰਜਾਬੀ ਮਨ ਇਸ ਅਸਰ ਥੱਲੇ ਅਚੇਤ ਹੀ ਧਰਮ ਤੇ ਰੱਬ ਦੇ ਮਸਲੇ 'ਤੇ ਬਹਿਸ ਕਰਨ ਤੋਂ ਡਰਦਾ ਹੈ। ਪਰ ਇਹ ਕੋਈ ਸਿਹਤਮੰਦ ਸਥਿਤੀ ਨਹੀਂ ਹੈ। ਜਿੱਥੇ ਹਰ ਧਰਮ ਦੂਜੇ ਧਰਮਾਂ ਦਾ ਮਾਣ ਸਤਿਕਾਰ ਕਰਨ ਦੀ ਰੱਟ ਲਾਈ ਰੱਖਦਾ ਹੈ ਉੱਥੇ ਹੀ ਮੰਨਣ ਵਾਲਿਆਂ ਦੇ ਮਨਾਂ ਅੰਦਰ ਇਹ ਚੇਤਨਾ ਵੀ ਵਸਾਈ ਜਾਂਦੀ ਹੈ ਕਿ ਉਨ੍ਹਾਂ ਦਾ ਧਰਮ ਉੱਤਮ ਹੈ ਅਤੇ ਇਸ ਦੀ ਇਸ ਵਡਿਆਈ ਕਾਰਨ ਹੀ ਇਸ ਨੂੰ ਦੂਜੇ ਧਰਮਾਂ ਤੋਂ ਨਿਰੰਤਰ ਖਤਰਾ ਹੈ। ਹਰ ਧਰਮ ਹਰ ਵੇਲੇ ਇਸ ਆਪੇ ਸਿਰਜੇ ਖਤਰੇ ਤੋਂ ਬਚਾਅ ਕਰਨ ਲਈ ਆਪਣੇ ਕਿਲੇ ਪੱਕੇ ਕਰਦਾ ਰਹਿੰਦਾ ਹੈ। ਆਜ਼ਾਦ ਸੋਚ ਵਾਲੇ ਲੋਕਾਂ ਦੀ ਆਵਾਜ਼ ਵੀ ਇਸ ਬਾਹਰੀ ਖਤਰੇ ਦਾ ਹਿੱਸਾ ਬਣਾ ਕੇ ਪੇਸ਼ ਕੀਤੀ ਜਾਂਦੀ ਹੈ। ਸਿੱਖ ਧਰਮ ਨੂੰ ਖਤਰੇ ਦਾ ਝੰਡਾ ਲਹਿਰਾਉਣ ਵਾਲੇ ਲੋਕ ਆਜ਼ਾਦ ਖਿਆਲ ਖੱਬੀ ਲਹਿਰ ਦੇ ਲੋਕਾਂ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦੇ ਹਨ ਅਤੇ ਅੱਸੀਵਿਆਂ ਦੌਰਾਨ ਇਸ ਸੋਚ 'ਤੇ ਅਮਲ ਵੀ ਕਰਦੇ ਰਹੇ ਹਨ। ਇਸ ਸਥਿਤੀ ਦਾ ਨਤੀਜਾ ਇਹ ਹੈ ਕਿ ਆਜ਼ਾਦ ਸੋਚ ਰੱਖਣ ਵਾਲੇ ਬਹੁਤ ਘੱਟ ਚਿੰਤਕ ਤੇ ਲੇਖਕ ਲੋਕਾਂ ਦੇ ਰੱਬ ਵਿਚ ਵਿਸ਼ਵਾਸ ਜਾਂ ਧਰਮ 'ਤੇ ਸਿੱਧੀ ਚੋਟ ਕਰਨ ਬਾਰੇ ਸੋਚਦੇ ਹਨ।

ਸਾਹਿਤ ਤੇ ਸਿਆਸਤ ਵਾਂਗ ਹੀ ਮੀਡੀਏ ਤੇ ਲੋਕ-ਸਭਿਆਚਾਰ ਜਾਂ 'ਪਾਪੂਲਰ ਕਲਚਰ' ਤੋਂ ਵੀ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਲੋਕਾਂ ਦੀ ਸੋਚ ਵਿਚ ਨਵੇਂ ਵਿਚਾਰਾਂ ਦਾ ਟੀਕਾ ਲਾਵੇ। ਪਰ ਹੋ ਇਸ ਤੋਂ ਉਲਟ ਰਿਹਾ ਹੈ। ਪੰਜਾਬੀ ਅਖਬਾਰਾਂ ਧਾਰਮਿਕ ਲੇਖਾਂ ਨਾਲ ਭਰੀਆਂ ਹੁੰਦੀਆਂ ਹਨ। ਇਹ ਲੇਖ ਮੁੱਖ ਤੌਰ 'ਤੇ ਧਰਮ ਅਤੇ ਧਾਰਮਿਕ ਆਗੂਆਂ ਦੇ ਗੁਣ ਗਾਉਣ ਵਾਲੇ ਹੁੰਦੇ ਹਨ। ਰੱਬ ਵਿਚ ਵਿਸ਼ਵਾਸ ਦੀ ਜਾਂ ਧਰਮ ਦੀ ਅਲੋਚਨਾ ਨਾ ਮਾਤਰ ਹੀ ਦਿਸਦੀ ਹੈ। ਪੰਜਾਬੀ ਫਿਲਮ ਤੇ ਪੰਜਾਬੀ ਗੀਤ ਸੰਗੀਤ ਵਿਚ ਵਿਸ਼ੇਸ਼ ਕਰਕੇ ਧਰਮ ਦਾ ਅਸਰ ਪ੍ਰਤੱਖ ਦੇਖਿਆ ਜਾ ਸਕਦਾ ਹੈ। ਗੁਰਦਾਸ ਮਾਨ ਤੇ ਹਰਭਜਨ ਮਾਨ ਵਰਗੇ ਲੋਕਪ੍ਰੀਯ ਗਾਇਕ ਤੇ ਫਿਲਮੀ ਅਦਾਕਾਰਾਂ ਦੇ ਗੀਤ ਤੇ ਫਿਲਮਾਂ ਹੀ ਨਹੀਂ ਸਗੋਂ ਉਨ੍ਹਾਂ ਦੀ ਆਮ ਗੱਲਬਾਤ ਵੀ ਧਰਮ ਤੇ ਰੱਬ ਦੇ ਵੇਰਵਿਆਂ ਨਾਲ ਭਰੀ ਹੁੰਦੀ ਹੈ। ਸਾਰੇ ਵੱਡੇ ਵੱਡੇ ਗਾਇਕ ਆਪਣਾ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਧਾਰਮਿਕ ਗੀਤ ਗਾਉਂਦੇ ਹਨ ਤੇ ਧਾਰਮਿਕ ਲਿਬਾਸਾਂ ਵਿਚ ਤਸਵੀਰਾਂ ਵਾਲੀਆਂ ਸੀਡੀਆਂ ਤੇ ਐਲਬਮਾਂ ਕੱਢਦੇ ਹਨ। ਕਨੇਡਾ ਵਿਚ ਚਲਦੇ ਸਾਰੇ ਦੇ ਸਾਰੇ ਪੰਜਾਬੀ ਟੈਲੀਵਿਯਨ ਪ੍ਰੋਗਰਾਮ ਧਾਰਮਿਕ ਸ਼ਬਦ ਨਾਲ ਸ਼ੁਰੂ ਹੁੰਦੇ ਹਨ। ਜਿੱਥੇ ਹੋਰ ਬਹੁਤ ਸਾਰੇ ਸਮਾਜਾਂ ਵਿਚ ਗੀਤ ਸੰਗੀਤ ਕਈ ਵਾਰੀ ਵਿਦਰੋਹੀ ਲਹਿਰਾਂ ਨੂੰ ਸ਼ੁਰੂ ਕਰਨ ਤੇ ਲੋਕਾਂ ਵਿਚ ਮਸ਼ਹੂਰ ਕਰਨ ਵਿਚ ਵੱਡਾ ਯੋਗਦਾਨ ਪਾਉਂਦੇ ਹਨ ਉੱਥੇ ਅਜੋਕੇ

ਸਮੇਂ ਪੰਜਾਬੀ ਗੀਤ ਸੰਗੀਤ ਸਿਰਫ ਜਾਤੀ ਮਸ਼ਹੂਰੀ ਤੇ ਪੈਸਾ ਕਮਾਉਣ ਤੱਕ ਹੀ ਸੀਮਤ ਹੈ। ਕੁਝ ਗਾਇਕ ਤੇ ਕਮੇਡੀਅਨ ਜਦੋਂ ਇਸ ਸਬੰਧ ਵਿਚ ਕੁਝ ਅਲੋਚਨਾਤਮਿਕ ਵੀ ਕਹਿੰਦੇ ਕਰਦੇ ਹਨ ਤਾਂ ਉਹ ਵੀ ਬਹੁਤੀ ਵਾਰੀ ਧਰਮ ਵਿਚ ਆਏ ਨਿਗ੍ਹਾਰ ਵੱਲ ਹੀ ਕੇਂਦਰਿਤ ਹੁੰਦਾ ਹੈ, ਖ਼ੁਦ ਧਰਮ ਦੇ ਨਾਂਹਪੱਖੀ ਕਿਰਦਾਰ ਵੱਲ ਨਹੀਂ। ਗਾਇਕਾਂ ਵਾਂਗ ਹੀ ਭੰਗੜਾ ਪਾਉਣ ਵਾਲੇ ਸਟੇਜ 'ਤੇ ਚੜ੍ਹਨ ਵੇਲੇ ਪਹਿਲਾਂ ਮੱਥਾ ਟੇਕਦੇ ਹਨ। ਇਸੇ ਤਰ੍ਹਾਂ ਹਰ ਕਿਸਮ ਦੇ ਖਿਡਾਰੀ ਤੇ ਖਿਡਾਰੀਆਂ ਦੀਆਂ ਟੀਮਾਂ ਖੇਡ ਸ਼ੁਰੂ ਕਰਨ ਤੋਂ ਪਹਿਲਾਂ ਰੱਬ ਦਾ ਨਾਂਅ ਲੈਣਾ ਜ਼ਰੂਰੀ ਸਮਝਦੇ ਹਨ। ਕਬੱਡੀ ਖਿਡਾਰੀ ਮੱਥਾ ਟੇਕ ਕੇ ਹੀ ਗਰਾਊਂਡ ਵਿਚ ਵੜਦੇ ਹਨ ਤੇ ਮੈਚ ਜਿੱਤਣ ਬਾਅਦ ਰੱਬ ਦਾ ਧੰਨਵਾਦ ਕਰਨ ਤੋਂ ਕਦੇ ਪਿੱਛੇ ਨਹੀਂ ਰਹਿੰਦੇ। ਬਹੁਤੇ ਪੰਜਾਬੀ ਤਾਂ ਗੰਭੀਰ ਜਾਂ ਗੈਰ-ਗੰਭੀਰ ਰੌਅ 'ਚ ਸ਼ਰਾਬ ਪੀਣ ਵੇਲੇ ਵੀ ਪਹਿਲਾਂ ਰੱਬ ਨੂੰ ਧਿਆਉਂਦੇ ਦੇਖੇ ਜਾ ਸਕਦੇ ਹਨ।

ਸਦਾਚਾਰਕ ਪੱਖੋਂ ਰੱਬ ਦਾ ਡਰ ਤੇ ਧਰਮ ਦੀ ਲੋੜ ਵੀ ਪੰਜਾਬੀ ਸਮਾਜ ਵਿਚ ਇਕ ਅਟੱਲ ਸਚਾਈ ਵਜੋਂ ਲਈ ਜਾਂਦੀ ਹੈ। ਇਹ ਵਿਸ਼ਵਾਸ ਬਹੁਤ ਪੱਕਾ ਹੈ ਕਿ ਧਰਮ ਤੇ ਰੱਬ ਦੇ ਡਰ ਬਿਨਾਂ ਕੋਈ ਵੀ ਵਿਅਕਤੀ ਚੰਗਾ ਹੋ ਹੀ ਨਹੀਂ ਸਕਦਾ। ਪਰ ਵਿਗਿਆਨਕ ਦ੍ਰਿਸ਼ਟੀ ਨਾਲ ਦੇਖਿਆਂ ਇਹ ਵਿਚਾਰ ਇਕ ਅੰਧ ਵਿਸ਼ਵਾਸ ਤੋਂ ਵਾਧੂ ਨਹੀਂ। ਪੰਜਾਬੀ ਸਮਾਜ ਵਿਚ ਹੀ ਨਹੀਂ ਪੱਛਮੀ ਸਮਾਜਾਂ ਵਿਚ ਵੀ ਇਸ ਵਿਸ਼ਵਾਸ ਦਾ ਕਾਫੀ ਅਸਰ ਹੈ। ਬਹੁਤ ਸਾਰੇ ਚਿੰਤਕਾਂ ਨੇ (ਜਿਨ੍ਹਾਂ ਵਿਚ ਆਈਨਸਟਾਈਨ, ਬਰਟਰੈਂਡ ਰਸਲ ਤੇ ਰਿਚਰਡ ਡਾਕਿੰਨਜ਼ ਅਤੇ ਹੋਰ ਬਹੁਤ ਸਾਰੇ ਲੋਕਾਂ ਦਾ ਨਾਂਅ ਲਿਆ ਜਾ ਸਕਦਾ ਹੈ) ਇਸ ਨੂੰ ਵਿਗਿਆਨਕ ਨਜ਼ਰੀਏ ਨਾਲ ਰੱਦ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਕ ਸਮੂਹ ਵਿਚ ਵਿਚਰਨ ਲਈ ਇਨਸਾਨ ਵਿਚ ਕੁਦਰਤੀ ਲੋੜ ਵਜੋਂ ਚੰਗਿਆਈ ਦਾ ਮਾਦਾ ਹੁੰਦਾ ਹੈ। ਧਰਮ ਜਾਂ ਰੱਬ ਇਨਸਾਨ ਨੂੰ ਚੰਗਾ ਬਣਾਉਣ ਦੀ ਥਾਂ ਸਗੋਂ ਉਸ ਦੇ ਚੰਗਾ ਬਣਨ ਦੇ ਰਾਹ ਵਿਚ ਰੋੜਾ ਬਣਦੇ ਹਨ। ਹਰ ਧਾਰਮਿਕ ਬੰਦਾ ਆਪਣੇ ਨਜ਼ਰੀਏ ਨੂੰ ਠੀਕ ਠਹਿਰਾਉਂਦਾ ਹੈ ਤੇ ਦੂਜਿਆਂ ਦੇ ਨਜ਼ਰੀਏ ਨੂੰ ਗਲਤ ਹੀ ਨਹੀਂ ਸਗੋਂ ਆਪਣੇ ਨਾਲੋਂ ਘਟੀਆ ਵੀ ਸਮਝਦਾ ਹੈ। ਇਸ ਨਾਲ ਉਹ ਮਨੁੱਖਤਾ ਦੇ ਵੱਡੇ ਹਿੱਸੇ ਨੂੰ ਆਪਣੇ ਬਰਾਬਰ ਦਾ ਨਹੀਂ ਸਮਝਦਾ। ਅਜਿਹੇ ਇਨਸਾਨ ਨੂੰ ਕਿਸੇ ਵੀ ਪੱਖੋਂ ਚੰਗਾ ਨਹੀਂ ਕਿਹਾ ਜਾ ਸਕਦਾ। ਹਰ ਧਰਮ ਵਿਚ ਮੁੱਖ ਧਾਰਾ ਦੇ ਨਾਲ ਨਾਲ ਅਨੇਕਾਂ ਵੱਖਰੇ ਵੱਖਰੇ ਨਜ਼ਰੀਏ ਰੱਖਣ ਵਾਲੇ ਸਮੂਹ ਹੁੰਦੇ ਹਨ। ਉਦਾਹਰਨ ਵਜੋਂ, ਇਕ ਅੰਦਾਜ਼ੇ ਅਨੁਸਾਰ ਇਕੱਲੇ ਇਸਾਈ ਮੱਤ ਵਿਚ ਕੋਈ 34,000 ਵੱਖਰੇ ਵੱਖਰੇ ਨਜ਼ਰੀਏ ਰੱਖਣ ਵਾਲੇ ਸਮੂਹ ਹਨ ਜਿਹੜੇ ਆਪਣੇ ਮੁਕਾਬਲੇ ਦੂਜਿਆਂ ਨੂੰ ਗਲਤ ਸਮਝਦੇ ਹਨ। ਦੂਜੇ ਧਰਮਾਂ ਦਾ ਵੀ ਇਹੀ ਹਾਲ ਹੈ। ਇਨ੍ਹਾਂ ਧਰਮਾਂ ਦੀ ਮੁੱਖ ਧਾਰਾ ਜਾਂ ਸਾਰੇ ਸਮੂਹ ਦੂਜਿਆਂ ਨੂੰ ਕੁਰਾਹੇ ਪਈ ਸੰਪਰਦਾਇ ਜਾਂ ਕਲਟ ਸਮਝਦੀ ਹੈ। ਆਮ ਪਰਿਭਾਸ਼ਾ ਅਨੁਸਾਰ ਕਲਟ ਜਾਂ ਸੰਪਰਦਾਇ ਉਹ ਧਾਰਮਿਕ ਨਜ਼ਰੀਆ ਹੁੰਦਾ ਹੈ ਜਿਸ ਕੋਲ ਸਿਆਸੀ ਤਾਕਤ ਨਾ ਹੋਵੇ। ਸਿਆਸੀ ਤਾਕਤ ਹਥਿਆਉਣ ਲਈ ਹਰ ਸੰਪਰਦਾਇ ਆਪਣੀ ਅੱਡੀ ਚੋਟੀ ਦਾ ਜ਼ੋਰ ਲਾਉਂਦੀ ਹੈ। ਇਸ ਪੱਖੋਂ ਦੇਖਿਆਂ ਧਰਮ ਇਨਸਾਨ ਨੂੰ ਚੰਗਾ ਬਣਾਉਣ ਦੀ ਥਾਂ ਸਗੋਂ ਮਾੜਾ ਬਣਾਉਣ ਦਾ ਕਾਰਜ ਕਰਦਾ ਹੈ।

## ਨਾਸਤਿਕਤਾ ਬਾਰੇ ਗੱਲ ਕਰਨ ਦੀ ਕਿਉਂ ਲੋੜ ਹੈ?

ਸਦੀਆਂ ਤੋਂ ਚਲੀ ਆਉਂਦੀ ਆਰਥਿਕ ਤੇ ਸਮਾਜਿਕ ਅਸੁਰੱਖਿਆ ਤੇ ਗੁਲਾਮੀ ਦੇ ਅਸਰ ਕਾਰਨ ਬਹੁਤੇ ਭਾਰਤੀ ਤੇ ਪੰਜਾਬੀ ਲੋਕ ਜਿਸ ਤਰ੍ਹਾਂ ਵੀ ਸੰਭਵ ਹੋ ਸਕੇ ਆਪਣਾ 'ਕੰਮ ਕੱਢਣਾ ਚਾਹੁੰਦੇ ਹਨ'। ਭ੍ਰਿਸ਼ਟਾਚਾਰ ਉਨ੍ਹਾਂ ਦੇ ਜੀਵਨ ਦਾ ਅਟੁੱਟ ਹਿੱਸਾ ਹੋ ਗਿਆ ਹੈ। ਚੇਤਨ ਲੋਕਾਂ ਨੂੰ ਵੀ ਹਰ ਪਾਸੇ ਫੈਲਿਆ ਭ੍ਰਿਸ਼ਟਾਚਾਰ ਦਿੱਸਦਾ ਤਾਂ ਹੈ ਪਰ ਇਹ ਇਸ ਕਦਰ ਤੰਗ ਨਹੀਂ ਕਰਦਾ ਕਿ ਇਸ ਨੂੰ ਸਹਿਣ ਨਾ ਕਰ ਸਕਣ। ਆਮ ਪੰਜਾਬੀ ਲੋਕਾਂ ਵਿਚ ਸਮਾਜਿਕ ਸੂਝ ਤੇ ਜ਼ਿੰਮੇਵਾਰੀ ਦਾ ਅਹਿਸਾਸ ਬਹੁਤ ਘੱਟ ਨਜ਼ਰ ਆਉਂਦਾ ਹੈ। ਇਸ ਦੇ ਮੁਕਾਬਲੇ ਅਜੋਕੀ ਦੁਨੀਆਂ ਦੇ ਜਿਹੜੇ ਸਮਾਜ ਧਰਮ ਨੂੰ ਸਿਆਸਤ ਤੋਂ ਅਤੇ ਵਿਦਿਆ ਵਰਗੇ ਸਰਕਾਰੀ ਤੇ ਗੈਰ-ਸਰਕਾਰੀ ਅਦਾਰਿਆ ਤੋਂ ਦੂਰ ਰੱਖਣ ਵਿਚ ਕਾਮਯਾਬ ਹਨ, ਉਹ ਨਿਰਸੰਦੇਹ ਮਨੁੱਖ ਦੇ ਰਹਿਣ ਲਈ ਬੇਹਤਰ ਹਨ। ਉਨ੍ਹਾਂ ਦੇ ਨਾਲ ਪੰਜਾਬੀ ਜਾਂ ਭਾਰਤੀ ਸਮਾਜ ਦਾ ਮੁਕਾਬਲਾ ਕਰਨ 'ਤੇ ਫਰਕ ਸਾਫ ਨਜ਼ਰ ਆਉਂਦਾ ਹੈ। ਮਨੁੱਖ ਨੇ ਹੁਣ ਤੱਕ ਜੋ ਵਿਕਾਸ ਕੀਤਾ ਹੈ ਉਸ ਵਿਚ ਵਿਸ਼ੇਸ਼ ਕਰਕੇ ਵਿਗਿਆਨ ਨੇ ਪਿਛਲੇ ਤਿੰਨ ਚਾਰ ਸੌ ਸਾਲ ਵਿਚ ਵੱਡਾ ਰੋਲ ਨਿਭਾਇਆ ਹੈ, ਭਾਵੇਂ ਵੱਖਰੇ ਵੱਖਰੇ ਕਾਰਨਾਂ ਵੱਸ ਇਹ ਵਿਕਾਸ ਸਾਰੇ ਦਾ ਸਾਰਾ ਹਾਂ-ਪੱਖੀ ਨਹੀਂ ਹੈ। ਇਸ ਮਨੁੱਖੀ ਵਿਕਾਸ ਵਿਚ ਧਰਮ ਨੇ ਪੈਰ ਪੈਰ 'ਤੇ ਵਿਗਿਆਨ ਨਾਲ ਆਢਾ ਲਿਆ ਹੈ। ਬਰਤਾਨਵੀਂ ਚਿੰਤਕ ਬਰਟਰੈਂਡ ਰੱਸਲ ਅਨੁਸਾਰ:

> "ਚਾਰ ਸੌ ਸਾਲਾਂ ਵਿਚ ਵਿਗਿਆਨ ਦੇ ਵਾਧੇ ਨੇ ਹੌਲੀ ਹੌਲੀ ਮਨੁੱਖਾਂ ਨੂੰ ਦਿਖਾਇਆ ਹੈ ਕਿ ਕੁਦਰਤ ਦੇ ਵਰਤਾਰਿਆਂ ਬਾਰੇ ਕਿਸ ਤਰ੍ਹਾਂ ਗਿਆਨ ਹਾਸਿਲ ਕਰਨਾ ਹੈ ਅਤੇ ਕੁਦਰਤੀ ਸ਼ਕਤੀਆਂ ਉੱਪਰ ਕਿਸ ਤਰ੍ਹਾਂ ਸਰਦਾਰੀ ਕਾਇਮ ਕਰਨੀ ਹੈ, ਇਸ ਸਮੇਂ ਦੌਰਾਨ ਪਾਦਰੀਆਂ ਨੇ ਵਿਗਿਆਨ ਦੇ ਵੱਖਰੇ ਵੱਖਰੇ ਖੇਤਰਾਂ, ਤਾਰਾ-ਵਿਗਿਆਨ ਤੇ ਭੂ-ਵਿਗਿਆਨ ਵਿਚ, ਸਰੀਰ-ਰਚਨਾ-ਵਿਗਿਆਨ (ਅਨਾਟਮੀ) ਤੇ ਸਰੀਰ-ਕ੍ਰਿਆਵਿਗਿਆਨ (ਫਿਜ਼ੀਔਲੋਜੀ) ਵਿਚ, ਜੀਵ-ਵਿਗਿਆਨ ਤੇ ਮਨੋਵਿਗਿਆਨ ਵਿਚ ਅਤੇ ਸਮਾਜਿਕ ਵਿਗਿਆਨ ਵਿਰੁੱਧ ਹਾਰਨ ਵਾਲੀ ਲੜਾਈ ਲੜੀ ਹੈ। ਹਰ ਵਾਰੀ ਇਕ ਥਾਂ ਤੋਂ ਬਾਹਰ ਕੱਢੇ ਜਾਣ 'ਤੇ ਉਨ੍ਹਾਂ ਦੂਜੀ ਥਾਂ ਮੋਰਚਾ ਲਾਇਆ। ਤਾਰਾ-ਵਿਗਿਆਨ ਵਿੱਚੋਂ ਭਾਂਜ ਖਾ ਕੇ ਉਨ੍ਹਾਂ ਭੂ-ਵਿਗਿਆਨ ਨੂੰ ਅੱਗੇ ਵਧਣ ਤੋਂ ਰੋਕਣ ਲਈ ਆਪਣੀ ਪੂਰੀ ਵਾਹ ਲਾਈ; ਉਨ੍ਹਾਂ ਨੇ ਜੀਵ-ਵਿਗਿਆਨ ਵਿਚ ਡਾਰਵਿਨ ਵਿਰੁੱਧ ਲੜਾਈ ਕੀਤੀ ਅਤੇ ਅਜੋਕੇ ਸਮੇਂ ਉਹ ਮਨੋਵਿਗਿਆਨ ਅਤੇ ਵਿਦਿਆ ਸਬੰਧੀ ਵਿਗਿਆਨਕ ਸਿਧਾਂਤਾਂ ਵਿਰੁੱਧ ਲੜਦੇ ਹਨ।"[6]

---

[6] Bertrand Russel - the Portable Atheist - p.183

ਸੋਲਵੀਂ ਸਤਾਰਵੀਂ ਸਦੀ ਦੌਰਾਨ ਧਰਤੀ ਸੂਰਜ ਦੁਆਲੇ ਘੁੰਮਦੀ ਹੋਣ ਦਾ ਦਾਅਵਾ ਕਰਨ ਵਾਲੇ ਗਲੀਲੀਓ ਨੂੰ ਸਜ਼ਾ ਦੇਣ ਬਦਲੇ ਰੋਮਨ ਕੈਥੋਲਿਕ ਪੋਪ ਨੇ ਹੁਣ 1992 ਵਿਚ ਇਸ ਗੱਲ ਦੀ ਮੁਆਫੀ ਮੰਗੀ ਹੈ। ਭਾਵੇਂ ਧਰਮ ਤੇ ਵਿਗਿਆਨ ਦੀ ਇਹ ਲੜਾਈ ਮੁੱਖ ਤੌਰ 'ਤੇ ਯੂਰਪ ਵਿਚ ਹੋਈ ਪਰ ਇਸ ਦਾ ਫਾਇਦਾ ਸਾਰੀ ਦੁਨੀਆ ਨੂੰ ਹੋਇਆ ਤੇ ਹੋ ਰਿਹਾ ਹੈ; ਪੰਜਾਬੀ ਸਮਾਜ ਨੂੰ ਵੀ। ਪਰ ਪੰਜਾਬ ਵਿਚ ਜਿੱਥੇ ਵਿਗਿਆਨ ਨਾਲ ਪ੍ਰਾਪਤ ਹੋਈ ਹਰ ਸਹੂਲਤ ਨੂੰ ਤਾਂ ਵਰਤਿਆ ਜਾ ਰਿਹਾ ਹੈ ਉੱਥੇ ਆਮ ਜੀਵਨ ਵਿਚ ਵਿਗਿਆਨਕ ਵਿਚਾਰਾਂ ਜਾਂ ਤਰਕ ਨੂੰ ਅਪਨਾਉਣ ਤੋਂ ਕੰਨੀ ਕਤਰਾਈ ਜਾ ਰਹੀ ਹੈ। ਪੰਜਾਬੀ ਦੇ ਬਹੁ ਗਿਣਤੀ ਲੋਕ ਅਤੇ ਲੇਖਕ ਵੀ ਇਨ੍ਹਾਂ ਸਵਾਲਾਂ ਤੋਂ ਦੂਰ ਰਹਿੰਦੇ ਹਨ। ਉਹ ਸਮਝਦੇ ਹਨ ਕਿ ਹੋਰ ਬਹੁਤ ਸਾਰੇ ਮਸਲੇ ਹਨ ਜਿਨ੍ਹਾਂ ਬਾਰੇ ਲਿਖਿਆ ਵਿਚਾਰਿਆ ਜਾਣਾ ਚਾਹੀਦਾ ਹੈ। ਕਾਹਦੇ ਲਈ ਇਸ ਗੁੰਝਲਦਾਰ ਤੇ ਸ਼ਾਇਦ 'ਖਤਰਨਾਕ' ਝਮੇਲੇ 'ਚ ਪਿਆ ਜਾਵੇ? ਕੀ ਇਸ ਬਿਨ੍ਹਾਂ ਸਰਦਾ ਨਹੀਂ? ਪਹਿਲਾਂ ਹੀ ਸਮਾਜ ਵਿਚ ਬੇਹੱਦ ਬੇਲੋੜੀਆਂ ਵੰਡੀਆਂ ਪਈਆਂ ਹੋਈਆਂ ਹਨ ਰੱਬ ਦੇ ਹੋਣ ਜਾਂ ਨਾ ਹੋਣ ਦੇ ਮਸਲੇ 'ਤੇ ਹੋਰ ਝਮੇਲੇ ਕਿਉਂ ਖੜ੍ਹੇ ਕੀਤੇ ਜਾਣ। ਉਨ੍ਹਾਂ ਦੀਆਂ ਇਹ ਗੱਲਾਂ ਸ਼ਾਇਦ ਕੁਝ ਹੱਦ ਤੱਕ ਸਹੀ ਹੋਣ ਪਰ ਮਸਲਾ ਇਹ ਹੈ ਕਿ ਸਾਡੇ ਸਮਾਜ ਦੀਆਂ ਬਹੁਤੀਆਂ ਸਮੱਸਿਆਵਾਂ ਜੋ ਲੰਮੇ ਸਮੇਂ ਤੋਂ ਸੁਧਰਨ ਵਿਚ ਨਹੀਂ ਆ ਰਹੀਆਂ, ਉਨ੍ਹਾਂ ਦੀ ਜੜ੍ਹ ਇਸ ਸਵਾਲ ਨਾਲ ਜੁੜੀ ਹੋਈ ਹੈ। ਜੇ ਅਸੀਂ ਸੱਚ ਮੁੱਚ ਗੰਭੀਰਤਾ ਨਾਲ ਇਸ ਗੱਲ ਦੀ ਖਾਹਿਸ਼ ਰੱਖਦੇ ਹਾਂ ਕਿ ਸਾਡਾ ਸਮਾਜ ਵੀ ਇਕ ਸਿਹਤਮੰਦ ਤੇ ਹੱਸਦਾ ਖੇਲਦਾ ਸਮਾਜ ਹੋਵੇ ਤਾਂ ਸਾਨੂੰ ਉਨ੍ਹਾਂ ਸਮਾਜਾਂ ਦਾ ਧਿਆਨ ਨਾਲ ਅਧਿਅਨ ਕਰਨ ਦੀ ਲੋੜ ਹੈ ਜਿੱਥੇ ਧਰਮ ਨੂੰ ਸਿਆਸਤ ਤੇ ਹੋਰ ਅਦਾਰਿਆਂ ਤੋਂ ਦੂਰੀ 'ਤੇ ਰੱਖਿਆ ਗਿਆ ਹੈ।

ਪੰਜਾਬੀ ਭਾਈਚਾਰੇ ਨੂੰ ਭਾਵੇਂ ਇਕ ਵਿਕਾਸਸ਼ੀਲ ਅਧੁਨਿਕ ਸਨਅਤੀ ਸਮਾਜ ਤਾਂ ਨਹੀਂ ਕਿਹਾ ਜਾ ਸਕਦਾ ਪਰ ਇਹ ਦੁਨੀਆ ਦੇ ਇਸ ਸਥਿਤੀ ਵਿਚਲੇ ਹੋਰ ਬਹੁਤ ਸਾਰੇ ਸਮਾਜਾਂ ਤੋਂ ਕਈ ਪੱਖਾਂ ਤੋਂ ਵੱਖਰਾ ਹੈ। ਸਿੱਖ ਧਰਮ ਮੁਕਾਬਲਤਨ ਨਵਾਂ ਧਰਮ ਹੈ ਤੇ ਇਸ ਵਿਚ ਦੂਜੇ ਧਰਮਾਂ ਦੇ ਮੁਕਾਬਲੇ ਵਹਿਮਾਂ ਭਰਮਾਂ ਜਾਂ ਮਿੱਥਾਂ ਦਾ ਉਸ ਕਿਸਮ ਦਾ ਅਧਾਰ ਨਹੀਂ ਹੈ। ਲੋਕਾਂ ਦੇ ਮਨਾਂ ਉੱਪਰ ਧਰਮ ਦੀ ਪਕੜ ਵੀ ਦੂਜੇ ਸਮਾਜਾਂ ਜਿੰਨੀ ਪੱਕੀ ਨਹੀਂ ਹੈ। ਵੀਹਵੀਂ ਸਦੀ ਦੌਰਾਨ ਪੰਜਾਬ ਤੋਂ ਬਾਹਰ ਆਏ ਲੋਕਾਂ ਵਲੋਂ ਸਨਅਤੀ ਮੁਲਕਾਂ ਵਿਚ ਵਾਸ ਕਰਨ ਨਾਲ ਪੰਜਾਬ ਦੀ ਆਰਥਿਕਤਾ ਤੇ ਮਾਨਸਿਕਤਾ 'ਤੇ ਪ੍ਰਤੱਖ ਅਸਰ ਪਏ ਹਨ। ਇਨ੍ਹਾਂ ਅਸਰਾਂ ਕਾਰਨ ਪੰਜਾਬੀ ਦੇ ਅਧੁਨਿਕ ਸਾਹਿਤ ਵਿਚ ਅਗਾਂਹਵਧੂ ਸੁਰ ਭਾਰੂ ਰਹੀ ਹੈ। ਪਰ ਇਸ ਦੇ ਬਾਵਜੂਦ, ਪਹਿਲਾਂ ਵਿਚਾਰੇ ਗਏ ਕਾਰਨਾਂ ਵੱਸ ਪਿਛਲੇ ਕੁਝ ਦਹਾਕਿਆਂ ਦੌਰਾਨ ਪੰਜਾਬੀਆਂ ਦੀ ਸੋਚ ਅੱਗੇ ਵਧਣ ਦੀ ਥਾਂ ਪਿਛਾਂਹ ਨੂੰ ਪਰਤਦੀ ਪ੍ਰਤੀਤ ਹੁੰਦੀ ਹੈ। ਜਿੱਥੇ ਪੰਜਾਬੀ ਭਾਈਚਾਰਾ ਜੀਵਨ ਦੇ ਬਹੁਤ ਸਾਰੇ ਪਹਿਲੂਆਂ ਵਿਚ ਦੁਨੀਆ ਦੇ ਬਾਕੀ ਭਾਈਚਾਰਿਆਂ ਦੇ ਬਰਾਬਰ ਖੜ੍ਹਦਾ ਹੈ ਉੱਥੇ ਬੌਧਿਕ ਪੱਖੋਂ ਇਸ ਦੀ ਗਰੀਬੀ ਸ਼ਰੇਆਮ ਨਜ਼ਰ ਆਉਂਦੀ ਹੈ, ਜਿਸ ਦਾ ਮੁੱਖ ਕਾਰਨ ਧਰਮ ਵਲਾਂ ਬੇਲੋੜਾ ਧਿਆਨ ਜਾਪਦਾ ਹੈ। ਧਰਮ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਤੇ

ਨਾ ਹੀ ਇਸ ਕਿਸਮ ਦੀ ਖਾਹਿਸ਼ ਜਾਂ ਕੋਸ਼ਸ਼ ਹੋਣੀ ਚਾਹੀਦੀ ਹੈ। ਮਸਲਾ ਸਮਾਜ ਵਿਚ ਸੰਤੁਲਨ ਪੈਦਾ ਕਰਨ ਦਾ ਹੈ ਜੋ ਇਸ ਵੇਲੇ ਨਜ਼ਰ ਨਹੀਂ ਆ ਰਿਹਾ।

ਧਰਮ ਦੀ ਪੈਦਾਇਸ਼ ਦੇ ਦੋ ਕਾਰਨ ਦੇਖੇ ਜਾ ਸਕਦੇ ਹਨ। ਇਕ ਤਾਂ ਵਿਗਿਆਨਕ ਸੂਝ ਤੋਂ ਪਹਿਲਾਂ ਸੰਸਾਰ ਦੀ ਉਤਪਤੀ ਤੇ ਕੁਦਰਤੀ ਵਰਤਾਰਿਆਂ, ਮੀਂਹ/ਸੋਕਾ, ਬੱਦਲਾਂ ਦੀ ਗੜਕ, ਬਿਜਲੀ ਦੀ ਚਮਕ, ਭੁਚਾਲ, ਜਨਮ, ਮੌਤ, ਮਨੁੱਖੀ ਸਰੀਰ ਨੂੰ ਲੱਗਦੀਆਂ ਬੀਮਾਰੀਆਂ ਆਦਿ ਬਾਰੇ ਜਾਨਣ ਦੀ ਖਾਹਿਸ਼ ਵਿੱਚੋਂ ਰੱਬ ਦੇ ਸੰਕਲਪ ਨੇ ਜਨਮ ਲਿਆ। ਮਨੁੱਖੀ ਸੋਚ ਦੇ ਵਿਕਾਸ ਦੇ ਇਕ ਪੜਾਅ ’ਤੇ ਉਹਨੂੰ ਲੱਗਾ ਕਿ ਇਹ ਸਭ ਕੁਝ ਕੋਈ ਵੱਡੀ ਅਣਦਿਸਦੀ ਤਾਕਤ ਕਰ ਕਰਵਾ ਰਹੀ ਹੈ। ਇਸ ਤਾਕਤ ਨੂੰ ਉਹਨੇ ਰੱਬ ਦਾ ਨਾਂਅ ਦਿੱਤਾ। ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਉਹਨੇ ਇਸ ਤਾਕਤ ਨੂੰ ਖੁਸ਼ ਕਰਨ ਲਈ ਅਰਦਾਸ ਤੇ ਬਲ਼ੀ ਆਦਿ ਦੀਆਂ ਰਸਮਾਂ ਹੋਂਦ ਵਿਚ ਲਿਆਂਦੀਆਂ। ਰੱਬ ਦੀ ਖੁਸ਼ੀ ਤੇ ਕ੍ਰੋਪੀ ਦੇ ਅੰਦਾਜ਼ੇ ਲਾ ਕੇ ਉਸ ਦੀ ਮਰਜ਼ੀ ਅਨੁਸਾਰ ਚੱਲਣ ਲਈ ਕੁਝ ਨਿਯਮ ਕਾਇਮ ਕੀਤੇ। ਇਨ੍ਹਾਂ ਵਿਚਾਰਾਂ, ਰਸਮਾਂ ਤੇ ਨਿਯਮਾਂ ਦੇ ਸਮੂਹ ਨੂੰ ਧਰਮ ਦਾ ਨਾਂਅ ਦਿੱਤਾ। ਇਸ ਅਦਾਰੇ ਨੂੰ ਚਲਾਉਣ ਵਾਲੇ ਸਮਾਜ ਦੀ ਸਥਾਪਤੀ ਦਾ ਹਿੱਸਾ ਬਣੇ। ਸਥਾਪਤੀ ਸਮਾਜ ਵਿਚ ਸਦਾ ਤਾਕਤਵਰ ਲੋਕਾਂ ਦੇ ਹੱਕ ਵਿਚ ਭੁਗਤਦੀ ਹੈ ਜੋ ਗਿਣਤੀ ਵਿਚ ਥੋੜ੍ਹੇ ਹੁੰਦੇ ਹਨ ਤੇ ਬਹੁ ਗਿਣਤੀ ਲੋਕਾਂ ਨੂੰ ਆਪਣੇ ਹੱਕਾਂ ਵਾਸਤੇ ਸਥਾਪਤੀ ਵਿਰੁੱਧ ਜਥੇਬੰਦ ਹੋਣਾ ਪੈਂਦਾ ਹੈ। ਸਨਅਤੀ ਇੰਨਕਲਾਬ ਤੋਂ ਪਹਿਲਾਂ ਲੋਕਾਂ ਦੇ ਸੰਘਰਸ਼ਾਂ ਨੇ ਧਾਰਮਿਕ ਰੂਪ ਹੀ ਅਖਤਿਆਰ ਕੀਤੇ ਅਤੇ ਨਤੀਜੇ ਵਜੋਂ ਦੂਜੇ ਧਰਮ ਹੋਂਦ ਵਿਚ ਆਏ। ਇਸਾਈ ਮੱਤ ਵਿਚ ਪਰੋਟੈਸਟੈਂਟ ਲਹਿਰ ਤੇ ਭਾਰਤ ਵਿਚ ਸਿੱਖ ਲਹਿਰ ਇਸ ਦੀਆਂ ਉਦਾਹਰਨਾਂ ਕਹੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਇਹ ਅਮਲ ਚਲਦਾ ਰਿਹਾ ਹੈ ਤੇ ਹਰ ਧਰਮ ਆਪਣੀ ਸਮਾਜਿਕ ਸਥਿਤੀ ਕਾਇਮ ਰੱਖਣ ਲਈ ਸਥਾਪਤੀ ਦਾ ਹਿੱਸਾ ਬਣ ਕੇ ਨਵੇਂ ਵਿਚਾਰਾਂ ਦੀ ਵਿਰੋਧਤਾ ਵਿਚ ਡਟਦਾ ਰਿਹਾ। ਪਰ ਪਿਛਲੀਆਂ ਦੋ ਤਿੰਨ ਸਦੀਆਂ ਤੋਂ ਇਸ ਵਰਤਾਰੇ ਵਿਚ ਤਬਦੀਲੀ ਆਈ ਹੈ ਭਾਵੇਂ ਅਜੇ ਵੀ ਸਨਅਤੀ ਵਿਕਾਸ ਤੋਂ ਵਾਂਜੇ ਮੁਲਕਾਂ ਵਿਚ ਸਮਾਜਿਕ ਤਬਦੀਲੀ ਲਈ ਚਲਦੀਆਂ ਲਹਿਰਾਂ ਧਾਰਮਿਕ ਲਹਿਰਾਂ ਦਾ ਰੂਪ ਧਾਰ ਲੈਂਦੀਆਂ ਹਨ। ਇਹ ਲਹਿਰਾਂ ਕਈ ਵਾਰੀ ਨਵੇਂ ਧਰਮ ਨੂੰ ਜਨਮ ਦਿੰਦੀਆਂ ਹਨ ਅਤੇ ਕਈ ਵਾਰੀ ਪ੍ਰਚਲਤ ਧਰਮਾਂ ਦੇ ਆਪਸੀ ਟਕਰਾਅ ਦਾ ਰੂਪ ਅਖਤਿਆਰ ਕਰਦੀਆਂ ਹਨ। ਉਦਾਹਰਨ ਵਜੋਂ, ਪੰਜਾਬ ਦੇ ਜਨ ਜੀਵਨ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਅੱਸੀਵਿਆਂ ਦੌਰਾਨ ਧਾਰਮਿਕ ਰੰਗਤ ਚਾੜ ਦੇਣੀ ਜਾਂ ਦਲਿਤ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਤਰਕਵਾਦੀ ਪਹੁੰਚ ਨਾਲ ਕੋਈ ਵੱਡੀ ਲਹਿਰ ਉਸਾਰਨ ਦੀ ਥਾਂ ਦੱਬੇ ਕੁਚਲੇ ਲੋਕਾਂ ਦਾ ਵੱਖਰੇ ਵੱਖਰੇ ਧਰਮਾਂ ਵਲ ਰੁਚਿਤ ਹੋਣਾ।

ਇਸ ਸਭ ਕਾਸੇ ਦਾ ਅਸਰ ਇਹ ਹੁੰਦਾ ਹੈ ਕਿ ਧਰਮ ਦੇ ਨਾਂ ’ਤੇ ਸਮਾਜ ਦਾ ਸਮਾਂ ਤੇ ਸ਼ਕਤੀ ਵੱਡੀ ਪੱਧਰ ’ਤੇ ਨਸ਼ਟ ਹੁੰਦੇ ਹਨ ਪਰ ਪ੍ਰਾਪਤੀ ਤੇ ਨਾਂਅ ’ਤੇ ਪੱਲੇ ਬਹੁਤਾ ਕੁਝ ਨਹੀਂ ਪੈਂਦਾ। ਇਤਿਹਾਸ ਦੀ ਧਿਆਨ ਨਾਲ ਛਾਣ ਬੀਣ ਕੀਤਿਆਂ ਜਾਪਦਾ ਹੈ ਕਿ ਧਰਮ ਵਿਅਕਤੀ ਦੀ ਪੱਧਰ ’ਤੇ ਭਾਵੇਂ ਕਿਸੇ ਨੂੰ ਵਕਤੀ ਸੁੱਖ ਸ਼ਾਂਤੀ ਦਾ ਅਹਿਸਾਸ

ਕਰਵਾਉਂਦਾ ਹੋਵੇ ਪਰ ਸਮਾਜਿਕ ਪੱਧਰ 'ਤੇ ਇਸ ਦਾ ਰੋਲ ਨਾਂਹ-ਪੱਖੀ ਰਹਿੰਦਾ ਹੈ। ਆਮ ਪ੍ਰਚਲਤ ਸੂਝ ਦੇ ਉਲਟ ਇਹ ਸਮਾਜ ਵਿਚਲੇ ਵੱਖ ਵੱਖ ਹਿੱਸਿਆਂ ਨੂੰ ਜੋੜਦਾ ਨਹੀਂ ਸਗੋਂ ਤੋੜਦਾ ਹੈ। ਧਰਮ ਤੇ ਰੱਬ ਦੀ ਆੜ ਥੱਲੇ ਜਿਸ ਤਰ੍ਹਾਂ ਅਨੇਕਾਂ ਚਾਤਰ ਆਮ ਲੋਕਾਂ ਨੂੰ ਭਰਮਾਂ, ਭੁਲੇਖਿਆਂ ਵਿਚ ਪਾ ਕੇ ਉਨ੍ਹਾਂ ਦਾ ਆਰਥਿਕ ਤੇ ਕਾਮਿਕ ਸ਼ੋਸ਼ਣ ਕਰਦੇ ਹਨ ਉਹ ਕਿਸੇ ਵੀ ਸਮਾਜ ਲਈ ਫਿਕਰ ਵਾਲੀ ਗੱਲ ਹੋਣੀ ਚਾਹੀਦੀ ਹੈ। ਪੰਜਾਬੀ ਸਮਾਜ ਲਈ ਅਜੋਕੇ ਸਮੇਂ ਇਹ ਗੱਲ ਵਿਸ਼ੇਸ਼ ਤੌਰ 'ਤੇ ਫਿਕਰ ਕਰਨ ਵਾਲੀ ਹੈ। ਪੰਜਾਬੀ ਅਖਬਾਰਾਂ ਦਾ ਬਹੁਤਾ ਹਿੱਸਾ ਔਲਾਦ ਬਖਸ਼ਣ ਵਾਲੇ ਜਾਂ ਹਰ ਸਮੱਸਿਆ ਦਾ ਸ਼ਰਤੀਆ ਇਲਾਜ ਕਰਨ ਵਾਲੇ ਜੋਤਸ਼ੀਆਂ, ਪੀਰਾਂ, ਗੁਰੂਆਂ ਦੇ ਇਸ਼ਤਿਹਾਰਾਂ ਨਾਲ ਭਰਿਆ ਹੁੰਦਾ ਹੈ।

ਇਕ ਖੁੱਲੀਆਂ ਅੱਖਾਂ ਵਾਲੇ ਚੇਤਨ ਵਿਅਕਤੀ ਤੇ ਖਾਸਕਰ ਲੇਖਕ ਦੀ ਕੀ ਅਜਿਹੇ ਸਮੇਂ ਕੋਈ ਜ਼ਿੰਮੇਵਾਰੀ ਹੈ? ਕੀ ਆਮ ਵਿਅਕਤੀ ਵਾਂਗ ਇਕ ਲੇਖਕ ਤੇ ਚਿੰਤਕ ਵੀ ਦੂਜੇ ਲੋਕਾਂ ਵਿਚ ਪਿਆਰੇ ਸਤਿਕਾਰੇ ਜਾਣ ਲਈ ਆਪਣੇ ਅੰਦਰ ਦੀ ਆਵਾਜ਼ ਨੂੰ ਜਾਂ ਜਾਣੀ ਜਾਂਦੀ ਸਚਾਈ ਨੂੰ ਦਬਾ ਰੱਖੇ? ਜਾਹਨ ਸਟੂਰਟ ਮਿੱਲ ਨੇ ਉੱਨੀਵੀਂ ਸਦੀ ਦੇ ਅੱਧ ਵਿਚ ਆਪਣੇ ਦੇਸਵਾਸੀਆਂ ਨੂੰ ਸੱਦਾ ਦਿੱਤਾ ਸੀ ਕਿ:

> *"ਧਰਮ ਸਬੰਧੀ ਵਿਸ਼ੇਸ਼ ਤੌਰ 'ਤੇ, ਮੈਨੂੰ ਲਗਦਾ ਹੈ ਕਿ ਹੁਣ ਉਹ ਸਮਾਂ ਆ ਗਿਆ ਹੈ, ਜਦੋਂ ਉਨ੍ਹਾਂ ਸਾਰੇ ਵਿਅਕਤੀਆਂ ਦਾ ਫਰਜ਼ ਬਣਦਾ ਹੈ ਜਿਹੜੇ ਸੂਝ ਰੱਖਦੇ ਹੋਣ, ਅਤੇ ਬਾਲਗਾਂ ਵਾਲੇ ਵਿਚਾਰ ਵਟਾਂਦਰੇ ਤੋਂ ਬਾਅਦ ਆਪਣੀ ਤਸੱਲੀ ਕਰ ਚੁੱਕੇ ਹੋਣ ਕਿ ਮੌਜੂਦਾ ਰਾਵਾਂ ਸਿਰਫ ਝੂਠੀਆਂ ਹੀ ਨਹੀਂ ਸਗੋਂ ਨੁਕਸਾਨਦੇਹ ਵੀ ਹਨ, ਧਰਮ ਨੂੰ ਛੱਡ ਜਾਣ ਬਾਰੇ ਦੱਸ ਦੇਣ।"*

## ਇਸ ਕਿਤਾਬ ਬਾਰੇ

ਪਿਛਲੇ ਦੋ ਤਿੰਨ ਦਹਾਕਿਆਂ ਦੌਰਾਨ ਪੰਜਾਬੀ ਵਿਚ ਬਹੁਤ ਸਾਰਾ ਅਜਿਹਾ ਸਾਹਿਤ ਛਪਿਆ ਹੈ ਜਿਸ ਦੇ ਅਧਿਅਨ ਨਾਲ ਸਮਾਜ ਨੂੰ ਤਰਕਵਾਦੀ ਲੀਹਾਂ 'ਤੇ ਤੋਰਿਆ ਜਾ ਸਕਦਾ ਹੈ, ਵਿਸ਼ੇਸ਼ ਕਰਕੇ ਤਰਕਸ਼ੀਲ ਲਹਿਰ ਵਲੋਂ। ਇਹ ਹਥਲੀ ਕਿਤਾਬ ਵੀ ਇਸੇ ਤਰ੍ਹਾਂ ਦੀ ਇਕ ਹੋਰ ਕੋਸ਼ਸ਼ ਹੈ। ਜਿੱਥੇ ਨਾਸਤਿਕਤਾ, ਵਿਗਿਆਨਕ ਸੂਝ ਅਤੇ ਪਹੁੰਚ ਬਾਰੇ ਵੱਖ ਵੱਖ ਚਿੰਤਕਾਂ ਦੀਆਂ ਉਕਤੀਆਂ ਪਾਠਕ ਨੂੰ ਨਵੀਂ ਸੂਝ ਪ੍ਰਦਾਨ ਕਰਨਗੀਆਂ ਉੱਥੇ ਇਸ ਗੱਲ ਦੀ ਵੀ ਆਸ ਕੀਤੀ ਜਾਂਦੀ ਹੈ ਕਿ ਇਸ ਨਾਲ ਪੰਜਾਬੀ ਲੇਖਕਾਂ ਤੇ ਚਿੰਤਕਾਂ ਨੂੰ ਲੋੜੀਂਦਾ ਹੌਂਸਲਾ ਵੀ ਮਿਲੇ। ਇਸ ਸੰਗ੍ਰਹਿ ਵਿਚ ਮਹਾਤਮਾ ਬੁੱਧ ਤੋਂ ਲੈ ਕੇ ਦੁਨੀਆ ਭਰ ਦੇ ਉਨ੍ਹਾਂ ਦਾਰਸ਼ਨਿਕਾਂ, ਵਿਗਿਆਨੀਆਂ, ਕਵੀਆਂ, ਲੇਖਕਾਂ ਤੇ ਚਿੰਤਕਾਂ ਦੇ ਨਾਂਅ ਦਰਜ ਹਨ ਜਿਨ੍ਹਾਂ ਨੇ ਮਨੁੱਖੀ ਸੋਚ ਦੇ ਵਿਕਾਸ ਵਿਚ ਜ਼ਿਕਰਯੋਗ ਹਿੱਸਾ ਪਾਇਆ ਹੈ। ਇਨ੍ਹਾਂ ਵਿਚ ਅਨੇਕਾਂ ਅਜਿਹੇ ਹਨ ਜਿਨ੍ਹਾਂ ਨੂੰ ਆਪਣੇ ਵਿਚਾਰਾਂ ਬਦਲੇ ਆਪਣੇ ਜੀਵਨ ਤੱਕ ਦੀ ਅਹੂਤੀ ਵੀ ਦੇਣੀ ਪਈ। ਪਰ ਜੇ ਇਨ੍ਹਾਂ ਸੁਹਿਰਦ, ਬਹਾਦਰ ਤੇ

ਸੂਝਵਾਨ ਲੋਕਾਂ ਨੇ ਇਹ ਹੌਂਸਲਾ ਨਾ ਦਿਖਾਇਆ ਹੁੰਦਾ ਤਾਂ ਮਨੁੱਖੀ ਸਮਾਜ ਵਿਚ ਹੋਇਆ ਵਿਕਾਸ ਕਿਆਸ ਨਹੀਂ ਕੀਤਾ ਜਾ ਸਕਦਾ। ਪੰਜਾਬੀ ਸਮਾਜ ਵਿਚਲੇ ਰੌਸ਼ਨ ਦਿਮਾਗ ਲੋਕਾਂ ਕੋਲੋਂ ਵੀ ਸਮਾਂ ਇਸ ਵੇਲੇ ਮੰਗ ਕਰ ਰਿਹਾ ਹੈ ਕਿ ਉਹ ਆਪਣੇ ਸਮਾਜ ਨੂੰ ਪਿਛਲੀਆਂ ਸਦੀਆਂ ਦੇ ਹਨੇਰਿਆਂ ਵਿੱਚੋਂ ਕੱਢ ਕੇ ਇੱਕੀਵੀਂ ਸਦੀ ਵਿਚ ਲਿਆਉਣ ਲਈ ਆਪਣਾ ਬਣਦਾ ਯੋਗਦਾਨ ਪਾਉਣ।

ਰੱਬ ਵਿਚ ਵਿਸ਼ਵਾਸ ਤੇ ਧਰਮ ਨਾਲ ਸਬੰਧਤ ਬੇਸ਼ੁਮਾਰ ਮਸਲੇ ਹਨ ਜਿਹੜੇ ਵਿਚਾਰ ਅਧੀਨ ਲਿਆਂਦੇ ਜਾਣੇ ਚਾਹੀਦੇ ਹਨ:

ਰੱਬ ਵਿਚ ਵਿਸ਼ਵਾਸ ਦੇ ਕਾਰਨ; ਵਿਸ਼ਵਾਸ ਦੇ ਨਾਂਹ-ਪੱਖੀ ਅਸਰ; ਧਰਮ ਤੇ ਵਿਗਿਆਨਕ ਪਹੁੰਚ; ਬੱਚੇ ਅਤੇ ਧਾਰਮਿਕ ਸਿੱਖਿਆ; ਧਰਮ ਤੇ ਸਦਾਚਾਰ; ਧਰਮ ਤੇ ਸਿਆਸਤ ਦੀ ਨੇੜਤਾ ਦੇ ਮਾਰੂ ਅਸਰ; ਧਰਮ ਤੇ ਰੱਬ ਦੇ ਨਾਂਅ 'ਤੇ ਹੁਣ ਤੱਕ ਹੋਈ ਮਨੁੱਖੀ ਤਬਾਹੀ; ਅਜੋਕਾ ਤਕਨੀਕੀ ਯੁੱਗ ਅਤੇ ਧਰਮ; ਪੂੰਜੀਵਾਦੀ ਆਰਥਿਕ ਢਾਂਚੇ ਵਲੋਂ ਧਰਮ ਦੀ ਵਰਤੋਂ ਅਤੇ ਇਸ ਦੇ ਫੈਲਾਅ ਵਿਚ ਮੱਦਦ; ਧਾਰਮਿਕ ਗਤੀਵਿਧੀਆਂ ਵਿਚ ਨਸ਼ਟ ਹੋ ਰਿਹਾ ਸਮਾਂ ਤੇ ਸ਼ਕਤੀ; ਧਰਮ ਦੇ ਨਾਂਅ 'ਤੇ ਹੁੰਦੇ ਦੰਗੇ; ਧਰਮ ਤੇ ਜਾਤ ਪਾਤ; ਧਰਮ ਅਤੇ ਔਰਤ ਦਾ ਸਥਾਨ ਤੇ ਸਥਿਤੀ; ਪੰਜਾਬੀਆਂ ਦੀ ਅਤੇ ਵਿਸ਼ੇਸ਼ ਕਰਕੇ ਪੰਜਾਬੀ ਬੁੱਧੀਜੀਵੀਆਂ ਦੀ ਬੌਧਿਕ ਗਰੀਬੀ; ਧਾਰਮਿਕ ਪ੍ਰਚਾਰ ਦੀ ਭਰਮਾਰ ਦੇ ਬਾਵਜੂਦ ਸਦਾਚਾਰਕ ਪੱਖੋਂ ਕੰਗਾਲੀ; ਨਾਸਤਿਕਤਾ ਦੀ ਲੋੜ; ਨਾਸਤਿਕ ਜੀਵਨ... ਆਦਿ।

# ਧੰਨਵਾਦ

ਪਿਛਲੇ ਕੁਝ ਸਾਲਾਂ ਦੌਰਾਨ ਨਾਸਤਿਕਤਾ ਮੇਰੇ ਲਈ ਕਾਫੀ ਮਹੱਤਵਪੂਰਨ ਵਿਸ਼ਾ ਬਣਿਆਂ ਰਿਹਾ ਹੈ। ਮੇਰੇ ਬਹੁਤ ਸਾਰੇ ਦੋਸਤਾਂ ਨੇ ਸਮੇਂ ਸਮੇਂ ਮੇਰੇ ਵਿਚਾਰਾਂ ਨੂੰ ਸੁਣਿਆਂ ਹੈ, ਝੱਲਿਆ ਹੈ ਤੇ ਬੇਹੱਦ ਕੀਮਤੀ ਸੁਝਾਅ ਦਿੱਤੇ ਹਨ। ਇਨ੍ਹਾਂ ਵਿਚ ਸ਼ਾਮਲ ਹਨ: ਬਲਰਾਜ ਚੀਮਾ, ਸੁਖਵੰਤ ਹੁੰਦਲ, ਗੁਰਮੇਲ ਰਾਏ, ਅਜਮੇਰ ਰੋਡੇ, ਦਿਲਵਰ ਕੰਗ, ਮੇਰਾ ਛੋਟਾ ਵੀਰ ਪਾਲ ਬਿਨਿੰਗ, ਰਘਬੀਰ ਮੰਡ, ਹਰਪ੍ਰੀਤ ਸੇਖਾ ਨਵਦੀਪ ਸਿੱਧੂ ਤੇ ਹੋਰ ਬਹੁਤ ਸਾਰੇ ਦੋਸਤ। ਪਰ ਮੈਂ ਵਿਸ਼ੇਸ਼ ਤੌਰ ’ਤੇ ਆਪਣੇ ਅਧਿਆਪਕ ਤੇ ਦੋਸਤ ਡਾਕਟਰ ਸਾਧੂ ਸਿੰਘ ਤੇ ਨਿੱਘੇ ਦੋਸਤ ਸੋਹਣ ਸਿੰਘ ਪੂਨੀ ਹੋਰਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਮੇਰੇ ਵਲੋਂ ਅਨੁਵਾਦ ਕੀਤੀਆਂ ਇਨ੍ਹਾਂ ਉਕਤੀਆਂ ਨੂੰ ਪੜ੍ਹ ਕੇ ਬਹੁਤ ਵੱਡਮੁੱਲੇ ਸੁਝਾਅ ਦਿੱਤੇ ਹਨ। ਏਥੇ ਇਹ ਗੱਲ ਕਹਿ ਦੇਣੀ ਵੀ ਜ਼ਰੂਰੀ ਹੈ ਕਿ ਇਹ ਮੇਰੇ ਦੋਸਤ ਮੇਰੀਆਂ ਸਾਰੀਆਂ ਗੱਲਾਂ ਨਾਲ ਸਹਿਮਤ ਨਹੀਂ ਹੁੰਦੇ। ਪਰ ਇਨ੍ਹਾਂ ਵਲੋਂ ਦਿਖਾਈ ਹਮਦਰਦੀ ਤੇ ਦਰਿਆਦਿਲੀ ਲਈ ਮੈਂ ਇਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਇਸ ਕੰਮ ਲਈ ਸਭ ਤੋਂ ਵੱਧ ਹੱਲਾਸ਼ੇਰੀ ਤੇ ਮੱਦਦ ਮੈਨੂੰ ਮੇਰੇ ਆਪਣੇ ਪਰਵਾਰ ਵਲੋਂ ਮਿਲੀ ਹੈ। ਮੇਰੀ ਜੀਵਨ ਸਾਥਣ ਜਗਦੀਸ਼, ਬੇਟਾ ਪ੍ਰੀਤ ਤੇ ਬੇਟੀ ਪ੍ਰੀਆ ਮੇਰੇ ਵਿਚਾਰਾਂ ਨਾਲ ਪੂਰੀ ਸਹਿਮਤੀ ਰੱਖਦੇ ਹਨ। ਇਸ ਕੰਮ ਲਈ ਇਨ੍ਹਾਂ ਦੀ ਪ੍ਰਵਾਨਗੀ ਮੇਰੇ ਲਈ ਬਹੁਤ ਮਹੱਤਵਪੂਰਨ ਹੈ। ਭਾਵੇਂ ਆਪਣਿਆਂ ਦਾ ਧੰਨਵਾਦ ਕਰਨ ਦੀ ਲੋੜ ਨਹੀਂ ਹੁੰਦੀ ਪਰ ਮੈਂ ਇਨ੍ਹਾਂ ਦਾ ਬੇਹੱਦ ਸ਼ੁਕਰਗੁਜ਼ਾਰ ਹਾਂ।

ਮੈਂ ਬਹੁਤ ਸਾਰੀਆਂ ਕਿਤਾਬਾਂ ਅਤੇ ਇੰਟਰਨੈੱਟ ਤੋਂ ਇਹ ਸਮੱਗਰੀ ਇਕੱਤਰ ਕੀਤੀ ਹੈ। ਮੈਂ ਧੰਨਵਾਦੀ ਹਾਂ ਉਨ੍ਹਾਂ ਸਾਰੇ ਸੁਹਿਰਦ ਲੋਕਾਂ ਦਾ ਜਿਨ੍ਹਾਂ ਨੇ ਸਮਾਂ ਤੇ ਸੂਝ ਲਾ ਕੇ ਇਹ ਸੋਮੇ ਤਿਆਰ ਕੀਤੇ ਹਨ।

ਸਾਧੂ ਬਿਨਿੰਗ

# ਪੂਰਬ ਸਦੀ ਈਸਵੀ

ਚਾਰਵਾਕ (600 - 5? ) *(ਚਾਰਵਾਕ ਬਰਹਸਪਤਿਆ ਸੂਤਰ ਦਾ ਕਰਤਾ ਸੀ। ਉਸ ਵਲੋਂ ਚਲਾਏ ਭਾਰਤੀ ਦਰਸ਼ਨ ਨੂੰ ਚਾਰਵਾਕ ਅਤੇ ਲੋਕਾਇਤਾ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ।)*

"ਅਗਨੀ ਨਾਲ ਸਬੰਧਤ ਰਸਮਾਂ, ਤਿੰਨੇ ਵੇਦ, ਪੁਜਾਰੀਆਂ ਦੇ ਤ੍ਰਿਸੂਲ, ਸਰੀਰਾਂ ਨੂੰ ਸਵਾਹ ਮਲਣੀ ਆਦਿ ਤਰੀਕਿਆਂ ਰਾਹੀਂ ਉਹ ਲੋਕ ਆਪਣੀ ਰੋਜ਼ੀ ਰੋਟੀ ਤੋਰਦੇ ਹਨ ਜਿਨ੍ਹਾਂ ਕੋਲ ਅਕਲ ਤੇ ਸ਼ਕਤੀ ਦੀ ਕਮੀ ਹੁੰਦੀ ਹੈ।

"ਜਿਉਤਿਸਤੋਮਾ ਬਲ਼ੀ ਦੀ ਰਸਮ ਵਿਚ ਜੇ ਜਿਬਾਹ ਕੀਤਾ ਜਾਨਵਰ ਵੀ ਸਵਰਗ ਨੂੰ ਜਾਂਦਾ ਹੋਵੇ ਤਾਂ ਬਲ਼ੀ ਦੇਣ ਵਾਲਾ ਉਸੇ ਵੇਲੇ ਆਪਣੇ ਪਿਓ ਨੂੰ ਕਿਉਂ ਨਹੀਂ ਪੇਸ਼ ਕਰਦਾ?

"ਜਦ ਤੱਕ ਜੀਵਨ ਹੈ ਮਨੁੱਖ ਨੂੰ ਖੁਸ਼ੀ ਨਾਲ ਰਹਿਣ ਦੇਵੋ, ਉਸ ਨੂੰ ਘਿਓ ਖਾਣ ਦਿਓ ਭਾਵੇਂ ਉਹ ਕਰਜਾਈ ਹੋ ਜਾਵੇ। ਜਦੋਂ ਸਰੀਰ ਬਲ਼ ਕੇ ਸੁਆਹ ਹੋ ਗਿਆ ਫੇਰ ਇਹ ਮੁੜ ਕੇ ਕਦੋਂ ਆਵੇਗਾ?

"ਸਿਆਣੇ ਬੰਦੇ ਨੂੰ ਢੁੱਕਵੇਂ ਖੇਤੀਬਾੜੀ ਦੇ ਕਾਰੋਬਾਰ ਰਾਹੀਂ, ਗਾਈਆਂ ਰੱਖ ਕੇ, ਵਪਾਰ ਰਾਹੀਂ, ਸਿਆਸੀ ਪ੍ਰਬੰਧ ਦੇ ਕੰਮਾਂ ਕਾਰਾਂ ਰਾਹੀਂ ਇਸ ਦੁਨੀਆ ਦੇ ਸੁੱਖਾਂ ਨੂੰ ਮਾਨਣਾ ਚਾਹੀਦਾ ਹੈ।"

"ਸੁੱਧਤਾ ਤੇ ਇਹਦੇ ਵਰਗੇ ਹੋਰ ਫਰਮਾਨ ਚੁਸਤ ਪਰ ਕਮਜ਼ੋਰ ਲੋਕਾਂ ਵਲੋਂ ਸੁਣਾਏ ਜਾਂਦੇ ਹਨ। ਸੋਨੇ ਤੇ ਜ਼ਮੀਨ ਦੇ ਤੋਹਫੇ, ਖਾਣੇ ਦੀਆਂ ਦਾਅਵਤਾਂ ਦੀ ਖੁਸ਼ੀ ਵਰਗੀਆਂ ਸਕੀਮਾਂ ਭੁੱਖੇ ਢਿੱਡਾਂ ਵਾਲੇ ਨਿਰਧਨ ਲੋਕਾਂ ਵਲੋਂ ਸੋਚੀਆਂ ਜਾਂਦੀਆਂ ਹਨ।"

## ਮਹਾਤਮਾ ਬੁੱਧ (563-483)

*(ਭਾਰਤੀ ਦਾਰਸ਼ਨਿਕ, ਬੁੱਧ ਧਰਮ ਦਾ ਬਾਨੀ )*

"ਕਿਸੇ ਵੀ ਗੱਲ ਵਿਚ ਸਿਰਫ ਇਸ ਲਈ ਯਕੀਨ ਨਾ ਕਰੋ ਕਿ ਤੁਸੀਂ ਉਹ ਸੁਣੀ ਹੈ ਅਤੇ ਨਾ ਹੀ ਇਸ ਲਈ ਕਿ ਬਹੁਤ ਸਾਰੇ ਲੋਕ ਉਸ ਬਾਰੇ ਗੱਲ ਕਰਦੇ ਹਨ ਅਤੇ ਅਫਵਾਹਾਂ ਉਡਾਉਂਦੇ ਹਨ। ਕਿਸੇ ਗੱਲ ਵਿਚ ਇਸ ਕਰਕੇ ਵੀ ਯਕੀਨ ਨਾ ਕਰੋ ਕਿ ਉਹ ਤੁਹਾਡੇ ਧਾਰਮਿਕ-ਗ੍ਰੰਥਾਂ ਵਿਚ ਲਿਖੀ ਹੋਈ ਹੈ। ਨਾ ਹੀ ਆਪਣੇ ਗੁਰੂਆਂ ਪੀਰਾਂ ਦੀ ਗਵਾਹੀ ਦੇ ਅਧਾਰ 'ਤੇ ਯਕੀਨ ਕਰੋ। ਪ੍ਰਾਚੀਨ ਰਵਾਇਤਾਂ ਵਿਚ ਸਿਰਫ ਇਸ ਲਈ ਯਕੀਨ ਨਾ ਕਰੋ ਕਿਉਂਕਿ ਉਹ ਪੀੜ੍ਹੀ ਦਰ ਪੀੜ੍ਹੀ ਚਲੀਆਂ ਆ ਰਹੀਆਂ ਹਨ। ਪਰ ਪੂਰੀ ਤਰ੍ਹਾਂ ਧਿਆਨ ਨਾਲ ਪਰਖਣ ਅਤੇ ਛਾਣਬੀਣ ਕਰਨ ਬਾਅਦ, ਜੇ ਤੁਹਾਨੂੰ ਲੱਗੇ ਕਿ ਕੋਈ ਚੀਜ਼ ਦਲੀਲ ਉੱਪਰ ਖਰੀ ਉੱਤਰਦੀ ਹੈ ਅਤੇ ਉਹ ਵਿਅਕਤੀ ਲਈ ਤੇ ਸਮਾਜ ਲਈ ਵੀ ਚੰਗੀ ਤੇ ਗੁਣਕਾਰੀ ਹੈ, ਫੇਰ ਉਹਨੂੰ ਮੰਨ ਲਵੋ ਅਤੇ ਉਸ 'ਤੇ ਡਟ ਕੇ ਪਹਿਰਾ ਦਿਓ।"

## ਹੇਰਾਕਲੀਟਸ ਆਫ ਇਫੀਸਸ (535-475)

*(ਯੂਨਾਨੀ ਦਾਰਸ਼ਨਿਕ)*

"ਵਿਸ਼ਵ ਵਿਆਪੀ ਬ੍ਰਹਿਮੰਡੀ ਅਮਲ (ਯੂਨੀਵਰਸਿਲ ਕੌਸਮਿਕ ਪਰੌਸੈੱਸ) ਕਿਸੇ ਰੱਬ ਜਾਂ ਬੰਦੇ ਨੇ ਨਹੀਂ ਬਣਾਇਆ।"

"ਧਰਮ ਇਕ ਬੀਮਾਰੀ ਹੈ।"

## ਅਨੈਕਸਾਗੋਰਸ (500 - 428)

*(ਯੂਨਾਨੀ ਦਾਰਸ਼ਨਿਕ)*

"ਹਰ ਚੀਜ਼ ਦੀ ਕੁਦਰਤੀ ਵਿਆਖਿਆ ਹੈ। ਚੰਦ੍ਰਮਾ ਕੋਈ ਦੇਵਤਾ ਨਹੀਂ, ਸਗੋਂ ਇਕ ਵੱਡਾ ਪੱਥਰ ਹੈ ਅਤੇ ਸੂਰਜ ਗਰਮ ਪੱਥਰ।"

## ਯਜਨਵਾਲਕੀਯਾ (500 - ?)

*(ਵੇਦਿਕ ਕਾਲ ਦਾ ਭਾਰਤੀ ਦਾਰਸ਼ਨਿਕ। ਯਜਨਵਾਲਕੀਯਾ ਰਿਸ਼ੀ ਵੈਸ਼ਮਪਿਆਨਾ ਦਾ ਸ਼ਿਸ਼ ਸੀ)*

"ਕੁਝ ਲੋਕ ਗਾਂ ਦਾ ਮਾਸ ਨਹੀਂ ਖਾਂਦੇ। ਮੈਂ ਖਾਂਦਾ ਹਾਂ, ਬਸ਼ਰਤੇ ਕਿ ਨਰਮ ਹੋਵੇ।"

## ਪ੍ਰੋਟਾਗੋਰਸ ਆਫ ਅਬਡੇਰਾ (480-411)

*(ਯੂਨਾਨੀ ਦਾਰਸ਼ਨਿਕ)*

"ਮੇਰੇ ਕੋਲ ਇਹ ਜਾਨਣ ਦਾ ਕੋਈ ਤਰੀਕਾ ਨਹੀਂ ਕਿ ਦੇਵਤੇ ਹਨ ਜਾਂ ਨਹੀਂ ਤੇ ਜਾਂ ਫਿਰ ਉਹ ਦੇਖਣ ਨੂੰ ਕਿਹੋ ਜਿਹੇ ਹਨ।"

"ਬੰਦੇ ਨਾਲ ਹੀ ਸਾਰੀਆਂ ਚੀਜ਼ਾਂ ਦੀ ਨਿਰਖ ਪਰਖ ਹੋ ਸਕਦੀ ਹੈ, ਉਨ੍ਹਾਂ ਚੀਜ਼ਾਂ ਦੀ, ਜੋ ਅਸਲ ਵਿਚ ਹਨ ਤੇ ਉਨ੍ਹਾਂ ਦੀ ਵੀ ਜੋ ਅਸਲ ਵਿਚ ਨਹੀਂ ਹਨ।"

## ਸੁਕਰਾਤ (470-399)

*(ਯੂਨਾਨੀ ਦਾਰਸ਼ਨਿਕ)*

"ਚੰਗੀਆਂ ਵਿੱਚੋਂ ਚੰਗੀ ਚੀਜ਼ ਸਿਰਫ ਗਿਆਨ ਹੈ ਤੇ ਬੁਰੀਆਂ ਵਿੱਚੋਂ ਬੁਰੀ ਸਿਰਫ ਅਗਿਆਨ।"

## ਹਿਪੋਕਰੇਟੱਸ (460-377)

*(ਯੂਨਾਨੀ ਦਾਰਸ਼ਨਿਕ)*

"ਬੰਦੇ ਸਮਝਦੇ ਨੇ ਕਿ ਮਿਰਗੀ ਇਕ ਰੱਬੀ ਵਰਤਾਰਾ ਹੈ, ਕਿਉਂਕਿ ਉਹ ਇਸ ਦੀ ਅਸਲੀਅਤ ਨਹੀਂ ਜਾਣਦੇ … ਸਾਨੂੰ ਇਕ ਦਿਨ ਇਸ ਦੇ ਕਾਰਨਾਂ ਦੀ ਸਮਝ ਆ ਜਾਵੇਗੀ, ਫਿਰ ਅਸੀਂ ਇਸ ਨੂੰ ਰੱਬੀ ਵਰਤਾਰਾ ਕਹਿਣੋਂ ਹਟ ਜਾਵਾਂਗੇ। ਵਿਸ਼ਵ ਦੀਆਂ ਬਾਕੀ ਸਾਰੀਆਂ ਚੀਜ਼ਾਂ ਬਾਰੇ ਵੀ ਇਸੇ ਤਰ੍ਹਾਂ ਹੀ ਹੈ।"

## ਅਰਸਤੂ (384-322)

*(ਯੂਨਾਨੀ ਦਾਰਸ਼ਨਿਕ)*

"ਇਨਸਾਨ ਰੱਬ ਜਾਂ ਦੇਵਤਿਆਂ ਨੂੰ ਆਪਣੇ ਵਰਗਾ ਹੀ ਕਲਪਦੇ ਹਨ, ਸਿਰਫ ਉਨ੍ਹਾਂ ਦੇ ਰੂਪ ਦੇ ਮਾਮਲੇ ਵਿਚ ਹੀ ਨਹੀਂ, ਸਗੋਂ ਉਨ੍ਹਾਂ ਦੇ ਜੀਵਨ ਦੇ ਅੰਦਾਜ਼ ਵਿਚ ਵੀ।"

"ਜ਼ਾਲਮ ਹਾਕਮ ਲਈ ਜ਼ਰੂਰੀ ਹੈ ਕਿ ਉਹ ਰੱਬ ਵੱਲ ਆਪਣੀ ਸ਼ਰਧਾ ਨੂੰ ਵਧਾ ਚੜ੍ਹਾ ਕੇ ਦਿਖਾਵੇ। ਪਰਜਾ ਉਸ ਹਾਕਮ ਦੇ ਗਲਤ ਕੰਮਾਂ ਦੀ ਘੱਟ ਚਿੰਤਾ ਕਰਦੀ ਹੈ ਜਿਹਨੂੰ ਉਹ ਰੱਬ ਤੋਂ ਡਰਨ ਵਾਲਾ ਧਰਮੀ ਹਾਕਮ ਸਮਝਣ। ਦੂਜੇ ਪਾਸੇ ਲੋਕ ਉਸ ਖਿਲਾਫ ਕਾਰਵਾਈ ਕਰਨ ਲਈ ਵੀ ਏਨੀ ਛੇਤੀ ਕਦਮ ਨਹੀਂ ਚੁੱਕਦੇ, ਕਿਉਂਕਿ ਉਹ ਯਕੀਨ ਕਰਦੇ ਹਨ ਕਿ ਰੱਬ ਜਾਂ ਦੇਵਤੇ ਹਾਕਮ ਦੀ ਪਿੱਠ 'ਤੇ ਹਨ।"

## ਐਪੀਕਿਉਰੀਅਸ (341-270)

*(ਯੂਨਾਨੀ ਦਾਰਸ਼ਨਿਕ)*

"ਕੀ ਰੱਬ ਪਾਪ ਨੂੰ ਰੋਕਣਾ ਚਾਹੁੰਦਾ ਹੈ, ਪਰ ਅਜਿਹਾ ਕਰਨ ਦੇ ਯੋਗ ਨਹੀਂ? ਤਾਂ ਫੇਰ ਉਹ ਸਰਬ-ਸ਼ਕਤੀਮਾਨ ਨਹੀਂ।

ਕੀ ਉਹ ਕਰ ਸਕਦਾ ਹੈ, ਪਰ ਕਰਨਾ ਨਹੀਂ ਚਾਹੁੰਦਾ? ਤਾਂ ਉਹ ਧਰੋਹੀ ਹੈ।

ਕੀ ਉਹ ਕਰ ਵੀ ਸਕਦਾ ਹੈ ਤੇ ਚਾਹੁੰਦਾ ਵੀ ਹੈ? ਤਾਂ ਫੇਰ ਪਾਪ ਕਿੱਥੋਂ ਆਉਂਦਾ ਹੈ?

ਕੀ ਉਹ ਨਾ ਕਰ ਸਕਦਾ ਹੈ ਅਤੇ ਨਾ ਹੀ ਚਾਹੁੰਦਾ ਹੈ? ਤਾਂ ਫੇਰ ਉਹਨੂੰ ਰੱਬ ਕਾਹਦੇ ਲਈ ਕਹਿਣਾ?"

"ਜੇ ਰੱਬ ਬੰਦਿਆਂ ਦੀਆਂ ਅਰਦਾਸਾਂ ਸੁਣਦਾ ਹੁੰਦਾ ਤਾਂ ਸਾਰੇ ਬੰਦੇ ਪਲ 'ਚ ਹੀ ਫਨਾਹ ਹੋ ਜਾਂਦੇ: ਕਿਉਂਕਿ ਉਹ ਹਰ ਵੇਲੇ ਇਕ ਦੂਜੇ ਦੇ ਖਿਲਾਫ ਹੀ ਆਰਦਾਸਾਂ ਕਰਦੇ ਹਨ।"

"ਮੈਂ ਮੌਤ ਤੋਂ ਕਿਉਂ ਡਰਾਂ? ਜਦ ਮੈਂ ਹਾਂ ਤਾਂ ਮੌਤ ਨਹੀਂ, ਜਦ ਮੌਤ ਹੈ ਤਾਂ ਮੈਂ ਨਹੀਂ। ਮੈਂ ਉਸ ਚੀਜ਼ ਤੋਂ ਕਿਉਂ ਡਰਾਂ ਜਿਹਦੀ ਉਸ ਵੇਲੇ ਹੋਂਦ ਹੀ ਨਹੀਂ ਜਦੋਂ ਮੇਰੀ ਹੋਂਦ ਹੈ?"

## ਪੌਲੀਬੀਅਸ (203 - 120)

*(ਯੂਨਾਨੀ ਸਿਆਸਤਦਾਨ ਤੇ ਇਤਿਹਾਸਕਾਰ)*

"ਲੋਕਾਂ ਦੇ ਹਜੂਮ ਅਕਸਰ ਬੇਅਸੂਲੇ ਹੁੰਦੇ ਹਨ, ਬੇਕਾਬੂ ਖਾਹਿਸ਼ਾਂ ਵਾਲੇ, ਜਜ਼ਬਾਤੀ ਤੇ ਨਤੀਜਿਆਂ ਤੋਂ ਬੇਪਰਵਾਹ, ਉਨ੍ਹਾਂ ਨੂੰ ਜ਼ਬਤ ਵਿਚ ਰੱਖਣ ਵਾਸਤੇ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਡਰ ਨਾਲ ਭਰਿਆ ਜਾਵੇ। ਪੁਰਾਣੇ ਲੋਕਾਂ ਨੇ ਬੜੀ ਚਤੁਰਾਈ ਕੀਤੀ। ਇਸ ਵਾਸਤੇ ਰੱਬ ਇਜਾਦ ਕੀਤਾ ਅਤੇ ਮੌਤ ਬਾਅਦ ਮਿਲਣ ਵਾਲੀ ਸਜ਼ਾ ਦਾ ਡਰ ਪੈਦਾ ਕੀਤਾ।"

## ਮਾਰਕਸ ਟੈਰੈਂਟੀਅਸ ਵਾਰੋ (116-29)

*(ਰੋਮਨ ਵਿਦਵਾਨ ਅਤੇ ਵਿਅੰਗਕਾਰ। 620 ਕਿਤਾਬਾਂ ਦਾ ਲਿਖਾਰੀ)*

"ਰਾਜਾਂ (ਸਟੇਟਸ) ਵਾਸਤੇ ਇਹ ਬਹੁਤ ਚੰਗੀ ਗੱਲ ਹੈ ਕਿ ਮਨੁੱਖ ਧਰਮ ਦੇ ਭੁਲੇਖੇ 'ਚ ਫਸੇ ਰਹਿਣ।"

## ਸਿਸਰੋ (ਮਾਰਕਸ ਟੂਲੀਅਸ) (106-43)

*(ਰੋਮਨ ਭਾਸ਼ਣਕਾਰ ਤੇ ਦਾਰਸ਼ਨਿਕ)*

"ਕੁਦਰਤ ਮੰਗ ਕਰਦੀ ਹੈ ਕਿ ਬੰਦਾ ਹਰ ਬੰਦੇ ਲਈ ਚੰਗਾ ਸੋਚੇ, ਭਾਵੇਂ ਉਹ ਕੋਈ ਵੀ ਹੋਵੇ, ਸਿਰਫ ਇਸ ਲਈ ਕਿ ਉਹ ਬੰਦਾ ਹੈ।"

"ਕਿਸੇ ਨੂੰ ਕੋਈ ਦੁੱਖ ਨਾ ਪਹੁੰਚਾਉਣਾ ਹੀ ਅਸਲੀ ਇਨਸਾਫ ਹੈ; ਕਿਸੇ ਦਾ ਵੀ ਅਪਮਾਨ ਨਾ ਕਰਨਾ ਅਸਲੀ ਸਾਊਪੁਣਾ ਹੈ।"

"ਬਹਿਸ ਵਿਚ ਇਹ ਸਭ ਤੋਂ ਮਹੱਤਵਪੂਰਨ ਨੁਕਤਾ ਹੈ: ਕੀ ਸ਼ੁਰੂ ਤੋਂ ਹੀ ਸਾਰੀਆਂ ਚੀਜ਼ਾਂ ਉਨ੍ਹਾਂ (ਰੱਬ/ਦੇਵਤਿਆਂ) ਦੁਆਰਾ ਬਣਾਈਆਂ ਤੇ ਲਾਗੂ ਕੀਤੀਆਂ ਗਈਆਂ; ਤੇ ਕੀ ਇਹ ਦੁਨੀਆ ਦੇ ਅੰਤ ਤੱਕ ਉਨ੍ਹਾਂ ਦੁਆਰਾ ਹੀ ਸਾਂਭੀਆਂ ਤੇ ਲਾਗੂ ਕੀਤੀਆਂ ਜਾਂਦੀਆਂ ਰਹਿਣਗੀਆਂ? ਜਿੰਨਾ ਚਿਰ ਇਸ ਸਮੱਸਿਆ ਦਾ ਹੱਲ ਨਹੀਂ ਹੁੰਦਾ, ਮਨੁੱਖਤਾ ਅਵੱਸ਼ ਹੀ ਸੱਭ ਤੋਂ ਵੱਡੇ ਭੁਲੇਖੇ ਵਿਚ ਫਸੀ ਰਹੇਗੀ ਤੇ ਇਸ ਗੱਲੋਂ ਅਣਜਾਣ ਕਿ ਜੀਵਨ ਵਿਚ ਜਾਨਣ ਵਾਸਤੇ ਸਭ ਤੋਂ ਮਹੱਤਵਪੂਰਨ ਕੀ ਹੈ।"

## ਟਾਈਟਸ ਲੁਕਰੀਟੀਅਸ ਕਾਰੁਸ (94-49)

*(ਰੋਮਨ ਕਵੀ ਤੇ ਦਾਰਸ਼ਨਿਕ)*

"ਜੇ ਪਰਮਾਤਮਾ ਸਰਬਸ਼ਕਤੀਮਾਨ ਹੈ ਤਾਂ ਉਹ ਸਭ ਕੁਝ ਕਰ ਸਕਦਾ ਹੈ। ਉਹ ਇਕ ਪੱਥਰ ਨੂੰ ਏਨਾ ਭਾਰਾ ਬਣਾ ਸਕਦਾ ਹੈ, ਜਿਹੜਾ ਖੁਦ ਉਸ ਕੋਲੋਂ ਵੀ ਚੁੱਕ ਨਾ ਹੋਵੇ। ਇਹਦਾ ਮਤਲਬ ਹੈ ਕਿ ਕੋਈ ਅਜਿਹੀ ਚੀਜ਼ ਹੈ ਜਿਹੜੀ ਪਰਮਾਤਮਾ ਨਹੀਂ ਕਰ ਸਕਦਾ: ਉਹ ਪੱਥਰ ਨਹੀਂ ਚੁੱਕ ਸਕਦਾ। ਇਸ ਲਈ ਇਕ ਸਰਬਸ਼ਕਤੀਮਾਨ ਰੱਬ ਦੀ ਕੋਈ ਹੋਂਦ ਨਹੀਂ ਹੈ।"

"ਅਣਜਾਣਾਂ ਵਾਸਤੇ ਸਾਰੇ ਧਰਮ ਇੱਕੋ ਜਿਹੀ ਮਹਾਨਤਾ ਰੱਖਦੇ ਹਨ, ਸਿਆਸੀ ਲੋਕਾਂ ਲਈ ਲਾਹੇਵੰਦ ਹੁੰਦੇ ਹਨ ਤੇ ਦਾਰਸ਼ਨਿਕਾਂ ਲਈ ਹਾਸੋ-ਹੀਣੇ।"

"ਡਰ ਸਾਰੇ ਰੱਬਾਂ/ਦੇਵਤਿਆਂ ਦੀ ਮਾਂ ਹੈ।"

"ਕੁਦਰਤ ਸਾਰੇ ਕੰਮ ਖੁਦ-ਬਖੁਦ ਕਰਦੀ ਹੈ, ਆਪਣੇ ਆਪ ਹੀ, ਬਿਨਾਂ ਕਿਸੇ ਰੱਬ ਜਾਂ ਦੇਵਤੇ ਦੀ ਦਖਲ-ਅੰਦਾਜ਼ੀ ਤੋਂ।"

## ਓਵਿਡ (43-17)

*(ਰੋਮਨ ਕਵੀ ਤੇ ਦਾਰਸ਼ਨਿਕ )*

"ਮੇਰਾ ਯਕੀਨ ਕਰੋ, ਰਿਸ਼ਵਤ ਨਾਲ ਰੱਬ ਤੇ ਬੰਦਾ ਦੋਵੇਂ ਖ਼ਰੀਦੇ ਜਾਂਦੇ ਹਨ।"

# ਈਸਾ-ਮਸੀਹ ਤੋਂ ਮਗਰੋਂ

## ਸੈਨੇਕਾ (4-65 )

*(ਰੋਮਨ ਲਿਖਾਰੀ, ਦਾਰਸ਼ਨਿਕ ਤੇ ਸਿਆਸਤਦਾਨ )*

"ਆਮ ਲੋਕਾਂ ਵਲੋਂ ਧਰਮ ਨੂੰ ਸੱਚ ਮੰਨਿਆ ਜਾਂਦਾ ਹੈ, ਸੂਝਵਾਨਾਂ ਵਲੋਂ ਝੂਠ, ਅਤੇ ਹੁਕਮਰਾਨਾਂ ਵਲੋਂ ਫਾਇਦੇਮੰਦ।"

"ਕੁਦਰਤ ਨੇ ਸਾਰੇ ਇਨਸਾਨਾਂ ਨੂੰ ਇੱਕੋ ਮਾਦੇ ਦੇ ਅਤੇ ਇੱਕੋ ਨਿਸ਼ਾਨੇ ਵਾਲੇ ਬਣਾ ਕੇ ਇਕ ਦੂਜੇ ਦੇ ਰਿਸ਼ਤੇਦਾਰ ਬਣਾ ਦਿੱਤਾ ਹੈ। ਕੁਦਰਤ ਨੇ ਹੀ ਸਾਡੇ ਵਿਚ ਇਕ ਦੂਜੇ ਨੂੰ ਪਿਆਰ ਕਰਨ ਦੇ ਬੀਜ ਬੀਜੇ ਤੇ ਸਾਨੂੰ ਸਮਾਜਕ ਜੀਵਨ ਵਾਸਤੇ ਤਿਆਰ ਕੀਤਾ।"

## ਆਲਿੱਸ ਕੌਰਨੀਲਿਅਸ ਸੈਲਸਸ (25-50)

"ਇਹ ਉਨ੍ਹਾਂ (ਇਸਾਈਆਂ ਦਾ) ਦਾ ਇਕ ਨਿਯਮ ਹੈ ਕਿ ਆਪਣੇ ਵਿਚ ਕੋਈ ਵੀ ਅਜਿਹਾ ਬੰਦਾ ਸ਼ਾਮਲ ਨਾ ਹੋਣ ਦਿਓ ਜਿਹੜਾ ਵਿਦਵਾਨ, ਸਿਆਣਾ ਜਾਂ ਚਤੁਰ ਹੋਵੇ; ਪਰ ਜੇ ਉਹ ਪੜ੍ਹਿਆ ਲਿਖਿਆ ਨਾ ਹੋਵੇ, ਅਗਿਆਨੀ ਜਾਂ ਮੂਰਖ ਹੋਵੇ ਤਾਂ ਉਹਨੂੰ ਬੇਝਿਜਕ ਆਉਣ ਦਿਓ। ਇਸ ਲਈ ਉਹ ਇਹ ਗੱਲ ਸ਼ਰੇਆਮ ਕਹਿੰਦੇ ਹਨ ਕਿ ਸਿਰਫ ਅਣਜਾਣ, ਅਤੇ ਜਿਨ੍ਹਾਂ ਨੂੰ ਸਮਝ ਤੋਂ ਵਾਂਝਿਆਂ ਰੱਖਿਆ ਗਿਆ ਹੋਵੇ, ਗੁਲਾਮ, ਔਰਤਾਂ ਅਤੇ ਬੱਚੇ ਹੀ ਉਸ ਰੱਬ ਦੇ ਸਹੀ ਭਗਤ ਹਨ, ਜਿਹਨੂੰ ਉਹ ਪੂਜਦੇ ਹਨ।"

## ਪੈਟਰੋਨੀਅਸ (27-66)

*(ਰੋਮਨ ਲਿਖਾਰੀ)*

"ਇਸ ਦੁਨੀਆ ਵਿਚ ਰੱਬ ਦਾ ਜਨਮਦਾਤਾ ਡਰ ਸੀ।"

## ਗੇਲਨ (129–199/217)

*(ਯੂਨਾਨੀ ਪਿਛੋਕੜ ਵਾਲਾ ਰੋਮਨ ਲਿਖਾਰੀ)*

"ਜਿਹੜੇ ਆਪੋ ਆਪਣੇ ਫਿਰਕਿਆਂ ਦੇ ਗੁਲਾਮ ਬਣੇ ਹੋਏ ਹਨ, ਉਹ ਸਿਰਫ ਅਸਲੀ ਗਿਆਨ ਤੋਂ ਹੀ ਵਾਂਝੇ ਨਹੀਂ, ਉਹ ਕਦੇ ਵੀ ਸਿੱਖਣ ਦੀ ਕੋਸ਼ਸ਼ ਨਹੀਂ ਕਰਨਗੇ।"

## ਸੈਕਸਟੱਸ ਇਮਪੀਰੀਕੱਸ (160-210)

*(ਯੂਨਾਨੀ ਦਾਰਸ਼ਨਿਕ)*

"ਜਿਨ੍ਹਾਂ ਦਾ ਇਹ ਵਿਚਾਰ ਹੈ ਕਿ ਰੱਬ ਦੀ ਕੋਈ ਹੋਂਦ ਨਹੀਂ, ਉਨ੍ਹਾਂ ਨੂੰ 'ਨਾਸਤਿਕ' ਦਾ ਨਾਂ ਦਿੱਤਾ ਜਾਂਦਾ ਹੈ, ਜਿਵੇਂ ਯੁਮਰੱਸ ਅਤੇ ਮੇਲੋਸ ਦੇ ਡਾਇਆਗੋਰਸ, ਸੀਓਸ ਦੇ ਪ੍ਰੋਡੀਕੱਸ, ਥੀਓਡੋਰੱਸ, ਅਤੇ ਬਹੁਤ ਸਾਰੇ ਹੋਰ। ਇਨ੍ਹਾਂ ਵਿੱਚੋਂ ਯੁਮਰੱਸ ਨੇ ਕਿਹਾ ਕਿ ਜਿਨ੍ਹਾਂ ਨੂੰ ਰੱਬ ਸਮਝਿਆ ਜਾਂਦਾ ਸੀ, ਉਹ ਅਸਲ ਵਿਚ ਕੁਝ ਤਾਕਤਵਰ ਬੰਦੇ ਸਨ ਤੇ ਉਨ੍ਹਾਂ ਦੀ ਤਾਕਤ ਕਰਕੇ ਦੂਜਿਆਂ ਨੇ ਉਨ੍ਹਾਂ ਨੂੰ ਦੇਵਤਾ ਸਰੂਪ ਮੰਨਣਾ ਸ਼ੁਰੂ ਕਰ ਦਿੱਤਾ ਤੇ ਰੱਬ ਬਣਾ ਲਿਆ। ਪ੍ਰੋਡੀਕੱਸ ਨੇ ਕਿਹਾ ਕਿ ਜਿਹੜੀ ਵੀ ਕੋਈ ਚੀਜ਼ ਜੀਵਨ ਲਈ ਫਾਇਦੇਮੰਦ ਸੀ, ਉਸ ਨੂੰ ਰੱਬ ਸਮਝਿਆ ਗਿਆ – ਜਿਵੇਂ ਕਿ ਸੂਰਜ, ਚੰਦ, ਦਰਿਆ, ਝੀਲਾਂ, ਵਾਦੀਆਂ, ਫਸਲਾਂ ਅਤੇ ਇਸ ਕਿਸਮ ਦੀ ਹਰ ਸ਼ੈਅ... ਅਤੇ ਕਰੀਟੀਅੱਸ ... ਵੀ ਨਾਸਤਿਕਾਂ ਵਿੱਚੋਂ ਲਗਦਾ ਹੈ, ਜਦੋਂ ਉਹ ਕਹਿੰਦਾ ਹੈ ਕਿ ਪੁਰਾਣੇ ਜ਼ਮਾਨੇ ਦੇ ਕਾਨੂੰਨਦਾਨਾਂ ਨੇ ਰੱਬ ਦੀ ਇਕ ਨਿਗਰਾਨ ਵਜੋਂ ਕਾਢ ਕੱਢੀ ਤਾਂ ਕਿ ਉਹ ਮਨੁੱਖਾਂ ਦੇ ਚੰਗੇ ਤੇ ਮਾੜੇ ਕੰਮਾਂ 'ਤੇ ਨਿਗਾਹ ਰੱਖੇ।"

## ਜੁਲੀਅਨ, ਰੋਮ ਦਾ ਬਾਦਸ਼ਾਹ (331-363)

*361 ਤੋਂ 363 ਤੱਕ ਰੋਮ ਦਾ ਬਾਦਸ਼ਾਹ। ਉਹ ਧਰਮ-ਤਿਆਗੀ (ਅਪੌਸਟੇਟ) ਦੇ ਨਾਂਅ ਨਾਲ ਵੀ ਜਾਣਿਆਂ ਜਾਂਦਾ ਹੈ।*

"ਰੱਬ ਦੇ ਅਵਤਾਰ ਧਾਰਨ ਦਾ ਵਿਚਾਰ ਅਤਾਰਕਿਕ ਹੈ ਬੇਤੁਕਾ ਹੈ: ਮਨੁੱਖ ਦੀ ਨਸਲ ਆਪਣੇ ਆਪ ਨੂੰ ਮੱਖੀਆਂ, ਕੀੜੀਆਂ ਅਤੇ ਹਾਥੀਆਂ ਤੋਂ ਸ੍ਰੇਸ਼ਠ ਕਿਉਂ ਸਮਝਦੀ ਹੈ ਕਿ ਪੈਦਾ ਕਰਨ ਵਾਲੇ ਨਾਲ ਇਹਦਾ ਵਿਲੱਖਣ ਰਿਸ਼ਤਾ ਹੋਣਾ ਚਾਹੀਦਾ ਹੈ। ਇਸਾਈ ਤਾਂ ਦਲਦਲ 'ਚ ਫਸੇ ਡੱਡੂਆਂ ਦੀ ਪੰਚਾਇਤ

ਹਨ ਜਾਂ ਗੋਹੇ ਦੇ ਢੇਰ 'ਤੇ ਜੁੜਿਆ ਕੀੜਿਆਂ ਦਾ ਸਤਸੰਗ ਜੋ ਗੜੈਂ ਗੜੈਂ ਕਰਦੇ ਹਨ ਅਤੇ ਚੂਕਦੇ ਹਨ – "ਸਾਡੀ ਖਾਤਰ ਹੀ ਸਿਰਜੀ ਗਈ ਸੀ ਦੁਨੀਆ"।

"ਇੱਦਾਂ ਦੀਆਂ ਗੱਲਾਂ ਪਹਿਲਾਂ ਵੀ ਅਕਸਰ ਹੁੰਦੀਆਂ ਰਹੀਆਂ ਹਨ ਹੁਣ ਵੀ ਹੁੰਦੀਆਂ ਹਨ, ਅਤੇ ਇਹ ਕਿਸ ਤਰ੍ਹਾਂ ਦੁਨੀਆ ਦੇ ਖਾਤਮੇ ਦੀ ਨਿਸ਼ਾਨੀ ਹੋ ਸਕਦੀਆਂ ਹਨ।

"ਕੋਈ ਵੀ ਖੂੰ-ਖਾਰ ਜੰਗਲੀ ਜਾਨਵਰ ਮਨੁੱਖਾਂ ਵਲ ਉਨੀ ਦੁਸ਼ਮਣੀ ਨਹੀਂ ਰੱਖਦੇ ਜਿੰਨੀ ਇਸਾਈਆਂ ਦੇ ਵੱਖਰੇ ਵੱਖਰੇ ਪੰਥ ਇਕ ਦੂਜੇ ਵਿਰੁੱਧ ਰੱਖਦੇ ਹਨ।"

## ਓਮਰ, ਇਬਨ ਅਲ-ਖਾਤਬ ਓਮਰ (581-644)

*(ਦੂਜਾ ਸੁੰਨੀ ਖਲੀਫਾ, ਜਿਹਨੇ ਇਸਲਾਮ ਵਾਸਤੇ ਮਿਸਰ, ਫਲਸਤੀਨ, ਸੀਰੀਆ, ਉੱਤਰੀ ਅਫਰੀਕਾ ਅਤੇ ਆਰਮੀਨੀਆ ਉੱਪਰ ਜਿੱਤ ਪ੍ਰਾਪਤ ਕੀਤੀ। ਇਹ ਸ਼ਬਦ ਉਹਨੇ ਅਲੈਗਜ਼ੈਂਡਰੀਆ ਨੂੰ ਜਿੱਤਣ ਸਮੇਂ ਕਹੇ)*

"ਸਾਰੀਆਂ ਲਾਇਬ੍ਰੇਰੀਆਂ ਲੂਹ ਦੇਵੋ, ਕਿਉਂਕਿ ਅਸਲੀ ਮਹੱਤਵ ਵਾਲੀ ਗੱਲ ਸਿਰਫ ਇਸ ਇੱਕੋ ਕਿਤਾਬ (ਕੁਰਾਨ) ਵਿਚ ਹੀ ਹੈ। ਜੇ ਯੂਨਾਨੀਆਂ ਦੀਆਂ ਇਹ ਲਿਖਤਾਂ ਅੱਲਾ ਦੇ ਸ਼ਬਦ ਨਾਲ ਸਹਿਮਤ ਹਨ ਤਾਂ ਇਨ੍ਹਾਂ ਨੂੰ ਸਾਂਭਣ ਦੀ ਕੋਈ ਲੋੜ ਨਹੀਂ; ਜੇ ਇਹ ਅੱਲਾ ਦੇ ਸ਼ਬਦ ਨਾਲ ਸਹਿਮਤ ਨਹੀਂ ਤਾਂ ਇਹ ਖਤਰਨਾਕ ਹਨ ਅਤੇ ਇਨ੍ਹਾਂ ਨੂੰ ਤਬਾਹ ਕਰ ਦੇਣਾ ਚਾਹੀਦਾ ਹੈ।"

## ਸ਼ੰਕਰ (8th C.)

*(ਭਾਰਤੀ ਦਾਰਸ਼ਨਿਕ)*

"ਵੇਦਾਂ ਦਾ ਸੈਂਕੜੇ ਵਾਰ ਕੀਤਾ ਗਿਆ ਜਾਪ ਵੀ ਅੱਗ ਨੂੰ ਠੰਡੀ ਨਹੀਂ ਕਰ ਸਕਦਾ।"

## ਅਬੁਲ-ਅਲਾ-ਅਲ-ਮਾਇਰੀ (973-1057)

*(ਗਿਆਰਵੀਂ ਸਦੀ ਦਾ ਸੀਰੀਆ 'ਚ ਰਹਿਣ ਵਾਲਾ ਨੇਤਰਹੀਨ ਕਵੀ ਤੇ ਨਾਸਤਿਕ)*

"ਦੁਨੀਆ ਵਿਚ ਦੋ ਕਿਸਮਾਂ ਦੇ ਲੋਕ ਹਨ - ਧਰਮ ਬਿਨਾਂ ਸੂਝਵਾਨ ਲੋਕ, ਅਤੇ ਸੂਝ ਬਿਨਾਂ ਧਾਰਮਿਕ ਲੋਕ।"

"ਧਰਮ ਇਕ ਮਿਥਿਹਾਸਕ ਕਹਾਣੀ ਹੈ ਜਿਹੜੀ ਪੁਰਾਣੇ ਲੋਕਾਂ ਵਲੋਂ ਘੜੀ ਗਈ ਸੀ, ਬਿਲਕੁਲ ਨਿਕੰਮੀ ਚੀਜ਼। ਸਿੱਧੇ-ਸਾਧੇ ਲੋਕਾਂ ਦਾ ਸ਼ੋਸ਼ਣ ਕਰਨ ਵਾਲਿਆਂ ਲਈ ਬਹੁਤ ਫਾਇਦੇਮੰਦ ਹੈ। ... ਅਸਲੀਅਤ ਇਹ ਹੈ ਕਿ ਇਕੱਲਤਾ ਦੀ ਮਾਰੀ ਦੁਨੀਆ ਨੂੰ ਹਮੇਸ਼ਾ ਨਵੀਆਂ ਤੋਂ ਨਵੀਆਂ ਪਰੀ-ਕਹਾਣੀਆਂ ਦੀ ਲੋੜ ਰਹਿੰਦੀ ਹੈ।"

## ਅਮਾਲਰਿਕ (1136-1174)

*(ਅਮਾਲਰਿਕ 1162 ਤੋਂ ਲੈ ਕੇ 1174 ਤੱਕ ਯੂਰੋਸਲਮ ਦਾ ਰਾਜਾ ਸੀ। ਇਹ ਸ਼ਬਦ ਉਹਨੇ ਸਾਈਮਨ ਡੇ ਮੌਂਟਫੋਰਟ ਨੂੰ ਬੇਜ਼ੀਅਰ ਦੇ ਕਤਲੇਆਮ ਸਮੇਂ ਕਹੇ)*

"ਉਨ੍ਹਾਂ ਸਾਰਿਆਂ ਨੂੰ ਮਾਰ ਦੇਵੋ। ਰੱਬ ਸੌਖਿਆਂ ਹੀ ਆਪਣੇ ਬੰਦੇ ਪਛਾਣ ਲਵੇਗਾ।"

## ਜੌਹਨ ਆਫ ਲਾਕਲੈਂਡ (1166-1216)

*(ਜੌਹਨ ਆਫ ਲਾਕਲੈਂਡ ਨੇ ਇੰਗਲੈਂਡ 'ਤੇ 1199 ਤੋਂ ਲੈ ਕੇ 1216 ਤੱਕ ਰਾਜ ਕੀਤਾ। ਇਹ ਸ਼ਬਦ ਉਹਨੇ ਸ਼ਿਕਾਰ ਸਮੇਂ ਹਿਰਨ ਨੂੰ ਮਾਰਨ ਲੱਗਿਆਂ ਕਹੇ)*

"ਖੁਸ਼ਕਿਸਮਤ ਜਾਨਵਰ, ਤੈਨੂੰ ਕਦੇ ਅਰਦਾਸਾਂ ਨਹੀਂ ਦੁਹਰਾਉਣੀਆਂ ਪਈਆਂ ਨਾ ਹੀ ਪੂਜਾ ਪਾਠ (ਹੋਲੀ ਮਾਸ) ਵਿਚ ਧੂਹ ਕੇ ਲਿਜਾਇਆ ਗਿਆ ਹੈਂ।"

## ਐਬਟ ਆਰਨੌਲਡ ਡੀ ਸੀਟੋ, (1205)

*(ਚੌਥੇ ਧਰਮ-ਯੁੱਧ ਸਮੇਂ)*

"ਉਨ੍ਹਾਂ ਸਾਰਿਆਂ ਨੂੰ ਮਾਰ ਦੇਵੋ। ਪਰਮਾਤਮਾ ਆਪ ਹੀ ਇਸ ਗੱਲ ਦਾ ਫੈਸਲਾ ਕਰ ਲਵੇਗਾ ਕਿ ਕਿਨ੍ਹਾਂ ਨੇ ਸਵਰਗ 'ਚ ਜਾਣਾ ਹੈ ਤੇ ਕਿਨ੍ਹਾਂ ਨੂੰ ਨਰਕ 'ਚ ਜਾਣਾ ਚਾਹੀਦਾ ਹੈ।"

## ਪੋਪ ਇਨੋਸੈਂਟ ਤੀਜਾ, (1209)

*(ਐਲਬੀਜਿਨਸੀਅਨ ਦੇ ਧਰਮ-ਯੁੱਧ ਸਮੇਂ ਆਪਣੀਆਂ ਫੌਜਾਂ ਨੂੰ)*

"ਉਨ੍ਹਾਂ ਸਾਰਿਆਂ ਨੂੰ ਮਾਰ ਦੇਵੋ, ਪਰਮਾਤਮਾ ਨੂੰ ਆਪਣਿਆਂ ਦੀ ਆਪ ਹੀ ਪਛਾਣ ਹੁੰਦੀ ਹੈ।"

## ਉਲਗ ਬੇਗ, (1393-1449)

*(ਹਿਸਾਬਦਾਨ ਤੇ ਤਾਰਾ ਵਿਗਿਆਨੀ। ਤੈਮੂਰ ਦਾ ਪੋਤਾ। ਸਮਰਕੰਦ ਦਾ ਵਾਇਸਰਾਏ)*

"ਜਿੱਥੇ ਗਿਆਨ ਦੀ ਸ਼ੁਰੂਆਤ ਹੁੰਦੀ ਹੈ ਉੱਥੇ ਧਰਮ ਦਾ ਅੰਤ ਹੁੰਦਾ ਹੈ।"

## ਡੇਜ਼ੀਡੀਰੀਅਸ ਇਰਾਸਮੱਸ (1466-1536)

*(ਡੱਚ ਭਾਸ਼ਾ ਦਾ ਵਿਦਵਾਨ)*

"ਉਹ ਘੋਰ ਹਨੇਰੇ ਵਿਚ ਉਸ ਚੀਜ਼ ਦੀ ਭਾਲ ਕਰ ਰਹੇ ਹਨ ਜਿਸ ਦੀ ਕੋਈ ਹੋਂਦ ਹੀ ਨਹੀਂ ਹੈ।"

## ਨਿਕੋਲਸ ਕੋਪਰਨੀਕਸ (1473-1543)

*(ਪੋਲੈਂਡ ਦਾ ਜੰਮਪਲ ਤਾਰਾ ਵਿਗਿਆਨੀ ਤੇ ਹਿਸਾਬਦਾਨ)*

"ਧਰਤੀ ਸੂਰਜ ਦੁਆਲੇ ਘੁੰਮਦੀ ਹੈ।" *(ਪੰਦਰਵੀਂ ਸੋਲ੍ਹਵੀਂ ਸਦੀ ਦੌਰਾਨ ਇਹ ਗੱਲ ਕਹਿਣੀ ਬਹੁਤ ਖਤਰਨਾਕ ਸੀ। ਕਈ ਕੱਟੜ ਧਾਰਮਿਕ ਲੋਕ ਅੱਜ ਵੀ ਇਹ ਅਸਲੀਅਤ ਮੰਨਣ ਤੋਂ ਇਨਕਾਰ ਕਰਦੇ ਹਨ।)*

## ਪੋਪ ਲੀਓ ਦਸਵਾਂ (1475-1521)

*(ਉਹ 1513 ਤੋਂ ਲੈ ਕੇ ਆਪਣੀ ਮੌਤ ਤੱਕ ਪੋਪ ਰਿਹਾ।)*

"ਇਨ੍ਹੇ ਸਾਡੀ ਖ਼ੂਬ ਸੇਵਾ ਕੀਤੀ ਹੈ, ਈਸਾ ਦੀ ਇਸ ਪੌਰਾਣਿਕ ਕਥਾ (ਮਿੱਥ) ਨੇ।"

## ਪੋਪ ਪਾਲ ਚੌਥਾ (1476-1559)

*(ਪੋਪ ਬਣਨ 'ਤੇ ਆਪਣੇ ਪਹਿਲੇ ਕੰਮ ਵਜੋਂ ਉਹਨੇ ਮਾਈਕਲ ਐਂਜਲੋ ਦੀ ਪੈਨਸ਼ਨ ਖਤਮ ਕਰ ਦਿੱਤੀ ਤੇ ਸਿਸਟੀਨ ਚੈਪਲ ਦੀਆਂ ਨਗਨ ਤਸਵੀਰਾਂ 'ਤੇ ਅੰਜੀਰ ਦੇ ਪੱਤੇ ਬਣਵਾ ਦਿਤੇ)*

"ਜੇ ਮੇਰਾ ਆਪਣਾ ਪਿਓ ਵੀ ਧਰਮ-ਵਿਰੋਧੀ ਹੋਵੇ ਤਾਂ ਮੈਂ ਉਹਨੂੰ ਸਾੜਨ ਲਈ ਖੁਦ ਲੱਕੜੀਆਂ ਇਕੱਠੀਆਂ ਕਰਾਂਗਾ।"

## ਫਰਦੀਨੈਂਦ ਮੈਗਾਲਨ (1480-1521)

*(ਪੁਰਤਗਾਲ ਦਾ ਜੰਮਪਲ ਜਹਾਜ਼ਰਾਨ ਤੇ ਖੋਜੀ। ਸ਼ਾਂਤ ਮਹਾਂਸਾਗਰ ਨੂੰ ਪਾਰ ਕਰਨ ਵਾਲਾ ਪਹਿਲਾ ਯੂਰਪੀਅਨ)*

"ਚਰਚ ਦਾ ਕਹਿਣਾ ਹੈ ਕਿ ਧਰਤੀ ਚਪਟੀ ਹੈ। ਪਰ ਮੈਨੂੰ ਪਤਾ ਹੈ ਕਿ ਇਹ ਗੋਲ਼ ਹੈ, ਕਿਉਂਕਿ ਮੈਂ ਚੰਦ 'ਤੇ ਪਰਛਾਵਾਂ ਦੇਖਿਆ ਹੈ ਤੇ ਮੈਨੂੰ ਚਰਚ ਨਾਲੋਂ ਪਰਛਾਵੇਂ 'ਤੇ ਜ਼ਿਆਦਾ ਭਰੋਸਾ ਹੈ।"

## ਮਾਰਟਿਨ ਲੂਥਰ (1483-1546)

*(ਇਸਾਈ ਮੱਤ ਦੇ ਪਰੋਟੈਸਟੈਂਟ ਸੰਪਰਦਾਇ ਦਾ ਬਾਨੀ)*

"ਤਰਕ (ਰੀਜ਼ਨ) ਹੀ ਵਿਸ਼ਵਾਸ (ਰੱਬ ਵਿਚ) ਦਾ ਸਭ ਤੋਂ ਵੱਡਾ ਦੁਸ਼ਮਣ ਹੈ ... ਜਿਹੜਾ ਵੀ ਕੋਈ ਇਸਾਈ ਬਣਨਾ ਚਾਹੁੰਦਾ ਹੈ, ਉਹ ਆਪਣੇ ਤਰਕ ਦੀਆਂ ਅੱਖਾਂ ਕੱਢ ਦੇਵੇ ... ਤਰਕ ਨੂੰ ਸਾਰੇ ਇਸਾਈਆਂ ਵਿੱਚੋਂ ਖਤਮ ਕਰ ਦੇਣਾ ਚਾਹੀਦਾ ਹੈ।"

## ਮਾਈਕਲ ਡੀ ਮੌਨਟੇਨ (1533-1592)

*(ਫਰਾਂਸੀਸੀ ਦਾਰਸ਼ਨਿਕ)*

"ਸਾਡਾ ਧਰਮ ਬਣਿਆਂ ਤਾਂ ਹੈ ਕਿ ਬੁਰਾਈਆਂ ਨੂੰ ਦੂਰ ਕਰੇ, ਪਰ ਅਸਲ ਵਿਚ ਇਹ ਇਨ੍ਹਾਂ ਨੂੰ ਹੱਲਾ ਸ਼ੇਰੀ ਦਿੰਦਾ ਹੈ, ਲੁਕਾਉਂਦਾ ਹੈ ਅਤੇ ਪਾਲਦਾ ਹੈ।"

"ਕਿੰਨੀਆਂ ਹੀ ਚੀਜ਼ਾਂ ਹਨ ਜਿਨ੍ਹਾਂ 'ਤੇ ਅਸੀਂ ਕੱਲ੍ਹ ਵਿਸ਼ਵਾਸ ਕਰਦੇ ਸੀ ਪਰ ਅੱਜ ਪਰੀ ਕਹਾਣੀਆਂ ਦੱਸਦੇ ਹਾਂ।"

ਆਦਮੀ ਕੋਲੋਂ ਇਕ ਕੀੜਾ ਤਾਂ ਬਣਾਇਆ ਨਹੀਂ ਜਾ ਸਕਦਾ, ਪਰ ਉਹ ਦਰਜਣਾਂ ਰੱਬ ਬਣਾ ਦੇਵੇਗਾ।"

## ਸੇਂਟ ਰੌਬਰਟ ਬੇਲਰਮਈਨ (1542-1621)

*(ਇਟਲੀ ਦਾ ਜੰਮਪਲ਼ ਕੈਥੋਲਿਕ ਚਰਚ ਦਾ ਕਾਰਡੀਨਲ -ਮੁਖੀ)*

"ਵਿਸ਼ਵਾਸ ਕਰਨ ਦੀ ਆਜ਼ਾਦੀ ਘਾਤਕ ਹੈ। ਇਹ ਗਲਤ ਹੋਣ ਦੀ ਆਜ਼ਾਦੀ ਤੋਂ ਬਿਨਾਂ ਕੁਝ ਵੀ ਨਹੀਂ।"

## ਸਰ ਫਰਾਂਸਿਸ ਬੇਕਨ (1561-1626)

*(ਬਰਤਾਨਵੀ ਦਾਰਸ਼ਨਿਕ, ਸਿਆਸਦਾਨ, ਵਿਗਿਆਨੀ ਤੇ ਲਿਖਾਰੀ)*

"ਕਿਤਾਬਾਂ ਨੂੰ ਵਿਗਿਆਨ ਤੋਂ ਅਗਵਾਈ ਲੈਣੀ ਚਾਹੀਦੀ ਹੈ ਨਾ ਕਿ ਵਿਗਿਆਨ ਨੂੰ ਕਿਤਾਬਾਂ ਤੋਂ।"

"ਬੰਦੇ ਮੌਤ ਤੋਂ ਉਸੇ ਤਰ੍ਹਾਂ ਡਰਦੇ ਹਨ, ਜਿਸ ਤਰ੍ਹਾਂ ਬੱਚੇ ਹਨੇਰੇ ਵਿਚ ਜਾਣ ਤੋਂ; ਜਿਸ ਤਰ੍ਹਾਂ ਬੱਚਿਆਂ ਵਿਚਲਾ ਉਹ ਸੁਭਾਵਕ ਡਰ ਉਨ੍ਹਾਂ ਨੂੰ ਸੁਣਾਈਆਂ ਕਹਾਣੀਆਂ ਨਾਲ ਵੱਧਦਾ ਹੈ, ਉਹੀ ਗੱਲ ਬੰਦਿਆਂ ਨਾਲ ਵਾਪਰਦੀ ਹੈ।"

''ਨਾਸਤਿਕਤਾ ਬੰਦੇ ਨੂੰ ਅਕਲ, ਦਰਸ਼ਨ, ਕੁਦਰਤੀ ਪਵਿੱਤਰਤਾ, ਕਾਨੂੰਨ ਅਤੇ ਸਤਿਕਾਰ ਵਲ ਲੈ ਕੇ ਜਾਂਦੀ ਹੈ, ਇਹ ਸਾਰੀਆਂ ਚੀਜ਼ਾਂ ਉਹਦੀ ਬਾਹਰ ਦਿਸਦੀ ਸਦਾਚਾਰਕ ਚੰਗਿਆਈ ਦੀਆਂ ਸੰਕੇਤਕ ਹੋ ਸਕਦੀਆਂ ਹਨ ਹਾਲਾਂ ਕਿ ਧਰਮ ਇਸ ਵਿਚ ਸ਼ਾਮਲ ਨਹੀਂ ਹੁੰਦਾ... ਪਰ ਅੰਧ-ਵਿਸ਼ਵਾਸ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਲਾਹ ਕੇ ਬੰਦੇ ਦੇ ਦਿਮਾਗ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਜਾਂਦਾ ਹੈ।''

## ਕ੍ਰਿਸਟੋਫਰ ਮਾਰਲੋਅ (1564-1593)

*(ਬਰਤਾਨਵੀ ਨਾਟਕਕਾਰ, ਕਵੀ ਤੇ ਅਨੁਵਾਦਕ)*

''ਧਰਮ ਬਹੁਤ ਸਾਰੀਆਂ ਸ਼ਰਾਰਤਾਂ ਨੂੰ ਸ਼ੱਕੀ ਹੋਣ ਤੋਂ ਲੁਕੋ ਲੈਂਦਾ ਹੈ।''

''ਮੈਂ ਧਰਮ ਨੂੰ ਬੱਚਿਆਂ ਦਾ ਖਿਡੌਣਾ ਸਮਝਦਾ ਹਾਂ ਅਤੇ ਇਹ ਮੰਨਦਾ ਹਾਂ ਕਿ ਅਗਿਆਨਤਾ ਨਾਲੋਂ ਵੱਡਾ ਹੋਰ ਕੋਈ ਪਾਪ ਨਹੀਂ।''

## ਵਿਲੀਅਮ ਸ਼ੇਕਸਪੀਅਰ (1564-1616)

*(ਨਾਟਕਕਾਰ ਤੇ ਕਵੀ ਜਿਸ ਨੂੰ ਅੰਗ੍ਰੇਜ਼ੀ ਬੋਲੀ ਦਾ ਸਭ ਤੋਂ ਵੱਡਾ ਲੇਖਕ ਮੰਨਿਆਂ ਜਾਂਦਾ ਹੈ।)*

''ਧਰਮ ਵਿਚ / ਕਿੱਡੀ ਵੀ ਕੋਈ ਗਲਤੀ ਹੋਵੇ
ਕੋਈ ਗੰਭੀਰ ਜਾਪਦਾ ਬੁੱਧੀਮਾਨ / ਉਹਨੂੰ ਅਸ਼ੀਰਵਾਦ ਦੇ ਦੇਵੇਗਾ
ਕਿਸੇ ਲਿਖਤ ਨਾਲ ਮਾਨਤਾ ਬਖਸ਼ੇਗਾ / ਉਹਦੇ ਵਿਚਲੀ ਗੰਦਗੀ ਜਾਂ
ਉਜੱਡਪੁਣੇ ਨੂੰ / ਸੋਹਣੇ ਸੋਹਣੇ ਜ਼ੇਵਰਾਂ ਨਾਲ ਢਕ ਲਵੇਗਾ।''

## ਗਲੀਲਿਓ ਗਲੀਲਾਇ (1564-1642)

*(ਇਤਾਲਵੀ ਭੌਤਿਕ ਵਿਗਿਆਨੀ, ਹਿਸਾਬਦਾਨ, ਤਾਰਾ ਵਿਗਿਆਨੀ ਤੇ ਦਾਰਸ਼ਨਿਕ ਜਿਹਨੇ ਵਿਗਿਆਨ ਦੇ ਇਨਕਲਾਬ ਵਿਚ ਵੱਡਾ ਰੋਲ ਨਿਭਾਇਆ।)*

''ਮੈਨੂੰ ਨਹੀਂ ਲਗਦਾ ਕਿ ਇਹ ਮੰਨਣਾ ਮੇਰਾ ਫਰਜ਼ ਬਣਦਾ ਹੈ ਕਿ ਉਹੀ ਰੱਬ ਜਿਹਨੇ ਸਾਨੂੰ ਅਕਲ, ਤਰਕ ਤੇ ਬੁੱਧੀ ਦਿੱਤੀ ਹੈ ਉਹ ਚਾਹੁੰਦਾ ਹੈ ਕਿ ਅਸੀਂ ਇਸ ਦੀ ਵਰਤੋਂ ਨਾ ਕਰੀਏ।''

"ਸ਼ੰਕਾ ਕਾਢ ਦੀ ਮਾਂ ਹੈ।"

### ਬੈੱਨ ਜੌਹਨਸਨ (1572- 1637)

*(ਬਰਤਾਨਵੀ ਕਵੀ)*

"ਧਰਮ ਬੰਦਿਆਂ ਨੂੰ ਕਿੰਨੇ ਮਾਅਰਕੇ ਦੇ ਬੇਵਕੂਫ ਬਣਾਉਂਦਾ ਹੈ।"

### ਵਿਲੀਅਮ ਡਰੱਮੰਨਡ (1585-1649)

*(ਸਕਾਟਲੈਂਡ ਦਾ ਕਵੀ)*

"ਜਿਹੜਾ ਤਰਕ ਵਰਤਦਾ ਨਹੀਂ ਉਹ ਕੱਟੜਪੰਥੀ ਹੈ; ਜਿਹੜਾ ਤਰਕ ਵਰਤ ਨਹੀਂ ਸਕਦਾ ਉਹ ਮੂਰਖ ਹੈ; ਜਿਹੜਾ ਤਰਕ ਵਰਤਣ ਦਾ ਹੌਂਸਲਾ ਨਹੀਂ ਕਰਦਾ ਉਹ ਗੁਲਾਮ ਹੈ।"

### ਥੌਮਸ ਹੌਬਸ (1588-1679)

*(ਬਰਤਾਨਵੀ ਦਾਰਸ਼ਨਿਕ)*

"ਅਣਦਿਸਦੀਆਂ ਚੀਜ਼ਾਂ ਦਾ ਡਰ ਉਸ ਚੀਜ਼ ਦਾ ਬੀਜ ਹੈ ਜਿਸ ਨੂੰ ਹਰ ਕੋਈ ਧਰਮ ਕਹਿੰਦਾ ਹੈ।"

"ਧਰਮ ਉਨ੍ਹਾਂ ਗੋਲ਼ੀਆਂ ਵਾਂਗ ਹਨ ਜਿਨ੍ਹਾਂ ਨੂੰ ਬਿਨਾਂ ਚਿੱਥੇ ਅੰਦਰ ਲੰਘਾਉਣਾ ਹੁੰਦਾ ਹੈ।"

### ਬਲੇਜ਼ ਪਾਸਕਿਲ (1623-1662)

*(ਫਰਾਂਸੀਸੀ ਹਿਸਾਬਦਾਨ ਤੇ ਧਾਰਮਿਕ ਦਾਰਸ਼ਨਿਕ)*

"ਬੰਦੇ ਆਮ ਤੌਰ 'ਤੇ ਕਦੇ ਵੀ ਓਨੀ ਪੂਰੀ ਤਰ੍ਹਾਂ ਤੇ ਖੁਸ਼ੀ ਨਾਲ ਪਾਪ ਨਹੀਂ ਕਰਦੇ ਜਿੰਨੀ ਖੁਸ਼ੀ ਨਾਲ ਉਹ ਧਾਰਮਿਕ ਸ਼ਰਧਾ ਅਧੀਨ ਕਰਦੇ ਹਨ।"

## ਬੈਨੇਡਿਕਟ ਬਾਰੂਚ ਸਿਪਨੋਜ਼ਾ (1632-1677)

*(ਡੱਚ ਭਾਸ਼ਾ ਦਾ ਦਾਰਸ਼ਨਿਕ ਯਹੂਦੀ ਪਿਛੋਕੜ ਦਾ ਪੁਰਤਗਾਲੀ )*

"ਜੇ ਤਿਕੋਨ ਬੋਲ ਸਕਦੀ ਹੁੰਦੀ ਤਾਂ ਕਹਿੰਦੀ ਕਿ ਰੱਬ ਤਾਂ ਮੁੱਖ ਤੌਰ 'ਤੇ ਤਿਕੋਨਾ ਹੈ, ਜਦ ਕਿ ਗੋਲ਼ ਚੱਕਰ ਨੇ ਕਹਿਣਾ ਸੀ ਕਿ ਇਹ ਮੁੱਖ ਤੌਰ 'ਤੇ ਗੋਲ਼ ਹੈ।"

## ਆਈਜ਼ੈਕ ਨਿਊਟਨ (1642-1727)

*(ਬਰਤਾਨਵੀ ਦਾਰਸ਼ਨਿਕ, ਭੌਤਿਕ ਵਿਗਿਆਨੀ, ਹਿਸਾਬਦਾਨ ਤੇ ਤਾਰਾ ਵਿਗਿਆਨੀ)*

"ਮੈਨੂੰ ਨਹੀਂ ਪਤਾ ਕਿ ਮੈਂ ਦੂਜਿਆਂ ਨੂੰ ਕਿਹੋ ਜਿਹਾ ਲਗਦਾ ਹਾਂ, ਪਰ ਮੈਨੂੰ ਖ਼ੁੱਦ ਨੂੰ ਤਾਂ ਇੰਦਾਂ ਲਗਦਾ ਹੈ ਕਿ ਮੈਂ ਇਕ ਛੋਟਾ ਜਿਹਾ ਬੱਚਾ ਗਿਆਨ ਦੇ ਵਿਸ਼ਾਲ ਸਾਗਰ ਕੰਢੇ ਘੁੰਮ ਰਿਹਾ ਹਾਂ, ਕਦੇ ਕਦੇ ਕੋਈ ਛੋਟੀ ਜਿਹੀ ਚਮਕੀਲੀ ਗੀਟੀ ਮੇਰੇ ਹੱਥ ਲੱਗ ਜਾਂਦੀ ਹੈ, ਜਿਸ ਨਾਲ ਮੈਂ ਆਪਣਾ ਦਿਲ ਖੁਸ਼ ਕਰ ਲੈਂਦਾ ਹਾਂ, ਜਦੋਂ ਕਿ ਸਚਾਈ ਦਾ ਵਿਸ਼ਾਲ ਸਾਗਰ ਮੇਰੇ ਅੱਗੇ ਅਜੇ ਅਣਜਾਣਿਆਂ ਪਿਆ ਹੈ।"

## ਪੀਅਰ ਬੇਅਲ (1647-1706)

*(ਫਰਾਂਸੀਸੀ ਦਾਰਸ਼ਨਿਕ ਤੇ ਆਲੋਚਕ)*

"ਧਰਮ ਦੇ ਮਾਮਲੇ 'ਚ ਬੰਦੇ ਨੂੰ ਧੋਖਾ ਦੇਣਾ ਬਹੁਤ ਸੁਖਾਲਾ ਹੈ ਪਰ ਉਸ ਧੋਖੇ 'ਚੋਂ ਕੱਢਣਾ ਬੇਹੱਦ ਔਖਾ।"

"ਆਮ ਪੂਰਵ-ਧਾਰਨਾ ਹੀ ਸਾਨੂੰ ਮੰਨਣ ਲਈ ਮਜਬੂਰ ਕਰਦੀ ਹੈ ਕਿ ਨਾਸਤਿਕ ਹੋਣਾ ਖਤਰਨਾਕ ਹੈ।"

## ਜੌਨਾਥਨ ਸਵਿਫਟ (1667-1745)

*(ਆਇਰਲੈਂਡ ਦਾ ਜੰਮਪਲ਼ ਅੰਗ੍ਰੇਜ਼ੀ ਦਾ ਲਿਖਾਰੀ ਜਿਹੜਾ ਆਪਣੀਆਂ ਵਿਅੰਗਮਈ ਲਿਖਤਾਂ ਕਰਕੇ ਜਾਣਿਆਂ ਜਾਂਦਾ ਹੈ )*

“ਸਾਨੂੰ ਇਕ ਦੂਜੇ ਨਾਲ ਨਫਰਤ ਕਰਨੀ ਸਿਖਾਉਣ ਲਈ ਸਾਡੇ ਕੋਲ ਧਰਮ ਦੀ ਕੋਈ ਕਮੀ ਨਹੀਂ, ਪਰ ਇਕ ਦੂਜੇ ਨੂੰ ਪਿਆਰ ਕਰਨਾ ਸਿਖਾਲਣ ਲਈ ਇਹ ਕਾਫੀ ਨਹੀਂ।”

## ਜੀਨ ਮਿਸਲੀਅਰ (1664–1729)

*(ਫਰਾਂਸੀਸੀ ਕੈਥੋਲਿਕ ਪਾਦਰੀ, ਜਿਹਦੀ ਮੌਤ ਤੋਂ ਬਾਅਦ ਪਤਾ ਲੱਗਾ ਕਿ ਉਸ ਨੇ ਦਰਸ਼ਨ ਦੀ ਇਕ ਪੂਰੀ ਕਿਤਾਬ ਨਾਸਤਿਕਤਾ ਨੂੰ ਉਤਸ਼ਾਹਿਤ ਕਰਨ ਲਈ ਲਿਖੀ ਸੀ। ਇਸ ਵਿਚ ਉਸ ਨੇ ਸਾਰੇ ਧਰਮਾਂ ਦੀ ਸਖਤ ਨਿੰਦਿਆ ਕੀਤੀ ਸੀ )*

“ਮੇਰੀ ਅਖੀਰਲੀ ਤੇ ਸਭ ਤੋਂ ਤੀਬਰ ਖਾਹਿਸ਼ ਇਹ ਹੋਵੇਗੀ, ਕਿ ਅਖੀਰਲੇ ਰਾਜੇ ਨੂੰ ਅਖੀਰਲੇ ਪਾਦਰੀ ਦੀਆਂ ਆਂਦਰਾਂ ਨਾਲ ਫਾਹਾ ਦਿੱਤਾ ਜਾਵੇ।” *(ਇਹ ਉਕਤੀ ਜੀਨ ਡੈਨਿਸ ਡਿਡਰੋਟ ਦੇ ਨਾਂ ਨਾਲ ਵੀ ਜੋੜੀ ਜਾਂਦੀ ਹੈ)*

“ਸਦਾਚਾਰ ਦੇ ਸੱਚੇ ਅਸੂਲ ਖੋਜਣ ਲਈ ਮਨੁੱਖਾਂ ਨੂੰ ਧਾਰਮਿਕ ਸਿਧਾਂਤਾਂ, ਇਲਹਾਮ ਜਾਂ ਰੱਬਾਂ ਦੀ ਲੋੜ ਨਹੀਂ ਹੈ। ਉਨ੍ਹਾਂ ਨੂੰ ਬੱਸ ਆਮ ਸੂਝ ਦੀ ਲੋੜ ਹੈ।”

“ਆਓ ਮਨੁੱਖਾਂ ਨੂੰ ਇਨਸਾਫ-ਪਸੰਦ, ਦਇਆਵਾਨ, ਨਰਮ ਦਿਲ, ਤੇ ਮਿਲਣਸਾਰ ਹੋਣਾ ਸਿਖਾਈਏ, ਇਸ ਲਈ ਨਹੀਂ ਕਿ ਉਨ੍ਹਾਂ ਦੇ ਰੱਬ ਜਾਂ ਦੇਵਤੇ ਇਹ ਚਾਹੁੰਦੇ ਹਨ ਸਗੋਂ ਦੂਜੇ ਮਨੁੱਖਾਂ ਨੂੰ ਸੁਖੀ ਤੇ ਖੁਸ਼ ਕਰਨ ਲਈ।”

“ਆਓ ਮਨੁੱਖਾਂ ਨੂੰ ਦੱਸੀਏ ਕਿ ਬੁਰਾਈ ਤੇ ਜੁਰਮ ਨਾ ਕਰਨ, ਪਰ ਇਸ ਲਈ ਨਹੀਂ ਕਿ ਬੁਰਾਈ ਤੇ ਜੁਰਮ ਕਰਨ ਨਾਲ ਉਨ੍ਹਾਂ ਨੂੰ ਅਗਲੇ ਜਨਮ ਵਿਚ ਸਜ਼ਾ ਮਿਲੇਗੀ, ਸਗੋਂ ਇਸ ਲਈ ਕਿ ਇਸ ਨਾਲ ਉਨ੍ਹਾਂ ਦੇ ਇਸ ਜੀਵਨ ’ਤੇ ਬੁਰਾ ਅਸਰ ਪਏਗਾ।”

## ਜੌਰਜ ਫਾਰਕੁਹਾਰ (1678-1707)

*(ਆਇਰਲੈਂਡ ਦਾ ਨਾਟਕਕਾਰ)*

“… ਇਹ ਬੜੀ ਅਜੀਬ ਗੱਲ ਆ, ਆਪਣੇ ਲੋਕ ਸਾਰਾ ਹਫਤਾ ਇਕ ਦੂਜੇ ਨਾਲ ਸਹਿਮਤ ਨਹੀਂ ਹੋ ਸਕਦੇ ਕਿਉਂਕਿ ਉਹ ਐਤਵਾਰ ਵਾਲੇ ਦਿਨ ਵੱਖਰੇ ਵੱਖਰੇ ਰਾਹਾਂ ਨੂੰ ਜਾਂਦੇ ਹਨ।”

"ਲੋੜ, ਕਾਢ ਦੀ ਮਾਂ ਹੈ।"

## ਵਾਲਟੇਅਰ (1694-1778)

*(ਇਨਲਾਈਟਨਮੈਂਟ ਦਾ ਫਰਾਂਸੀਸੀ ਲਿਖਾਰੀ ਤੇ ਦਾਰਸ਼ਨਿਕ ਜਿਹੜਾ ਆਪਣੀ ਸੂਝ ਬੂਝ (ਵਿੱਟ) ਅਤੇ ਸਮਾਜਕ ਆਜ਼ਾਦੀਆਂ ਦੇ ਹੱਕ 'ਚ ਬੋਲਣ ਲਈ ਜਾਣਿਆਂ ਜਾਂਦਾ ਹੈ)*

"ਧਰਮ ਦੀ ਸ਼ੁਰੂਆਤ ਉਦੋਂ ਹੋਈ, ਜਦੋਂ ਪਹਿਲੇ ਠੱਗ ਨੂੰ ਪਹਿਲਾ ਬੁੱਧੂ ਮਿਲਿਆ।"

"ਰੱਬ ਅੱਗੇ ਅਰਦਾਸ ਕਰਨ ਦਾ ਅਰਥ ਹੈ ਆਪਣੇ ਆਪ ਨੂੰ ਏਨੀ ਮਹੱਤਤਾ ਦੇਣੀ ਕਿ ਸ਼ਬਦਾਂ ਨਾਲ ਹੀ ਤੁਸੀਂ ਕੁਦਰਤ ਨੂੰ ਬਦਲ ਸਕਦੇ ਹੋ।"

"ਜੋ ਬੇਤੁਕੀਆਂ ਗੱਲਾਂ 'ਚ ਯਕੀਨ ਕਰਨਗੇ, ਉਹ ਅਤਿਆਚਾਰ ਕਰਨਗੇ।"

"ਇਕ ਹੋਰ ਸਦੀ ਲੰਘਣ ਦਿਓ, ਧਰਤੀ 'ਤੇ ਇਕ ਵੀ ਬਾਈਬਲ ਨਹੀਂ ਬਚੇਗੀ।"

"ਦੁਨੀਆ ਨੂੰ ਲਾਗ ਵਾਂਗ ਲੱਗੇ ਧਰਮਾਂ ਵਿੱਚੋਂ ਇਸਾਈ ਮੱਤ ਸਭ ਤੋਂ ਵੱਧ ਹਾਸੋ-ਹੀਣਾ, ਬੇਤੁਕਾ, ਅਤੇ ਖੂਨੀ ਧਰਮ ਹੈ।"

"ਪਾਦਰੀ ਉਹ ਹੁੰਦਾ ਹੈ ਜਿਹੜਾ ਸਮਝਦਾ ਹੈ ਕਿ ਪਰਮਾਤਮਾ ਨੇ ਉਹਨੂੰ ਵਿਹਲਾ ਰਹਿਣ ਲਈ ਪੈਦਾ ਕੀਤਾ ਹੈ ਤਾਂਕਿ ਉਹ ਕੰਮ ਕਰਨ ਵਾਲੇ ਆਮ ਲੋਕਾਂ ਦੀ ਕਮਾਈ 'ਤੇ ਬੁੱਲੇ ਲੁੱਟੇ।"

"ਰੱਬ ਇਕ ਮਸਖਰਾ ਹੈ ਜਿਹੜਾ ਉਨ੍ਹਾਂ ਸ੍ਰੋਤਿਆਂ ਅੱਗੇ ਤਮਾਸ਼ਾ ਕਰ ਰਿਹਾ ਹੈ ਜੋ ਹੱਸਣ ਤੋਂ ਡਰਦੇ ਹਨ।"

"ਮੂਰਖਾਂ ਨੂੰ ਉਨ੍ਹਾਂ ਸੰਗਲਾਂ ਤੋਂ ਆਜ਼ਾਦ ਕਰਨਾ ਮੁਸ਼ਕਲ ਹੈ ਜਿਨ੍ਹਾਂ ਦੀ ਉਹ ਪੂਜਾ ਕਰਦੇ ਹੋਣ।"

## ਬੈਂਜਾਮਿਨ ਫਰੈਂਕਲਿਨ (1706-1790)

*(ਸੰਯੁਕਿਤ ਰਾਜ ਅਮਰੀਕਾ ਦੇ ਬਾਨੀਆਂ ਵਿੱਚੋਂ। ਉਹ ਆਪਣੇ ਸਮੇਂ ਦਾ ਸਿਰਕੱਢ ਲਿਖਾਰੀ, ਸਿਆਸਤਦਾਨ, ਵਿਗਿਆਨੀ ਤੇ ਇਜਾਦਕਾਰ ਸੀ)*

"ਚਾਨਣ-ਮੁਨਾਰੇ ਚਰਚਾਂ ਨਾਲੋਂ ਜ਼ਿਆਦਾ ਮਦਦਗਾਰ ਹੁੰਦੇ ਨੇ।"

"ਮੈਂ ਦੇਖਿਆ ਹੈ ਕਿ ਧਰਮ ਵਿਚ ਇਹੋ ਜਿਹੀ ਕੋਈ ਰੁਚੀ ਨਹੀਂ ਕਿ ਉਹ ਸਾਨੂੰ ਸਦਾਚਾਰ ਲਈ ਪ੍ਰੇਰੇ, ਉਤਸ਼ਾਹਿਤ ਕਰੇ ਜਾਂ ਸਾਡੇ ਵਿਚ ਸਦਾਚਾਰਕ ਪਕਿਆਈ ਲਿਆਵੇ। ਇਹ ਮੁੱਖ ਤੌਰ 'ਤੇ ਸਾਨੂੰ ਨਿਖੇੜਦਾ ਹੈ ਅਤੇ ਇਕ ਦੂਜੇ ਦੇ ਦੁਸ਼ਮਣ ਬਣਾਉਂਦਾ ਹੈ।"

"ਵਿਸ਼ਵਾਸ ਨਾਲ ਦੇਖਣ ਦਾ ਅਰਥ ਹੈ ਤਰਕ ਦੀਆਂ ਅੱਖਾਂ ਬੰਦ ਕਰਨੀਆਂ।"

## ਹੈਨਰੀ ਫੀਲਡਿੰਗ (1707-1754)

*(ਬਰਤਾਨਵੀ ਨਾਵਲਕਾਰ ਤੇ ਨਾਟਕਕਾਰ)*

"ਕੋਈ ਵੀ ਏਦਾਂ ਦਾ ਬੰਦਾ ਨਹੀਂ ਜਿਹੜਾ ਤਰਕ ਸਹਿਤ, ਸ਼ਾਂਤੀ ਨਾਲ ਤੇ ਖੁੱਲ੍ਹੇ ਮਨ ਨਾਲ ਆਪਣੇ ਧਰਮ ਬਾਰੇ ਸੋਚਣ ਬੈਠਿਆ ਹੋਵੇ ਤੇ ਉਹਨੇ ਆਪਣੇ ਧਰਮ ਨੂੰ ਤਿਲਾਂਜਲੀ ਨਾ ਦਿੱਤੀ ਹੋਵੇ।"

## ਜੁਲੀਅਨ ਓਫਰੇਅ ਡੀ ਲਾ ਮੇਟਰੀ (1709-1751)

*(ਫਰਾਂਸੀਸੀ ਦਾਰਸ਼ਨਿਕ)*

"ਧਾਰਮਿਕ ਲੋਕਾਂ ਦੀਆਂ ਲੜਾਈਆਂ ਨੇ ਇਸ ਦੁਨੀਆ ਤੋਂ ਖੁਸ਼ ਹੋਣ ਦੇ ਮੌਕੇ ਖੋਹ ਲਏ ਹਨ ਅਤੇ ਦੁਨੀਆ ਵਿਚ ਖੁਸ਼ੀ ਨੂੰ ਯਕੀਨੀ ਬਣਾਉਣ ਵਾਸਤੇ ਨਾਸਤਿਕਤਾ ਹੀ ਇੱਕੋ ਇੱਕ ਤਰੀਕਾ ਹੈ।"

## ਡੇਵਿਡ ਹਿਊਮ (1711-1776)

*(ਸਕਾਟਿਸ਼ ਦਾਰਸ਼ਨਿਕ, ਅਰਥ-ਸ਼ਾਸਤਰੀ ਤੇ ਇਤਿਹਾਸਕਾਰ)*

"ਦੁਨੀਆ ਵਿਚ ਛਾਏ ਹੋਏ ਧਾਰਮਿਕ ਅਸੂਲਾਂ ਦਾ ਧਿਆਨ ਨਾਲ ਨਿਰੀਖਣ ਕਰਕੇ ਦੇਖੋ, ਇਸ ਗੱਲ ਦੀ ਰਤਾ ਵੀ ਸ਼ੱਕ ਨਹੀਂ ਰਹੇਗੀ ਕਿ ਉਹ ਬੀਮਾਰ ਬੰਦੇ ਦੇ ਸੁਪਨਿਆਂ ਤੋਂ ਵਾਧੂ ਕੁਝ ਵੀ ਨਹੀਂ।"

"ਜਦੋਂ ਮੈਂ ਸੁਣਦਾ ਹਾਂ ਕਿ ਕੋਈ ਬੰਦਾ ਧਾਰਮਿਕ ਹੈ ਤਾਂ ਨਤੀਜਾ ਕੱਢ ਲੈਂਦਾ ਹਾਂ ਕਿ ਉਹ ਬਦਮਾਸ਼ ਹੈ, ਭਾਵੇਂ ਕਿ ਮੈਂ ਕੁਝ ਅਜਿਹੇ ਬੰਦਿਆਂ ਨੂੰ ਵੀ ਜਾਣਦਾ ਹਾਂ ਜਿਹੜੇ ਧਾਰਮਿਕ ਹੋਣ ਦੇ ਬਾਵਜੂਦ ਚੰਗੇ ਬੰਦੇ ਹਨ।"

## ਜੀਨ ਜਾਕਸ ਰੂਸੋ (1712-1778)

*(ਜਨੀਵਾ, ਸਵਿੱਟਰਜ਼ਰਲੈਂਡ ਦਾ ਲਿਖਾਰੀ ਤੇ ਦਾਰਸ਼ਨਿਕ। ਉਹਦੇ ਦਰਸ਼ਨ ਨੇ ਫਰਾਂਸ ਦੇ ਇਨਕਲਾਬ ਨੂੰ ਉਤਸ਼ਾਹਿਤ ਕੀਤਾ)*

"ਜਿੰਨੀ ਕੋਈ ਧਾਰਮਿਕ ਸੰਪਰਦਾਇ (ਕਲਟ) ਘੱਟ ਤਰਕਸ਼ੀਲ ਹੁੰਦੀ ਹੈ ਉੱਨਾਂ ਹੀ ਵੱਧ ਉਹਦੇ ਪੈਰੋਕਾਰ ਉਹਨੂੰ ਧੱਕੇ ਨਾਲ ਸਥਾਪਤ ਕਰਨਾ ਚਾਹੁੰਦੇ ਹਨ।"

"ਹਰ ਕਿਸਮ ਦੀ ਖੁੱਲ੍ਹ ਤੇ ਇਮਾਨਦਾਰੀ ਸਮਾਜ ਦੀਆਂ ਨਜ਼ਰਾਂ ਵਿਚ ਭਿਆਨਕ ਜੁਰਮ ਹੁੰਦੇ ਹਨ।"

## ਫਰੈਡਰਿੱਕ ਦੂਜਾ (ਮਹਾਨ ਫਰੈਡਰਿੱਕ) (1712-1786)

*(ਪ੍ਰਸ਼ੀਆ (ਜਰਮਨੀ) ਦਾ ਰਾਜਾ। ਵੋਲਟੇਅਰ ਦਾ ਦੋਸਤ।)*

"ਹਰ ਧਰਮ ਤੇ ਮੁਲਕ ਦੇ ਧਰਮ-ਸ਼ਾਸਤਰੀ ਇੱਕੋ ਜਿਹੇ ਹੁੰਦੇ ਹਨ; ਉਨ੍ਹਾਂ ਦਾ ਨਿਸ਼ਾਨਾ ਹਮੇਸ਼ਾ ਬੰਦਿਆਂ ਦੀ ਸੋਚ 'ਤੇ ਤਾਨਾਸ਼ਾਹੀ ਹੁਕਮ ਚਲਾਉਣਾ ਹੁੰਦਾ ਹੈ; ਇਸ ਲਈ ਜਿਹੜਾ ਵੀ ਕੋਈ ਸੱਚ ਬੋਲਣ ਦੀ ਲਾਪਰਵਾਹੀ ਕਰੇ ਉਹ ਉਸ ਨੂੰ ਹੀ ਸਜ਼ਾ ਦਿੰਦੇ ਹਨ।"

"ਧਰਮ ਵਿਰੁੱਧ ਬੇਸ਼ੁਮਾਰ ਗੱਲਾਂ ਕਹੀਆਂ ਜਾ ਸਕਦੀਆਂ ਹਨ। ਮੈਨੂੰ ਇਸ ਗੱਲ ਦੀ ਹੈਰਾਨੀ ਹੁੰਦੀ ਹੈ ਕਿ ਉਹ ਸਾਰਿਆਂ ਨੂੰ ਕਿਉਂ ਨਹੀਂ ਸੁੱਝਦੀਆਂ।"

## ਡੈਨਿਸ ਡਿਟਰੋਟ (1713-1784)

*(ਫਰਾਂਸੀਸੀ ਦਾਰਸ਼ਨਿਕ ਅਤੇ ਲਿਖਾਰੀ)*

"ਇਨਸਾਨ ਓਨਾਂ ਚਿਰ ਕਦੇ ਵੀ ਆਜ਼ਾਦ ਨਹੀਂ ਹੋ ਸਕਦਾ ਜਿੰਨਾ ਚਿਰ ਅਖੀਰਲੇ ਰਾਜੇ ਨੂੰ ਅਖੀਰਲੇ ਪਾਦਰੀ ਦੀਆਂ ਆਂਦਰਾਂ ਨਾਲ ਫਾਹਾ ਨਾ ਦਿੱਤਾ ਜਾਵੇ।" *(ਇਹ ਉਕਤੀ ਜੀਨ ਮਿਸਲੀਅਰ ਦੇ ਨਾਂ ਨਾਲ ਵੀ ਜੋੜੀ ਜਾਂਦੀ ਹੈ)*

"ਫਿਲਾਸਫਰ ਨੇ ਕਦੇ ਕੋਈ ਪਾਦਰੀ ਨਹੀਂ ਮਾਰਿਆ, ਜਦ ਕਿ ਪਾਦਰੀਆਂ ਨੇ ਬਹੁਤ ਵੱਡੀ ਗਿਣਤੀ 'ਚ ਫਿਲਾਸਫਰਾਂ ਦਾ ਕਤਲ ਕੀਤਾ ਹੈ।"

"ਸਭ ਤੋਂ ਖਤਰਨਾਕ ਪਾਗਲ ਉਹ ਹੁੰਦੇ ਹਨ ਜਿਹੜੇ ਧਰਮ ਦੁਆਰਾ ਪੈਦਾ ਕੀਤੇ ਜਾਂਦੇ ਹਨ ਅਤੇ... ਜਿਨ੍ਹਾਂ ਲੋਕਾਂ ਦਾ ਨਿਸ਼ਾਨਾ ਸਮਾਜ ਵਿਚ ਗੜਬੜ ਫੈਲਾਉਣਾ ਹੁੰਦਾ ਹੈ, ਉਨ੍ਹਾਂ ਨੂੰ ਹਮੇਸ਼ਾ ਪਤਾ ਹੁੰਦਾ ਹੈ ਕਿ ਸਮੇਂ ਸਿਰ ਉਨ੍ਹਾਂ ਪਾਗਲਾਂ ਦਾ ਇਸਤੇਮਾਲ ਕਿੱਦਾਂ ਕਰਨਾ ਹੈ।"

## ਪੌਨਟੀਐਕ ਜਾਂ ਓਬਵਾਨਡੀਆਗ (1720–1769)

*(ਔਟਵਾ ਕਬੀਲੇ ਦਾ ਨੇਤਾ। ਉਹ ਪੌਨਟੀਐਕ ਵਿਦਰੋਹ ਵਿਚਲੇ ਆਪਣੇ ਰੋਲ ਕਾਰਨ ਮਸ਼ਹੂਰ ਹੋਇਆ ਜਿਹੜਾ ਬਰਤਾਨਵੀ ਫੌਜ ਦੇ ਮਹਾਨ ਝੀਲਾਂ ਦੇ ਇਲਾਕੇ ਉੱਪਰ ਕਬਜ਼ੇ ਵਿਰੁੱਧ ਸੀ।)*

"ਉਹ ਬਾਈਬਲ ਅਤੇ ਆਪਣਾ ਧਰਮ ਲੈ ਕੇ ਆਏ ਸਨ, ਉਨ੍ਹਾਂ ਨੇ ਸਾਡੀ ਧਰਤੀ ਚੋਰੀ ਕੀਤੀ, ਸਾਡੀ ਰੂਹ ਨੂੰ ਮਲੀਆਮੇਟ ਕੀਤਾ, ਅਤੇ ਹੁਣ ਸਾਨੂੰ ਦੱਸਦੇ ਹਨ ਕਿ ਸਾਨੂੰ ਮਾਲਿਕ (ਲਾਰਡ) ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿਉਂਕਿ ਉਹਨੇ ਸਾਨੂੰ ਬਚਾ ਲਿਆ ਹੈ।"

## ਬੈਰਨ ਡੀ'ਹੋਲਬੈਕ (ਪਾਲ ਹੈਨਰੀ ਥਾਇਰੀ) (1723-1789)

*(ਫਰਾਂਸੀਸੀ ਦਾਰਸ਼ਨਿਕ ਅਤੇ ਸ਼ਾਇਦ ਇਸਾਈ ਮੱਤ ਦੀ ਸਥਾਪਤੀ ਦਾ ਸਭ ਤੋਂ ਪਹਿਲਾ ਸ਼ਰੇਆਮ ਨਾਸਤਿਕ ਲਿਖਾਰੀ, ਜਿਹਨੇ ਆਪਣੀ ਲਿਖਤ – ਦਾ ਸਿਸਟਮ ਆਫ ਨੇਚਰ – ਵਿਚ ਕੁਦਰਤ ਪਿੱਛੇ ਕਿਸੇ ਕਿਸਮ ਦੀ ਰੱਬੀ ਯੋਜਨਾ ਹੋਣ ਤੋਂ ਨਾਂਹ ਕੀਤੀ)*

"ਸਾਰੇ ਬੱਚੇ ਨਾਸਤਿਕ ਹੁੰਦੇ ਹਨ – ਉਨ੍ਹਾਂ ਨੂੰ ਰੱਬ ਬਾਰੇ ਕੁੱਝ ਪਤਾ ਨਹੀਂ ਹੁੰਦਾ।"

"ਨਾਸਤਿਕ ... ਅਜਿਹਾ ਬੰਦਾ ਹੁੰਦਾ ਹੈ, ਜਿਹੜਾ ਮਨੁੱਖਤਾ ਲਈ ਹਾਨੀਕਾਰਕ ਡਰਾਵਿਆਂ ਨੂੰ ਖਤਮ ਕਰਦਾ ਹੈ ਤਾਂਕਿ ਮਨੁੱਖ ਜੀਵਨ ਦੇ ਤਜਰਬੇ ਕਰਨ ਲਈ ਮੁੜ ਕੁਦਰਤ ਨਾਲ ਜੁੜੇ ਤੇ ਤਰਕ ਨਾਲ ਸੋਚੇ ਸਮਝੇ।"

"ਸੋਚ ਦੀ ਆਜ਼ਾਦੀ ਤੇ ਸਹਿਨਸ਼ੀਲਤਾ ਧਾਰਮਿਕ ਕੱਟੜਵਾਦ ਨੂੰ ਖਤਮ ਕਰਨ ਵਾਲੀਆਂ ਅਸਲੀ ਜ਼ਹਿਰਮਾਰ ਦਵਾਈਆਂ (ਐਂਟੀਡੋਟ) ਹੁੰਦੀਆਂ ਹਨ।"

"ਧਰਮ ਨੇ ਬੰਦੇ ਦਾ ਦਿਮਾਗ ਹਮੇਸ਼ਾ ਹਨੇਰੇ ਨਾਲ ਭਰਿਆ ਹੈ ਅਤੇ ਉਸ ਨੂੰ ਉਸ ਦੇ ਅਸਲੀ ਫਰਜ਼ਾਂ ਅਤੇ ਦਿਲਚਸਪੀਆਂ ਬਾਰੇ ਅਣਜਾਣ ਰੱਖਿਆ ਹੈ। ਧਰਮ ਦੇ ਬੱਦਲ ਤੇ ਛਲਾਵੇ ਖਤਮ ਕਰਨ ਬਾਅਦ ਹੀ ਅਸੀਂ ਸੱਚ, ਤਰਕ ਤੇ ਸਦਾਚਾਰ ਦੀ ਭਾਲ ਕਰ ਸਕਾਂਗੇ।"

## ਇਮੈਨੁਅਲ ਕਾਂਤ (1724-1804)

*(ਜਰਮਨ ਦਾਰਸ਼ਨਿਕ )*

"ਧਰਮ-ਸਿਧਾਂਤ (ਡੌਗਮਾ) ਦੀ ਮੌਤ ਹੋਣ ਨਾਲ ਸਦਾਚਾਰ ਦਾ ਜਨਮ ਹੁੰਦਾ ਹੈ।"

"ਜਿਹੜਾ ਸਦਾਚਾਰਕ ਤੌਰ 'ਤੇ ਵਿਕਾਸ ਕਰ ਜਾਵੇ, ਉਹ ਅਰਦਾਸਾਂ ਕਰਨੋਂ ਹਟ ਜਾਂਦਾ ਹੈ।"

## ਵਿਲੀਅਮ ਫੌਲਾਇਡ (1735-1826)

*(ਅਮਰੀਕਾ ਦੇ ਬਾਨੀਆਂ ਵਿੱਚੋਂ ਇੱਕ)*

"ਬਾਈਬਲ ਨੇ ਦੁਨੀਆ ਦੀ ਕਿਸੇ ਵੀ ਹੋਰ ਕਿਤਾਬ ਨਾਲੋਂ ਵੱਧ ਨੁਕਸਾਨ ਕੀਤਾ ਹੈ।"

## ਜਾਹਨ ਐਡਮਜ਼ (1735-1826)

*(ਸੰਯੁਕਿਤ ਰਾਜ ਅਮਰੀਕਾ ਦੇ ਬਾਨੀਆਂ ਵਿੱਚੋਂ ਅਤੇ ਅਮਰੀਕਾ ਦਾ ਦੂਜਾ ਰਾਸ਼ਟਰਪਤੀ)*

"ਅਮਰੀਕਾ ਦੀ ਸਰਕਾਰ ਕਿਸੇ ਵੀ ਪੱਖੋਂ ਇਸਾਈ ਧਰਮ 'ਤੇ ਅਧਾਰਤ ਨਹੀਂ ਹੈ।"

"ਜੇ ਇਸ ਦੁਨੀਆ ਵਿਚ ਧਰਮ ਨਾ ਹੁੰਦੇ ਤਾਂ ਜਿੰਨੀ ਵਧੀਆ ਦੁਨੀਆ ਹੋਣ ਦੀ ਸੰਭਾਵਨਾ ਮੌਜੂਦ ਹੈ, ਇਹ ਓਨੀ ਹੀ ਵਧੀਆ ਹੋ ਸਕਦੀ ਸੀ।"

## ਥੌਮਸ ਪੇਨ (1737-1809)

*(ਐਂਗਲੋ-ਅਮਰੀਕਨ ਸਿਆਸੀ ਦਾਰਸ਼ਨਿਕ। ਉਹਦੀਆਂ ਲਿਖਤਾਂ ਨੇ 1775-1783 ਦੇ ਅਮਰੀਕਨ ਅਤੇ 1789-1799 ਦੇ ਫਰਾਂਸੀਸੀ ਇਨਕਲਾਬ ਨੂੰ ਪ੍ਰਭਾਵਿਤ ਕੀਤਾ)*

"ਬਾਈਬਲ ਅਜਿਹੀ ਕਿਤਾਬ ਹੈ ਜਿਹੜੀ ਕਿਸੇ ਵੀ ਹੋਰ ਕਿਤਾਬ ਨਾਲੋਂ ਜ਼ਿਆਦਾ ਪੜ੍ਹੀ ਪਰ ਸਭ ਤੋਂ ਘੱਟ ਪਰਖੀ ਗਈ ਹੈ।"

"ਹਰ ਕਿਸਮ ਦੀਆਂ ਗਲਤੀਆਂ ਤੇ ਬੁਰਾਈਆਂ ਖਿਲਾਫ ਸਭ ਤੋਂ ਕਾਰਗਰ ਹਥਿਆਰ ਤਰਕ (ਰੀਜ਼ਨ) ਹੈ। ਮੈਂ ਤਾਂ ਕਦੇ ਕੋਈ ਹੋਰ ਵਰਤਿਆ ਨਹੀਂ ਤੇ ਮੈਨੂੰ ਲਗਦਾ ਹੈ ਕਿ ਕੋਈ ਹੋਰ ਵਰਤਾਂਗਾ ਵੀ ਨਹੀਂ।"

"ਇਕ ਸਕੂਲ ਅਧਿਆਪਕ ਸੈਂਕੜੇ ਪਾਦਰੀਆਂ ਨਾਲੋਂ ਕਿਤੇ ਵਧੀਆ ਹੈ।"

"ਸਭ ਤੋਂ ਵੱਧ ਘਿਣਾਉਣੀਆਂ ਬੁਰਾਈਆਂ ਤੇ ਸਭ ਤੋਂ ਭਿਆਨਕ ਜ਼ੁਲਮ ਜਿਹੜੇ ਹੁਣ ਤੱਕ ਮਨੁੱਖਤਾ 'ਤੇ ਹੋਏ ਹਨ, ਉਨ੍ਹਾਂ ਦੀ ਜੜ੍ਹ ਜਿਸ ਚੀਜ਼ ਵਿਚ ਹੈ ਉਹਨੂੰ ਇਲਹਾਮੀ ਮਜ਼ਹਬ (ਰਿਵੀਲਡ ਰਿਲੀਜਨ) ਕਿਹਾ ਜਾਂਦਾ ਹੈ।"

"ਬਾਈਬਲ ਬਦਚਲਨੀ ਦਾ ਇਤਿਹਾਸ ਹੈ ਜਿਸ ਨੇ ਮਨੁੱਖ ਨੂੰ ਬਦਕਾਰ ਤੇ ਵਹਿਸ਼ੀ ਬਣਾਉਣ ਦਾ ਕੰਮ ਕੀਤਾ ਹੈ; ਅਤੇ ਜਿੱਥੇ ਤੱਕ ਮੇਰਾ ਸਬੰਧ ਹੈ, ਮੈਂ ਇਹਨੂੰ ਪੂਰੀ ਇਮਾਨਦਾਰੀ ਨਾਲ ਤ੍ਰਿਸਕਾਰਦਾ ਹਾਂ ਜਿਸ ਤਰ੍ਹਾਂ ਮੈਂ ਹਰ ਜ਼ਾਲਮ ਚੀਜ਼ ਨੂੰ ਤ੍ਰਿਸਕਾਰਦਾ ਹਾਂ।"

## ਈਥਨ ਐਲਨ (1738-1789)

*(ਅਮਰੀਕਨ ਇਨਕਲਾਬੀ)*

"ਦੁਨੀਆ ਦੇ ਉਨ੍ਹਾਂ ਹਿੱਸਿਆਂ ਵਿਚ ਜਿੱਥੇ ਸਿੱਖਿਆ ਅਤੇ ਵਿਗਿਆਨ ਦਾ ਬੋਲਬਾਲਾ ਹੈ ਕਰਾਮਾਤਾਂ ਹੋਣੋ ਬੰਦ ਹੋ ਗਈਆਂ ਹਨ; ਪਰ ਜਿਨ੍ਹਾਂ ਹਿੱਸਿਆਂ ਵਿਚ ਜਾਂਗਲੀਪੁਣਾ ਅਤੇ ਅਗਿਆਨਤਾ ਕਾਇਮ ਹੈ, ਉੱਥੇ ਅਜੇ ਵੀ ਕਰਾਮਾਤਾਂ ਦਾ ਬੋਲਬਾਲਾ ਹੈ।"

## ਥਾਮਸ ਜੈਫਰਸਨ (1743-1826)

*(ਸੰਯੁਕਿਤ ਰਾਜ ਅਮਰੀਕਾ ਦੇ ਬਾਨੀਆਂ ਵਿੱਚੋਂ ਅਤੇ ਅਮਰੀਕਾ ਦਾ ਤੀਜਾ ਰਾਸ਼ਟਰਪਤੀ)*

"ਮੈਂ ਹੁਣੇ ਜਿਹੇ ਦੁਨੀਆ ਭਰ ਦੇ ਜਾਣੇ ਜਾਂਦੇ ਅੰਧ-ਵਿਸ਼ਵਾਸਾਂ (ਧਰਮਾਂ) ਦਾ ਨਿਰੀਖਣ ਕਰ ਰਿਹਾ ਸਾਂ, ਅਤੇ ਮੈਨੂੰ ਆਪਣੇ ਵਿਸ਼ੇਸ਼ ਅੰਧ-ਵਿਸ਼ਵਾਸ (ਇਸਾਈਅਤ) ਵਿਚ ਇਕ ਵੀ ਅਜਿਹੀ ਗੱਲ ਨਹੀਂ ਲੱਭੀ, ਜਿਹੜੀ ਇਹਨੂੰ ਦੋਸ਼-ਮੁਕਤ ਕਰਦੀ ਹੋਵੇ। ਸਾਰੇ ਅੰਧ-ਵਿਸ਼ਵਾਸ ਇੱਕੋ ਜਿਹੇ ਹਨ ਜਿਹੜੇ ਮਨਘੜਤ ਕਹਾਣੀਆਂ ਅਤੇ ਮਿੱਥਾਂ 'ਤੇ ਅਧਾਰਤ ਹਨ।"

"ਬਹਾਦਰੀ ਨਾਲ ਸਭ ਕਾਸੇ ਬਾਰੇ ਸਵਾਲ ਕਰੋ, ਰੱਬ ਦੀ ਹੋਂਦ ਬਾਰੇ ਵੀ; ਕਿਉਂਕਿ, ਜੇ ਰੱਬ ਹੋਇਆ ਵੀ ਤਾਂ ਉਹ ਖੋਪੇ ਲੱਗੇ ਡਰ ਨਾਲੋਂ ਤਰਕ ਨੂੰ ਜ਼ਿਆਦਾ ਸਨਮਾਨ ਦੇਵੇਗਾ।"

"ਸਾਨੂੰ ਇਤਿਹਾਸ ਵਿੱਚੋਂ ਇਹੋ ਜਿਹੀ ਕੋਈ ਉਦਾਹਰਨ ਨਹੀਂ ਮਿਲਦੀ ਜਿੱਥੇ ਲੋਕਾਂ ਦੀ ਵਾਗਡੋਰ ਪੁਜਾਰੀ (ਪ੍ਰੀਸਟ) ਦੇ ਹੱਥ ਹੋਵੇ ਤੇ ਆਜ਼ਾਦ ਸਰਕਾਰ ਹੋਵੇ।"

"ਹਰ ਮੁਲਕ ਤੇ ਹਰ ਯੁੱਗ ਵਿਚ ਪੁਜਾਰੀ ਆਜ਼ਾਦੀ ਦੇ ਖਿਲਾਫ ਰਿਹਾ ਹੈ। ਉਹ ਹਮੇਸ਼ਾ ਤਾਨਾਸ਼ਾਹ ਹਾਕਮ (ਡਿਸਪੌਟ) ਦੇ ਨਾਲ ਰਲ਼ਿਆ ਰਿਹਾ ਹੈ ਅਤੇ ਆਪਣੀ ਖੱਲ ਬਚਾਉਣ ਲਈ ਉਸ ਦੀਆਂ ਵਧੀਕੀਆਂ ਨੂੰ ਸਹੀ ਠਹਿਰਾਉਂਦਾ ਰਿਹਾ ਹੈ। ਗਲਤ ਗੱਲ ਨੂੰ ਹੀ ਅਕਸਰ ਸਰਕਾਰ ਦੀ ਸਹਾਇਤਾ ਦੀ ਲੋੜ ਹੁੰਦੀ ਹੈ। ਸੱਚ ਖੁਦ ਆਪਣੇ ਪੈਰਾਂ 'ਤੇ ਖੜ੍ਹ ਸਕਦਾ ਹੈ।"

"ਬਿਨਾਂ ਸ਼ੱਕ ਹੁਣ ਬੰਦਿਆਂ ਦੇ ਖੁਦ ਬਾਰੇ ਸੋਚਣ ਦਾ ਸਮਾਂ ਆ ਗਿਆ ਹੈ, ਅਤੇ ਉਨ੍ਹਾਂ ਨਾਵਾਂ ਨੂੰ ਵਗਾਹ ਮਾਰਨ ਦਾ ਜਿਨ੍ਹਾਂ ਦੀ ਮਹਾਨਤਾ ਨੂੰ ਮੱਲੋ ਮੱਲੀ ਵੱਡਾ ਬਣਾਇਆ ਗਿਆ ਹੈ।"

"ਹਨੇਰੇ ਦੇ ਇਨ੍ਹਾਂ ਬੱਦਲਾਂ ਨੂੰ ਪਾੜਨ ਤੇ ਖਿੰਡਾਉਣ ਵਾਸਤੇ ਆਮ ਮਨੁੱਖ ਦੇ ਦਿਮਾਗ ਨੂੰ ਵਿਦਿਆ ਨਾਲ ਸ਼ਕਤੀਸ਼ਾਲੀ ਬਣਾਉਣ ਦੀ ਲੋੜ ਹੈ।"

## ਜੈਰੇਮੀ ਬੈਂਥਮ (1748-1832)

*(ਬਰਤਾਨਵੀ ਦਾਰਸ਼ਨਿਕ ਤੇ ਸਮਾਜ ਸੁਧਾਰਕ)*

"ਕੱਟੜਪੰਥੀ ਧਰਮ-ਸਿਧਾਂਤਾਂ (ਡੌਗਮੈਟਿਕ ਥੀਔਲੋਜੀ) ਦੀ ਰੂਹ ਜਿਹੜੀ ਵੀ ਚੀਜ਼ ਨੂੰ ਹੱਥ ਲਾਉਂਦੀ ਹੈ, ਉਸੇ ਵਿਚ ਜ਼ਹਿਰ ਘੋਲ਼ ਦਿੰਦੀ ਹੈ।"

"ਕਿਸੇ ਵੀ ਰਾਜ (ਸਟੇਟ) ਵਿਚ ਸਦਾਚਾਰ ਤੋਂ ਵਾਂਝੇ ਧਾਰਮਿਕ ਜਨੂੰਨ ਵਰਗੀ ਹੋਰ ਕੋਈ ਮਹਾਂਮਾਰੀ ਨਹੀਂ ਹੈ।"

## ਜੋਹੈਨ ਵੌਲਫਗੈਂਗ ਵੌਨ ਗੋਟੇ (1749-1832)

*(ਜਰਮਨ ਲਿਖਾਰੀ ਤੇ ਵਿਗਿਆਨੀ)*

"ਮੈਨੂੰ ਇਸ ਗੱਲ ਨਾਲ ਬਹੁਤ ਖ਼ੁਸ਼ੀ ਹੋਵੇਗੀ ਕਿ ਜੇ ਇਹ ਜੀਵਨ ਖਤਮ ਹੋਣ ਬਾਅਦ ਮੈਨੂੰ ਇਕ ਹੋਰ ਜੀਵਨ ਮਿਲ ਜਾਵੇ, ਪਰ ਮੈਂ ਇਸ ਗੱਲ ਦੀ ਬੇਨਤੀ ਕਰਾਂਗਾ ਕਿ ਉੱਥੇ ਮੇਰੇ ਉਹ ਸਾਥੀ ਨਾ ਹੋਣ, ਜਿਹੜੇ ਧਰਤੀ 'ਤੇ ਅਗਲੇ ਜਨਮ ਵਿਚ ਯਕੀਨ ਕਰਦੇ ਸਨ।"

## ਰੈੱਡ ਜੈਕਟ (1750-1830)

*(ਅਮਰੀਕਾ ਦਾ ਆਦਿਵਾਸੀ ਸੈਨੇਕਾ, ਵੌਲਫ ਕਬੀਲੇ ਦਾ ਆਗੂ)*

"ਤੁਸੀਂ ਕਹਿੰਦੇ ਹੋ ਕਿ ਮਹਾਨ ਆਤਮਾ (ਪ੍ਰਮਾਪਤਮਾ) ਦੀ ਪੂਜਾ ਕਰਨ ਦਾ ਇੱਕੋ ਇੱਕ ਤਰੀਕਾ ਹੈ। ਜੇ ਸਿਰਫ ਇਕ ਹੀ ਧਰਮ ਹੈ ਤਾਂ ਫੇਰ ਤੁਸੀਂ ਗੋਰੇ ਲੋਕ ਇਹਦੇ ਬਾਰੇ ਏਨੇ ਵੱਖਰੇਵੇਂ ਕਿਉਂ ਰੱਖਦੇ ਹੋ?।"

## ਜੇਮਜ਼ ਮੈਡੀਸਨ (1751-1836)

*(ਅਮਰੀਕਾ ਦਾ ਚੌਥਾ ਰਾਸ਼ਟਰਪਤੀ)*

"ਇਹ ਗੱਲ ਕਦੇ ਵੀ ਨਹੀਂ ਵਾਪਰੀ ਕਿ ਚਰਚ ਨੇ ਲੋਕਾਂ ਦੀਆਂ ਆਜ਼ਾਦੀਆਂ ਦੀ ਰਾਖੀ ਕੀਤੀ ਹੋਵੇ।"

"ਇਸਾਈਅਤ ਦਾ ਕੀ ਫਲ਼ ਮਿਲਿਆ ਹੈ? ਵਹਿਮ, ਕੱਟੜਪੁਣਾ ਅਤੇ ਤਸੀਹੇ।"

## ਜਨਰਲ ਮਾਰਕੀ ਡੀ ਲੈਫਿਅਟ (1757-1834)

*(ਫਰਾਂਸੀਸੀ ਸਿਪਾਹੀ ਤੇ ਸਿਆਸਤਦਾਨ ਜਿਹੜਾ ਅਮਰੀਕਨ ਇਨਕਲਾਬ ਲਈ ਲੜਿਆ ਸੀ)*

“ਜੇ ਕਦੇ ਅਮਰੀਕਨ ਲੋਕਾਂ ਦੀਆਂ ਆਜ਼ਾਦੀਆਂ ਤਬਾਹ ਹੋਈਆਂ ਤਾਂ ਉਹ ਪੁਜਾਰੀਆਂ ਦੇ ਹੱਥੋਂ ਹੀ ਹੋਣਗੀਆਂ।”

## ਰੌਬਰਟ ਬਰਨਜ਼ (1759-1796)

*(ਸਕਾਟਲੈਂਡ ਦਾ ਕੌਮੀ ਕਵੀ)*

“ਸਾਰੇ ਧਰਮ ਬੁੱਢੀਆਂ ਔਰਤਾਂ ਦੀਆਂ ਘੜੀਆਂ ਮਨਘੜਤ ਕਹਾਣੀਆਂ ਹੁੰਦੇ ਹਨ।”

“ਇਹ ਕਿਉਂ ਹੈ ਕਿ ਧਾਰਮਿਕਤਾ ਵਲ ਮੁੜਿਆ ਮਨ ਹਮੇਸ਼ਾ ਬੜਾ ਤੰਗ-ਦਿਲ ਤੇ ਹੋਛਾ ਹੋ ਜਾਂਦਾ ਹੈ?”

## ਨਪੋਲੀਅਨ ਬੋਨਾਪਾਰਤ (1769-1821)

*(ਫਰਾਂਸ ਦਾ ਬਾਦਸ਼ਾਹ)*

“ਮੂਰਖ ਹੀ ਇਹ ਗੱਲ ਆਪਣੇ ਮਨ ’ਚ ਕਹਿੰਦਾ ਹੈ: ‘ਰੱਬ ਨਹੀਂ ਹੈ’ – ਸਿਆਣਾ ਬੰਦਾ ਤਾਂ ਇਹ ਗੱਲ ਸਾਰੀ ਦੁਨੀਆ ਨੂੰ ਸੁਣਾ ਕੇ ਕਹਿੰਦਾ ਹੈ।”

“ਧਰਮ ਉਹ ਚੀਜ਼ ਹੈ ਜਿਹੜੀ ਗਰੀਬਾਂ ਨੂੰ ਅਮੀਰਾਂ ਦੀ ਹੱਤਿਆ ਕਰਨ ਤੋਂ ਰੋਕਦੀ ਹੈ।”

“ਧਰਮ ਤੋਂ ਬਿਨਾਂ ਤੁਸੀਂ ਰਾਜ ਵਿਚ ਅਮਨ-ਅਮਾਨ ਕਿੱਦਾਂ ਰੱਖ ਸਕਦੇ ਹੋ? ਜੇ ਇਕ ਪਾਸੇ ਇਕ ਬੰਦਾ ਭੁੱਖ ਨਾਲ ਮਰ ਰਿਹਾ ਹੋਵੇ ਤੇ ਉਹਦੇ ਲਾਗੇ ਹੀ ਕੋਈ ਵਾਧੂ ਅੰਨ ਖਾ ਕੇ ਬੀਮਾਰ ਪਿਆ ਹੋਵੇ ਤਾਂ ਭੁੱਖਾ ਬੰਦਾ ਇਸ ਵਧੀਕੀ ਨੂੰ ਅੱਖੋਂ ਓਹਲੇ ਨਹੀਂ ਕਰ ਸਕਦਾ, ਜੇ ਕੋਈ ਅਜਿਹੀ ਸ਼ਕਤੀ ਨਾ ਹੋਵੇ ਜਿਹੜੀ ਇਹ ਐਲਾਨ ਕਰੇ: ‘ਇਹ ਸਭ ਰੱਬ ਦੀ ਰਜ਼ਾ ਨਾਲ ਹੋ ਰਿਹਾ ਹੈ।’ ਆਮ ਲੋਕਾਂ ਨੂੰ ਚੁੱਪ ਕਰਾਉਣ ਲਈ ਧਰਮ ਬੜੀ ਜ਼ਬਰਦਸਤ ਸ਼ੈਅ ਹੈ।”

“ਮੈਂ ਉਨ੍ਹਾਂ ਪੁਜਾਰੀਆਂ ਨਾਲ ਘਿਰਿਆ ਹੋਇਆ ਹਾਂ ਜਿਹੜੇ ਲਗਾਤਾਰ ਇਹ ਗੱਲ ਦੁਹਰਾਉਂਦੇ ਰਹਿੰਦੇ ਹਨ ਕਿ ਇਸ ਦੁਨੀਆ ਦੀ ਕੋਈ ਵੀ ਸ਼ੈਅ ਉਨ੍ਹਾਂ ਲਈ ਕੀਮਤ ਨਹੀਂ ਰੱਖਦੀ ਪਰ ਨਾਲ ਹੀ ਉਹ ਹੱਥ ਆਈ ਹਰ ਚੀਜ਼ ਖਿਸਕਾ ਲੈਂਦੇ ਹਨ।”

## ਬਰਡ ਵਿਲਸਨ (1777-?)

*(ਅਮਰੀਕਨ ਇਤਿਹਾਸਕਾਰ)*

"ਸਾਡੇ ਦੇਸ ਦੇ ਬਾਨੀ ਤਕਰੀਬਨ ਸਾਰੇ ਹੀ ਨਾਸਤਿਕ ਸਨ, ਅਤੇ ਜਿਹੜੇ ਹੁਣ ਤੱਕ ਪ੍ਰਧਾਨ ਚੁਣੇ ਗਏ ਹਨ (ਵਾਸ਼ਿੰਗਟਨ, ਐਡਮਜ਼, ਜੈਫਰਸਨ, ਮੈਡੀਸਨ, ਮੁਨਰੋਅ, ਐਡਮਜ਼, ਜੈਕਸਨ) ਉਨ੍ਹਾਂ ਵਿੱਚੋਂ ਕਿਸੇ ਇਕ ਨੇ ਵੀ ਕਦੇ ਇਸਾਈਅਤ (ਧਰਮ) ਵਿਚ ਯਕੀਨ ਦਾ ਪ੍ਰਗਟਾਵਾ ਨਹੀਂ ਕੀਤਾ।"

## ਵਿਲੀਅਮ ਹੈਜ਼ਲਿੱਟ (1778-1830)

*(ਬਰਤਾਨਵੀ ਨਿਬੰਧਕਾਰ)*

"ਤਾਕਤ ਨੂੰ ਛੁਪਾਉਣ ਦਾ ਸੱਭ ਤੋਂ ਵਧੀਆ ਪਰਦਾ ਮਜ਼ਬੀ ਲਿਬਾਸ ਹੈ।"

"ਮਨੁੱਖੀ ਨਸਲ ਦਾ ਕੋਈ ਇਲਾਜ ਨਹੀਂ। ਮਨੁੱਖਾਂ ਦੀ ਬਸ ਏਨੀ ਹੀ ਮੰਗ ਹੈ ਕਿ ਇਨ੍ਹਾਂ ਨੂੰ ਕੋਕੋ (ਬਗਬੇਅਰ) ਜਾਂ ਮੂਰਤੀਆਂ ਫੜਾ ਦਿਓ; ਇਨ੍ਹਾਂ ਨੂੰ ਠੀਕ ਗਲਤ, ਸੱਚੇ ਝੂਠੇ ਤੇ ਚੰਗੇ ਮਾੜੇ 'ਚ ਫਰਕ ਵਰਗੀਆਂ ਗੱਲਾਂ ਨਾਲ ਕੋਈ ਵਾਸਤਾ ਨਹੀਂ।"

## ਚਾਰਲਜ਼ ਕਲੇਬ ਕੋਲਟਨ (1780-1832)

*(ਬਰਤਾਨਵੀ ਲੇਖਕ)*

"ਅਸੀਂ ਆਪਣੇ ਸਾਰੇ ਗਿਆਨ ਵਾਸਤੇ ਉਨ੍ਹਾਂ ਲੋਕਾਂ ਦੇ ਦੇਣਦਾਰ ਨਹੀਂ, ਜਿਹੜੇ ਸਥਾਪਤ ਕਦਰਾਂ ਕੀਮਤਾਂ ਨਾਲ ਸਹਿਮਤ ਹੋ ਗਏ ਸਗੋਂ ਉਨ੍ਹਾਂ ਦੇ ਦੇਣਦਾਰ ਹਾਂ, ਜਿਹੜੇ ਸਹਿਮਤ ਨਹੀਂ ਹੋਏ।"

"ਜਿਹੜੇ ਬਹੁਤ ਸਾਰੇ ਸੰਤਾਂ ਨੂੰ ਸੰਤਾਂ ਦੀ ਸੂਚੀ ਵਿਚ ਚਾੜ੍ਹਿਆ ਗਿਆ ਹੈ (ਕੈਨਨਆਈਜ਼ਡ) ਉਨ੍ਹਾਂ 'ਤੇ ਅਸਲ ਵਿਚ ਤੋਪ ਨਾਲ ਗੋਲ਼ਾਬਾਰੀ (ਕੈਨਨਏਡਡ) ਕੀਤੀ ਜਾਣੀ ਚਾਹੀਦੀ ਸੀ।" *(ਇਸ ਕਥਨ ਵਿਚ ਅੰਗ੍ਰੇਜ਼ੀ ਸ਼ਬਦਾਂ ਕੈਨਨਆਈਜ਼ਡ ਤੇ ਕੈਨਨਏਡਡ ਦੀ ਵਿਅੰਗ ਵਜੋਂ ਵਰਤੋਂ ਕੀਤੀ ਗਈ ਹੈ)*

## ਸਟੈਂਡਲ (1783-1842)

*(ਫਰਾਂਸੀਸੀ ਨਾਵਲਕਾਰ)*

"ਧਰਮ ਦਾ ਅਧਾਰ ਬਹੁਤਿਆਂ ਦਾ ਡਰ ਅਤੇ ਥੋੜ੍ਹਿਆਂ ਦੀ ਚਲਾਕੀ ਹੈ।"

## ਲਾਰਡ ਬਾਇਰਨ (1788-1824)

*(ਬਰਤਾਨਵੀ ਕਵੀ)*

"ਜੀਵਨ ਦਾ ਮਕਸਦ ਕਿਸੇ ਮਕਸਦ ਲਈ ਜੀਉਣਾ ਹੈ।"

"ਧਰਮ ਬਾਰੇ ਮੈਨੂੰ ਕੋਈ ਇਲਮ ਨਹੀਂ -- ਘੱਟੋ ਘੱਟ ਇਸ ਦੇ ਹੱਕ ਵਿਚ ਕਿਸੇ ਗੱਲ ਬਾਰੇ ਨਹੀਂ।"

"ਮੈਂ ਕਿਸੇ ਇਲਹਾਮੀ (ਰਿਵੀਲਡ) ਧਰਮ ਵਿਚ ਯਕੀਨ ਨਹੀਂ ਰੱਖਦਾ। ਮੈਂ ਅਮਰ ਹੋਣ ਦੀ ਖਾਹਿਸ਼ ਨਾਲ ਵੀ ਕੋਈ ਵਾਸਤਾ ਨਹੀਂ ਰੱਖਣਾ ਚਾਹੁੰਦਾ; ਅਗਲੇ ਜੀਵਨ ਬਾਰੇ ਕਿਆਸ ਅਰਾਈਆਂ ਲਾਉਣ ਦੀ ਬੇਮਾਇਨੀ ਸਰਗਰਮੀ ਤੋਂ ਬਿਨਾਂ ਹੀ ਅਸੀਂ ਇਸ ਜੀਵਨ ਵਿਚ ਕਾਫੀ ਦੁਖ ਭੋਗਦੇ ਹਾਂ।"

## ਆਰਥਰ ਸ਼ੌਪਨਹਾਉਰ (1788-1860)

*(ਜਰਮਨ ਦਾਰਸ਼ਨਿਕ )*

"ਧਰਮ ਟਟਹਿਣਿਆਂ ਵਾਂਗ ਹਨ। ਉਨ੍ਹਾਂ ਨੂੰ ਚਮਕਣ ਲਈ ਹਨੇਰੇ ਦੀ ਲੋੜ ਹੈ।"

"ਇੱਕਈਸ਼ਵਰਵਾਦੀ (ਮੋਨੋਥੀਇਸਟਿਕ) ਧਰਮਾਂ ਨੇ ਹੀ ਦੁਨੀਆ ਦੀਆਂ ਸਾਰੀਆਂ ਧਾਰਮਿਕ ਲੜਾਈਆਂ, ਧਾਰਮਿਕ ਸਜ਼ਾਵਾਂ, ਧਰਮ-ਧਰੋਹੀ ਨਾਲ ਸਿੱਝਣ ਲਈ ਅਦਾਲਤਾਂ ਪੈਦਾ ਕੀਤੀਆਂ ਹਨ ਅਤੇ ਦੂਜੇ ਧਰਮਾਂ ਦੀਆਂ ਮੂਰਤੀਆਂ ਤੇ ਚਿੰਨ੍ਹਾਂ ਦੀ ਤੋੜ-ਭੰਨ ਕੀਤੀ ਹੈ। ਭਾਰਤ ਅਤੇ ਮਿਸਰ ਦੀਆਂ ਉਨ੍ਹਾਂ ਮੂਰਤੀਆਂ ਦੀ ਭੰਨ-ਤੋੜ ਕੀਤੀ ਹੈ ਜਿਹੜੀਆਂ 3000 ਸਾਲ ਤੋਂ ਖੜ੍ਹੀਆਂ ਸੂਰਜ ਵਲ ਦੇਖ ਰਹੀਆਂ ਸਨ। ਇਹ ਸਿਰਫ ਇਸ ਲਈ ਕੀਤਾ ਗਿਆ ਕਿ ਈਰਖਾਲੂ ਰੱਬ ਨੇ ਹੁਕਮ ਸੁਣਾ ਦਿੱਤਾ ਕਿ 'ਤੂੰ ਕੋਈ ਮੂਰਤੀਆਂ ਨਹੀਂ ਪੂਜੇਂਗਾ'।"

"ਧਰਮ ਜਾਨਵਰਾਂ ਨੂੰ ਸਿੱਖਿਆ ਦੇਣ ਦੀ ਕਲਾ ਦਾ ਸ਼ਾਹਕਾਰ ਹੈ, ਇਹ ਲੋਕਾਂ ਨੂੰ ਸਿੱਖਿਆ ਦਿੰਦਾ ਹੈ ਕਿ ਉਨ੍ਹਾਂ ਨੇ ਸੋਚਣਾ ਕਿਸ ਤਰ੍ਹਾਂ ਹੈ।"

"ਸਾਰੇ ਧਰਮ ਇੱਛਾ-ਸ਼ਕਤੀ ਜਾਂ ਮਨ ਦੀ ਉੱਤਮਤਾ ਲਈ ਅਣਗਿਣਤ ਇਨਾਮ ਦੇਣ ਦਾ ਵਾਇਦਾ ਕਰਦੇ ਹਨ, ਪਰ ਕੋਈ ਵੀ ਸਿਰ ਦੀ ਉੱਤਮਤਾ ਲਈ ਜਾਂ ਉੱਤਮ ਸੂਝ ਲਈ ਇਨਾਮ ਦਾ ਵਾਇਦਾ ਨਹੀਂ ਕਰਦੇ।"

## ਜੇਮਜ਼ ਬੁਕੈਨਨ (1791-1868)

*(ਅਮਰੀਕਾ ਦਾ 15ਵਾਂ ਰਾਸ਼ਟਰਪਤੀ)*

"ਮੈਨੂੰ ਕਿਸੇ ਅਜਿਹੇ ਸੂਝਵਾਨ ਬੰਦੇ ਨੂੰ ਮਿਲਣ ਦਾ ਬਹੁਤ ਘੱਟ ਮੌਕਾ ਲੱਗਾ ਹੈ, ਜਿਹਦੇ ਵਿਚਾਰ ਧਰਮ ਨੇ ਵਿਗਾੜੇ ਜਾਂ ਸੰਕੀਰਣ ਨਾ ਕੀਤੇ ਹੋਣ।"

## ਪਰਸੀ ਬਾਈਸ਼ੀ ਸ਼ੈਲੇ (1792-1822)

*(ਬਰਤਾਨਵੀ ਕਵੀ)*

"ਰੱਬ ਇਕ ਫਰਜ਼ ਕੀਤੀ ਚੀਜ਼ ਹੈ, ਇਸ ਲਈ ਇਸ ਦੇ ਸਬੂਤ ਦੀ ਲੋੜ ਹੈ: ਇਹ ਸਬੂਤ ਦੇਣ ਦੀ ਜ਼ਿੰਮੇਵਾਰੀ ਆਸਤਿਕਾਂ ਦੀ ਹੈ।"

"ਜੇ ਕੁਦਰਤ ਬਾਰੇ ਬੇਸਮਝੀ ਨੇ ਰੱਬ ਜਾਂ ਦੇਵਤਿਆਂ ਨੂੰ ਜਨਮ ਦਿੱਤਾ ਹੈ ਤਾਂ ਕੁਦਰਤ ਦਾ ਗਿਆਨ ਉਨ੍ਹਾਂ ਦੀ ਤਬਾਹੀ ਲਈ ਬਣਿਆਂ ਹੈ।"

"ਜੇ ਉਹਦੀ (ਰੱਬ ਦੀ) ਚੰਗਿਆਈ ਵਿਚ ਕੋਈ ਹੱਦ ਨਹੀਂ ਤਾਂ ਸਾਨੂੰ ਉਸ ਤੋਂ ਡਰਨ ਦੀ ਕਿਉਂ ਲੋੜ ਹੈ? ਜੇ ਉਹ ਸਿਆਣਪ ਵਿਚ ਅਸੀਮ ਹੈ ਤਾਂ ਸਾਨੂੰ ਆਪਣੇ ਭਵਿੱਖ ਬਾਰੇ ਕਿਸੇ ਕਿਸਮ ਦੀ ਸ਼ੱਕ ਕਿਉਂ ਹੋਵੇ? ਜੇ ਉਹਨੂੰ ਸਭ ਪਤਾ ਹੈ ਤਾਂ ਉਹਨੂੰ ਆਪਣੀਆਂ ਲੋੜਾਂ ਦੱਸ ਕੇ ਸਾਵਧਾਨ ਕਰਨ ਦੀ ਜਾਂ ਅਰਦਾਸਾਂ ਕਰ ਕੇ ਥਕਾਉਣ ਦੀ ਕੀ ਲੋੜ ਹੈ? ਜੇ ਉਹ ਹਰ ਜਗ੍ਹਾ ਹੈ ਤਾਂ ਉਹਦੇ ਵਾਸਤੇ ਮੰਦਰ ਬਣਾਉਣ ਦੀ ਕੀ ਲੋੜ ਹੈ?"

## ਫਰਾਂਸਿਸ ਰਾਈਟ (1795-1852)

*(ਔਰਤਾਂ ਦੀ ਬਰਾਬਰੀ ਦੀ ਗੱਲ ਕਰਨ ਵਲੀ, ਧਰਮ ਦੀ ਸਾਰਥਿਕਤਾ ਤੇ ਕਿੰਤੂ ਕਰਨ ਵਾਲੀ ਪਹਿਲੀ ਅਮਰੀਕਨ ਔਰਤ; ਗੁਲਾਮੀ ਵਿਰੁੱਧ ਸਰਗਰਮ; ਮੁਫਤ ਪਬਲਿਕ ਸਕੂਲਾਂ ਦੀ ਮੰਗ ਕਰਨ ਵਾਲੀ; ਫਰੀ ਇੰਕੁਆਇਰਰ ਦੀ ਸੰਪਾਦਿਕਾ।)*

“ਹਰ ਸੰਪਰਦਾਇ, ਮੱਤ ਅਤੇ ਧਰਮ ਲਈ ਭਾੜੇ ਦੇ ਪ੍ਰਚਾਰਕ ਕਦੇ ਵੀ ਕੋਈ ਹੋਰ ਗੱਲ ਨਹੀਂ ਸਿਖਾਉਂਦੇ, ਸਿਖਾ ਹੀ ਨਹੀਂ ਸਕਦੇ, ਸਿਵਾਏ ਉਨ੍ਹਾਂ ਗੱਲਾਂ ਦੇ ਜਿਹੜੀਆਂ ਪੈਸੇ ਦੇਣ ਵਾਲੇ ਮਾਲਕਾਂ ਦੀਆਂ ਗੱਲਾਂ ਨਾਲ ਸਹਿਮਤੀ ਰੱਖਦੀਆਂ ਹੋਣ।”

## ਥੌਮਸ ਕਾਰਲਾਈਲ (1795-1881)

*(ਸਕਾਟਿਸ਼ ਇਤਿਹਾਸਕਾਰ, ਨਿਬੰਧਕਾਰ, ਆਲੋਚਕ ਤੇ ਸਮਾਜ ਵਿਗਿਆਨੀ)*

“ਜਿਸ ਅਨੁਪਾਤ ਨਾਲ ਸਿਆਣਪ ਵਧਦੀ ਹੈ, ਉਸੇ ਅਨੁਪਾਤ ਨਾਲ ਵਿਸ਼ਵਾਸ (ਰੱਬ ਵਿਚ ਯਕੀਨ) ਘਟਦਾ ਹੈ।”

“ਜੇ ਮੇਰੀ ਚਲਦੀ ਹੋਵੇ ਤਾਂ ਮੇਰੇ ਕੋਲੋਂ ਦੁਨੀਆ ਨੂੰ ਇਕ ਸਖਤ ਹੁਕਮ ਸੁਣਨ ਨੂੰ ਮਿਲੇ - ‘ਈਸਾ ਨਿਕਲ ਜਾਹ ਏਥੋਂ’।”

## ਹਾਈਨਰਿਕ ਹਾਈਨ (1797-1856)

*(ਜਰਮਨ ਕਵੀ)*

“ਮੱਧ ਯੁੱਗ (ਡਾਰਕ ਏਜ) ਸਮੇਂ ਧਰਮ ਲੋਕਾਂ ਨੂੰ ਰਸਤਾ ਦਿਖਾ ਸਕਦਾ ਸੀ, ਜਿਵੇਂ ਘੁੱਪ ਹਨੇਰੀ ਰਾਤ ਵਿਚ ਇਕ ਅੰਨ੍ਹਾ ਬੰਦਾ ਚੰਗਾ ਪੱਥ-ਪ੍ਰਦਰਸ਼ਕ ਹੋ ਸਕਦਾ ਹੈ; ਉਹਨੂੰ ਰਾਹਾਂ ਤੇ ਥਾਵਾਂ ਦਾ ਸੁਜਾਖੇ ਨਾਲੋਂ ਜ਼ਿਆਦਾ ਪਤਾ ਹੁੰਦਾ ਹੈ। ਪਰ ਜਦੋਂ ਦਿਨ ਚੜ੍ਹ ਜਾਵੇ, ਫੇਰ ਅੰਨ੍ਹਿਆਂ ਤੋਂ ਰਸਤਾ ਪੁੱਛਣਾ ਮੂਰਖਤਾ ਹੈ।”

“ਜੇ ਤੁਹਾਡੀ ਸੱਜੀ ਅੱਖ ਤੁਹਾਨੂੰ ਤੰਗ ਕਰਦੀ ਹੈ ਤਾਂ ਉਹਨੂੰ ਕੱਢ ਦੇਵੋ; ਜੇ ਤੁਹਾਡੀ ਸੱਜੀ ਬਾਂਹ ਤੁਹਾਨੂੰ ਤੰਗ ਕਰਦੀ ਹੈ ਤਾਂ ਉਹਨੂੰ ਵੱਢ ਦੇਵੋ; ਅਤੇ ਜੇ ਤੁਹਾਡਾ ਤਰਕ ਤੁਹਾਨੂੰ ਤੰਗ ਕਰਦਾ ਹੈ ਤਾਂ ਕੈਥੋਲਿਕ ਬਣ ਜਾਵੋ।”

## ਥਾਂਮਸ ਬਾਬਿੰਗਟਨ ਮਕਾਲੇ (1800)-1859)

*(ਬਰਤਾਨਵੀ ਇਤਿਹਾਸਕਾਰ ਤੇ ਸਾਮਰਾਜਵਾਦੀ)*

"ਚਰਚ ਜ਼ੁਲਮ ਦਾ ਦਾਸ ਹੈ ਤੇ ਆਜ਼ਾਦੀ ਦਾ ਸਦੀਵੀ ਦੁਸ਼ਮਣ।"

"ਲੰਡਨ 'ਚ ਦੋ ਸੌ ਬੰਦਾ ਵੀ ਬਾਈਬਲ 'ਚ ਯਕੀਨ ਨਹੀਂ ਰੱਖਦਾ।"

## ਵਿਕਟਰ ਹਿਊਗੋ (1802)-1885)

*(ਫਰਾਂਸੀਸੀ ਕਵੀ, ਨਾਟਕਕਾਰ ਤੇ ਨਾਵਲਕਾਰ)*

"ਹਰ ਪਿੰਡ ਵਿਚ ਇਕ (ਗਿਆਨ ਦੀ) ਮਸ਼ਾਲ ਹੁੰਦੀ ਹੈ - ਅਧਿਆਪਕ; ਤੇ ਇਕ (ਗਿਆਨ ਦੀ) ਮਸ਼ਾਲ ਬੁਝਾਉਣ ਵਾਲਾ ਹੁੰਦਾ ਹੈ - ਪਾਦਰੀ।"

"ਮਨੁੱਖਤਾ ਵਿਚ ਅਸਲੀ ਵੰਡ ਉਨ੍ਹਾਂ ਲੋਕਾਂ ਦਰਮਿਆਨ ਹੈ ਜਿਹੜੇ ਲੋਅ ਵਿਚ ਰਹਿੰਦੇ ਹਨ ਅਤੇ ਜਿਹੜੇ ਹਨੇਰੇ ਵਿਚ ਰਹਿੰਦੇ ਹਨ। ਸਾਡੀ ਕੋਸ਼ਸ਼ ਹੋਣੀ ਚਾਹੀਦੀ ਹੈ ਕਿ ਲੋਅ ਵਾਲੇ ਲੋਕਾਂ ਦੀ ਗਿਣਤੀ ਘਟਾਈ ਜਾਵੇ ਤੇ ਹਨੇਰੇ ਵਾਲੇ ਲੋਕਾਂ ਦੀ ਘਟਾਈ ਜਾਵੇ। ਇਸੇ ਲਈ ਅਸੀਂ ਵਿਦਿਆ ਅਤੇ ਗਿਆਨ ਦੀ ਮੰਗ ਕਰਦੇ ਹਾਂ।"

"ਧਰਤੀ ਦੀ ਸਵਰਗ ਵਾਸਤੇ ਬਲ਼ੀ ਦੇ ਦੇਣੀ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਅਸਲੀ ਚੀਜ਼ ਛੱਡ ਕੇ ਉਸ ਦੇ ਪ੍ਰਛਾਵੇਂ ਵਲ ਜਾਣਾ।"

## ਐਲਿਗਜ਼ੈਂਡਰ ਡੁਮਾਸ (1802-1870)

*(ਫਰਾਂਸੀਸੀ ਨਾਟਕਕਾਰ ਤੇ ਨਾਵਲਕਾਰ)*

"ਜੇ ਅਚਾਨਕ ਰੱਬ ਨੂੰ ਇਹ ਸਜ਼ਾ ਦੇ ਦਿੱਤੀ ਜਾਵੇ ਕਿ ਉਹ ਉਹੋ ਜਿਹਾ ਜੀਵਨ ਜੀਵੇ, ਜਿਹੋ ਜਿਹਾ ਉਹਨੇ ਮਨੁੱਖਾਂ ਨੂੰ ਦਿੱਤਾ ਹੈ, ਤਾਂ ਰੱਬ ਖ਼ੁਦਕਸ਼ੀ ਕਰ ਲਵੇ।"

## ਰਾਲਫ ਵਾਲਡੋ ਐਮਰਸਨ (1803-1882)

*(ਅਮਰੀਕਨ ਨਿਬੰਧਕਾਰ ਤੇ ਕਵੀ)*

"ਮਨੁੱਖਾਂ ਦੀਆਂ ਅਰਦਾਸਾਂ ਉਨ੍ਹਾਂ ਦੀ ਇੱਛਾ-ਸ਼ਕਤੀ ਦੀ ਬੀਮਾਰੀ ਹੈ, ਇਸੇ ਤਰ੍ਹਾਂ ਉਨ੍ਹਾਂ ਦੇ ਧਰਮ-ਸਿਧਾਂਤ ਬੌਧਿਕ ਬੀਮਾਰੀ ਹਨ।"

"ਆਖਰ ਵਿਚ ਤੁਹਾਡੇ ਆਪਣੇ ਮਨ ਦੀ ਦਿਆਨਤਦਾਰੀ ਤੋਂ ਬਿਨਾਂ ਕੋਈ ਵੀ ਚੀਜ਼ ਪਵਿੱਤਰ ਨਹੀਂ ਹੁੰਦੀ।"

"ਇਕ ਯੁੱਗ ਦਾ ਧਰਮ ਦੂਜੇ ਯੁੱਗ ਵਾਸਤੇ ਸਾਹਿਤਕ ਮਨਪਰਚਾਵਾ ਹੁੰਦਾ ਹੈ।"

## ਬੈਂਜਾਮਿਨ ਡਿਜ਼ਰੇਲੀ (1804-1881)

*(ਬਰਤਾਨਵੀ ਪ੍ਰਧਾਨ ਮੰਤਰੀ ਤੇ ਇਕ ਸਾਹਿਤਕ ਵਿਅਕਤੀ)*

"ਜਿੱਥੇ ਸਿਆਣਪ ਖਤਮ ਹੁੰਦੀ ਹੈ, ਉੱਥੋਂ ਧਰਮ ਸ਼ੁਰੂ ਹੁੰਦਾ ਹੈ।"

## ਲੁਡਵਿਗ ਵੌਨ ਫਾਰਬਾਖ (1804-1872)

*(ਜਰਮਨ ਦਾਰਸ਼ਨਿਕ, ਉਹਦੀ ਮੁੱਖ ਲਿਖਤ - ਦ ਐਸਿੰਸ ਆਫ ਕਰਿਸਚੀਐਨਿਟੀ (1841) - ਦਾਅਵਾ ਕਰਦੀ ਹੈ ਕਿ ਧਰਮ ਅਤੇ ਦੇਵਤੇ ਮਨੁੱਖ ਨੇ ਪੈਦਾ ਕੀਤੇ ਹਨ)*

"ਇਸਾਈ ਮੱਤ ਦੀ ਜਿੱਤ ਤੇ ਸਭਿਆਚਾਰ ਦੀ ਗਿਰਾਵਟ ਇੱਕੋ ਗੱਲ ਸੀ। ... ਧਾਰਮਿਕ ਬੰਦੇ ਨੂੰ ਸਭਿਆਚਾਰ ਦੀ ਕੋਈ ਲੋੜ ਮਹਿਸੂਸ ਨਹੀਂ ਹੁੰਦੀ।"

"ਜਿਸ ਤਰ੍ਹਾਂ ਬਾਈਬਲ ਵਿਚ ਹੈ, ਗੱਲ ਉਹ ਨਹੀਂ, ਕਿ ਰੱਬ ਨੇ ਬੰਦੇ ਨੂੰ ਆਪਣੇ ਵਰਗਾ ਬਣਾਇਆ ਹੈ। ਸਗੋਂ ਇਸ ਤੋਂ ਉਲਟ, ਬੰਦੇ ਨੇ ਰੱਬ ਨੂੰ ਆਪਣੇ ਵਰਗਾ ਸਿਰਜਿਆ ਹੈ।"

"ਵਿਸ਼ਵਾਸ (ਰੱਬ 'ਚ ਯਕੀਨ) ਸਮੁੱਚੇ ਤੌਰ 'ਤੇ ਕਟੜਪੰਥੀ ਹੈ ... ਸਮੁੱਚੇ ਤੌਰ 'ਤੇ ਇਸ ਲਈ ਕਿ ਵਿਸ਼ਵਾਸ ਨਾਲ ਭੁਲੇਖਾ ਜੁੜਿਆ ਹੋਇਆ ਹੈ ਕਿ ਤੁਹਾਡਾ ਉਦੇਸ਼ (ਕਾਜ਼) ਵੀ ਰੱਬ ਦਾ ਉਦੇਸ਼ ਹੀ ਹੈ।"

"ਕੋਈ ਰੱਬ ਨਹੀਂ ਹੈ, ਇਹ ਗੱਲ ਸੂਰਜ ਵਾਂਗ ਸਾਫ ਹੈ ਅਤੇ ਦਿਨ ਵਾਂਗ ਸਪਸ਼ਟ ਦਿਸਦਾ ਹੈ ਕਿ ਕੋਈ ਰੱਬ ਨਹੀਂ ਅਤੇ ਇਸ ਤੋਂ ਵੀ ਵੱਧ, ਕੋਈ ਰੱਬ ਹੋ ਵੀ ਨਹੀਂ ਸਕਦਾ।"

## ਡੇਵਿਡ ਡਡਲੀ ਫੀਲਡ (1805-1894) )

*(ਅਮਰੀਕਨ ਕਾਨੂੰਨਦਾਨ)*

"ਮਨੁੱਖਤਾ ਦੇ ਵਿਕਾਸ ਵਿਚ ਸਭ ਤੋਂ ਵੱਡੀ ਪ੍ਰਾਪਤੀ ਚਰਚ ਤੇ ਸਟੇਟ ਦਾ ਇਕ ਦੂਜੇ ਤੋਂ ਸੰਪੂਰਨ ਵਖਰੇਵਾਂ ਹੈ... ਮਨੁੱਖਤਾ ਦੀ ਆਜ਼ਾਦੀ ਲਈ ਪੁੱਟੇ ਇਸ ਕਦਮ ਨੂੰ ਮਿਣਨ ਲਈ ਸਾਨੂੰ ਸਿਰਫ ਪਿਛਲੀਆਂ ਸਦੀਆਂ ਵਲ ਦੇਖਣ ਦੀ ਲੋੜ ਹੈ, ਜਿਹੜੀਆਂ ਸਾਥੋਂ ਪਹਿਲਾਂ ਲੰਘੀਆਂ ਹਨ, ਅਤੇ ਚੇਤਾ ਕਰਨ ਦੀ ਲੋੜ ਹੈ ਉਨ੍ਹਾਂ ਭਿਆਨਕ ਸਜ਼ਾਵਾਂ ਬਾਰੇ ਜਿਹੜੀਆਂ ਧਰਮ ਦੇ ਨਾਂਅ 'ਤੇ ਦਿੱਤੀਆਂ ਗਈਆਂ, ਜਿਨ੍ਹਾਂ ਨਾਲ ਦੁਨੀਆ ਦਾ ਇਤਿਹਾਸ ਭਰਿਆ ਹੋਇਆ ਹੈ।"

## ਜਾਹਨ ਸਟੂਅਰਟ ਮਿੱਲ (1806-1873)

*(ਬਰਤਾਨਵੀ ਦਾਰਸ਼ਨਿਕ ਤੇ ਅਰਥ-ਸ਼ਾਸਤਰੀ)*

"ਦੁਨੀਆ ਹੈਰਾਨ ਹੋ ਜਾਵੇ ਜੇ ਇਸ ਨੂੰ ਇਹ ਪਤਾ ਚੱਲ ਜਾਵੇ ਕਿ ਇਸ ਦੇ ਸਭ ਤੋਂ ਰੌਸ਼ਨ ਨਗੀਨਿਆਂ ਵਿੱਚੋਂ, ਆਮ ਲੋਕਾਂ ਦੇ ਅੰਦਾਜ਼ੇ ਮੁਤਾਬਕ ਸਿਆਣੇ ਤੇ ਸਾਊਆਂ ਵਿੱਚੋ, ਕਿੰਨੀ ਵੱਡੀ ਤਾਦਾਦ ਧਰਮ ਬਾਰੇ ਪੂਰੀ ਤਰ੍ਹਾਂ ਸ਼ੱਕੀ ਹੈ।"

"ਧਰਮ ਸਬੰਧੀ ਵਿਸ਼ੇਸ਼ ਤੌਰ 'ਤੇ, ਮੈਨੂੰ ਲਗਦਾ ਹੈ ਕਿ ਹੁਣ ਉਹ ਸਮਾਂ ਆ ਗਿਆ ਹੈ, ਜਦੋਂ ਉਨ੍ਹਾਂ ਸਾਰੇ ਵਿਅਕਤੀਆਂ ਦਾ ਫਰਜ਼ ਬਣਦਾ ਹੈ ਜਿਹੜੇ ਸੂਝ ਰੱਖਦੇ ਹੋਣ, ਅਤੇ ਬਾਲਗਾਂ ਵਾਲੇ ਵਿਚਾਰ ਵਟਾਂਦਰੇ ਤੋਂ ਬਾਅਦ ਆਪਣੀ ਤਸੱਲੀ ਕਰ ਚੁੱਕੇ ਹੋਣ ਕਿ ਮੌਜੂਦਾ ਰਾਵਾਂ ਸਿਰਫ ਝੂਠੀਆਂ ਹੀ ਨਹੀਂ ਸਗੋਂ ਨੁਕਸਾਨਦੇਹ ਵੀ ਹਨ, ਧਰਮ ਨੂੰ ਛੱਡ ਜਾਣ ਬਾਰੇ ਦੱਸ ਦੇਣ।"

"ਇਹ ਇਤਿਹਾਸਕ ਸਚਾਈ ਹੈ ਕਿ ਹਰ ਯੁੱਗ ਵਿਚ ਬਹੁ-ਗਿਣਤੀ ਨਾਸਤਿਕ ਵੱਖਰੀ ਪਛਾਣ ਵਾਲੇ ਦਿਆਨਤਦਾਰ ਤੇ ਇਮਾਨਦਾਰ ਲੋਕ ਸਨ।"

"ਪਰਮਾਤਮਾ ਵਲੋਂ ਸਿਰਜਣਾ ਦੇ ਜੇ ਕੋਈ ਬਹੁਤ ਹੀ ਵਿਸ਼ੇਸ਼ ਨਿਸ਼ਾਨੇ ਹਨ ਤਾਂ ਉਨ੍ਹਾਂ ਵਿੱਚੋਂ ਇਕ ਜਿਹੜੀ ਸਿਰਜੀ ਚੀਜ਼ ਸਾਫ ਸਾਫ ਦਿਸਦੀ ਹੈ, ਉਹ ਇਹ ਕਿ ਸਾਰੇ ਜਾਨਵਰਾਂ ਦੀ ਵੱਡੀ ਗਿਣਤੀ ਆਪਣੀ ਹੋਂਦ ਲਈ ਦੂਜੇ ਜਾਨਵਰਾਂ ਨੂੰ ਦੁੱਖ ਦੇਵੇਗੀ ਤੇ ਖਾਵੇਗੀ।"

## ਇਬਰਾਹੈਮ ਲਿੰਕਨ (1809-1865)

*(ਅਮਰੀਕਾ ਦਾ ਸੋਲ੍ਹਵਾਂ ਰਾਸ਼ਟਰਪਤੀ)*

"ਬਾਈਬਲ ਮੇਰੀ ਕਿਤਾਬ ਨਹੀਂ ਹੈ ਤੇ ਨਾ ਹੀ ਇਸਾਈਅਤ ਮੇਰਾ ਕਿੱਤਾ।"

"ਧਰਮ ਦੇ ਵਿਸ਼ੇ ਨੂੰ ਜ਼ਿਆਦਾ ਬਰੀਕੀ ਨਾਲ ਖੋਜਣਾ ਬਹੁਤਾ ਠੀਕ ਨਹੀਂ, ਕਿਉਂਕਿ ਇਹ ਤੁਹਾਨੂੰ ਨਾਸਤਿਕਤਾ ਵਲ ਹੀ ਲਿਜਾਵੇਗਾ।"

## ਐਡਗਰ ਐਲਨ ਪੋਅ (1809-1849)

*(ਅਮਰੀਕਨ ਕਹਾਣੀਕਾਰ ਤੇ ਕਵੀ)*

"ਦੋਸਤ, ਸਾਰੇ ਧਰਮਾਂ ਨੇ ਹੇਰਾ ਫੇਰੀ, ਡਰ, ਲਾਲਚ, ਝੂਠ ਅਤੇ ਕਵਿਤਾ ਵਿੱਚੋਂ ਵਿਕਾਸ ਕੀਤਾ ਹੈ।"

"ਮਨੁੱਖਤਾ ਲਈ ਕਿਸੇ ਵੀ ਹੋਰ ਕਿਸਮ ਦੇ ਲੋਕਾਂ ਨਾਲੋਂ ਧਰਮ ਦੇ ਪ੍ਰਚਾਰਕ ਤੇ ਰਹਿਨੁਮਾ ਅਸਲੀ ਸਮੱਸਿਆਵਾਂ ਦੇ ਕਾਰਨ ਰਹੇ ਹਨ।"

## ਚਾਰਲਜ਼ ਡਾਰਵਿਨ (1809-1882)

*(ਬਰਤਾਨਵੀ ਵਿਗਿਆਨੀ ਜਿਹਨੇ ਕੁਦਰਤੀ ਚੋਣ 'ਤੇ ਅਧਾਰਤ ਆਪਣੇ ਜੀਵ-ਵਿਗਿਆਨ ਦੇ ਅਧਿਅਨ ਵਿਚ ਐਵੋਲਿਉਸ਼ਨ ਦੀ ਥਿਊਰੀ ਨਾਲ ਮਨੁੱਖੀ ਸੋਚ ਵਿਚ ਇਨਕਲਾਬ ਲਿਆਂਦਾ)*

"ਮੈਨੂੰ ਇਹ ਸਮਝਣ ਵਿਚ ਮੁਸ਼ਕਿਲ ਹੈ ਕਿ ਕੋਈ ਕਿਸ ਤਰ੍ਹਾਂ ਇਹ ਚਾਹ ਸਕਦਾ ਹੈ ਕਿ ਇਸਾਈਅਤ ਸੱਚ ਹੋਵੇ; ਕਿਉਂਕਿ ਇਹ ਸਾਫ ਸਾਫ ਸ਼ਬਦਾਂ ਵਿਚ ਕਹਿੰਦੀ ਲਗਦੀ ਹੈ ਕਿ ਜਿਹੜੇ ਲੋਕ ਵਿਸ਼ਵਾਸ ਨਹੀਂ ਕਰਦੇ, ਅਤੇ ਇਨ੍ਹਾਂ ਵਿਚ ਮੇਰੇ ਪਿਤਾ, ਭਰਾ ਅਤੇ ਤਕਰੀਬਨ ਮੇਰੇ ਸਾਰੇ ਦੋਸਤ ਸ਼ਾਮਲ ਹੋਣਗੇ, ਉਨ੍ਹਾਂ ਨੂੰ ਹਮੇਸ਼ਾ ਹਮੇਸ਼ਾ ਲਈ ਸਜ਼ਾ ਦਿੱਤੀ ਜਾਵੇ। ਅਤੇ ਇਹ ਘਿਰਣਾਯੋਗ ਫਲਸਫਾ ਹੈ।"

## ਅਰਨਸਟੀਨ ਐਲ ਰੋਜ਼ (1810-1892)

*(ਨਾਸਤਿਕ, ਔਰਤਾਂ ਦੇ ਹੱਕਾਂ ਲਈ ਲੜਨ ਵਾਲੀ ਅਮਰੀਕਨ)*

"ਜੇ ਰੱਬ ਵਿਚ ਵਿਸ਼ਵਾਸ ਕੁਦਰਤੀ ਵਰਤਾਰਾ ਹੁੰਦਾ ਤਾਂ ਇਸ ਨੂੰ ਪੜ੍ਹਾਉਣ ਦੀ ਜ਼ਰੂਰਤ ਨਾ ਹੁੰਦੀ। ਬੱਚਿਆਂ ਵਿਚ ਇਹ ਆਪਣੇ ਆਪ ਹੀ ਹੁੰਦਾ, ਬਾਲਗਾਂ ਵਿਚ ਵੀ, ਆਮ ਵਿਅਕਤੀ ਤੇ ਪੁਜਾਰੀ ਵਿਚ ਵੀ, ਮੋਮਨਾਂ/ਕਾਫਰਾਂ ਵਿਚ ਵੀ ਤੇ ਮਿਸ਼ਨਰੀਆਂ ਵਿਚ ਵੀ। ਸਾਨੂੰ ਮਨੁੱਖ ਦੇ ਕੁਦਰਤੀ ਵਰਤਾਰਿਆਂ ਨੂੰ ਸਿਖਾਉਣ ਦੀ ਲੋੜ ਨਾ ਪੈਂਦੀ; ਪੰਜ ਗਿਆਨ ਇੰਦਰੀਆਂ, ਦੇਖਣਾ, ਸੁਣਨਾ, ਸੁੰਘਣਾ, ਸਵਾਦ, ਅਤੇ ਮਹਿਸੂਸ ਕਰਨਾ। ਇਹ ਵਿਸ਼ਵ-ਵਿਆਪੀ ਹਨ। ਇਸੇ ਤਰ੍ਹਾਂ ਧਰਮ ਵੀ ਹੁੰਦਾ ਜੇ ਇਹ ਕੁਦਰਤੀ ਹੁੰਦਾ, ਪਰ ਇਹ ਕੁਦਰਤੀ ਨਹੀਂ। ਸਗੋਂ ਇਸ ਦੇ ਉਲਟ, ਇਹ ਇਕ ਬੜਾ ਦਿਲਚਸਪ ਅਤੇ ਨੁਮਾਇਆਂ ਤੱਥ ਹੈ ਕਿ ਸਾਰੇ ਬੱਚੇ ਨਾਸਤਿਕ ਹੁੰਦੇ ਹਨ, ਅਤੇ ਜੇ ਧਰਮ ਨੂੰ

ਉਨ੍ਹਾਂ ਦੇ ਦਿਮਾਗ ਵਿਚ ਘੁਸੇੜਿਆ ਨਾ ਜਾਵੇ ਤਾਂ ਉਹ ਨਾਸਤਿਕ ਹੀ ਰਹਿਣ। ਫੇਰ ਵੀ ਬੱਚੇ ਬੜੇ ਸ਼ੱਕੀ ਹੁੰਦੇ ਹਨ, ਓਨਾਂ ਚਿਰ, ਜਿੰਨਾਂ ਚਿਰ ਉਨ੍ਹਾਂ ਨੂੰ ਉਸ ਖਤਰਨਾਕ ਹਥਿਆਰ ਤੋਂ ਜਾਣੂ ਨਾ ਕਰਾਇਆ ਜਾਵੇ ਜਿਸ ਨਾਲ ਧਰਮ ਨੇ ਹਮੇਸ਼ਾ ਆਪਣੇ ਆਪ ਨੂੰ ਸਥਾਪਤ ਕੀਤਾ ਹੈ, ਜਾਣੀ ਕਿ ਡਰ – ਜੀਵਨ ਵਿਚ ਲੋਕ ਰਾਏ ਦੇ ਡੰਡੇ ਦਾ ਡਰ, ਅਤੇ ਪਿੱਛੋਂ ਇਕ ਈਰਖਾਲੂ ਅਤੇ ਬਦਲਾ-ਲਊ ਰੱਬ ਦਾ ਡਰ। ਨਹੀਂ; ਮਨੁੱਖ ਦੇ ਕੁਦਰਤੀ ਵਰਤਾਅ ਵਿਚ ਕੋਈ ਧਰਮ ਨਹੀਂ ਹੈ, ਨਾ ਹੀ ਧਰਮ ਵਿਚ ਕੋਈ ਮਨੁੱਖ ਦਾ ਕੁਦਰਤੀ ਵਰਤਾਅ। ਇਹ ਬਿਲਕੁਲ ਗੈਰ-ਕੁਦਰਤੀ ਹੈ, ਸਿੱਖਿਆ ਦਾ ਨਤੀਜਾ ਹੈ, ਜਦਕਿ ਨਾਸਤਿਕਤਾ ਕੁਦਰਤੀ ਹੈ ਅਤੇ ਜੇ ਮਨੁੱਖੀ ਦਿਮਾਗ ਨੂੰ ਅੰਧ ਵਿਸ਼ਵਾਸੀ ਰਹੱਸ ਅਤੇ ਹਾਸੋ ਹੀਣੇ ਅਗਿਆਨ ਨਾਲ ਬਦਲਿਆ ਤੇ ਡਰਾਇਆ ਨਾ ਜਾਵੇ ਤਾਂ ਇਹ ਵਿਸ਼ਵ ਵਿਆਪੀ ਹੋਵੇ।"

*ਜਦੋਂ 1890 ਵਿਚ ਅਮਰੀਕਾ ਦੀ ਵਿਸਕਾਨਸਿਨ ਸਟੇਟ ਦੇ ਧਾਰਮਿਕ ਲੋਕਾਂ ਨੇ ਸਕੂਲ ਵਿਚ ਪੂਜਾ ਕਰਨ ਦੀ ਮੰਗ ਕੀਤੀ, ਤਾਂ ਸਟੇਟ ਦੀ ਸੁਪਰੀਮ ਕੋਰਟ ਨੇ ਇਸ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ:*

"ਸਟੇਟ ਵਿਚ ਝੇੜਿਆਂ ਬਖੇੜਿਆਂ, ਲੜਾਈਆਂ ਝਗੜਿਆਂ, ਘਾਤਕ ਵਿਰੋਧਤਾਈਆਂ, ਸਜ਼ਾਵਾਂ, ਅਤੇ ਜੰਗਾਂ, ਅਤੇ ਹਰ ਕਿਸਮ ਦੀ ਬੁਰਾਈ ਦਾ ਧਰਮ ਜਿੰਨਾ ਕੋਈ ਵੀ ਹੋਰ ਸੋਮਾ ਜਾਂ ਕਾਰਨ ਨਹੀਂ। ਜੇ ਇਹਨੂੰ ਇਕ ਵਾਰੀ ਆਪਣੇ ਸਮਾਜਕ ਕੰਮਾਂ ਕਾਰਾਂ ਵਿਚ ਦਾਖਲ ਹੋਣ ਦਿੱਤਾ ਤਾਂ ਆਪਣੀ ਸਰਕਾਰ ਬੜੀ ਛੇਤੀ ਤਬਾਹ ਹੋ ਜਾਵੇਗੀ।"

"ਤੁਸੀਂ ਸਜ਼ਾ ਦੇ ਡਰੋਂ ਜਾਂ ਇਸ ਦੁਨੀਆ ਤੋਂ ਬਾਅਦ ਮਿਲਣ ਵਾਲੇ ਇਨਾਮ ਖਾਤਰ ਜਿਹੜੀ ਵੀ ਕੋਈ ਚੰਗਿਆਈ ਕਰੋ, ਨਾਸਤਿਕ ਬੰਦਾ ਸਿਰਫ ਇਸ ਲਈ ਕਰੇਗਾ ਕਿ ਉਹ ਕੰਮ ਹੀ ਚੰਗਿਆਈ ਹੈ; ਇਸ ਤਰ੍ਹਾਂ ਕਰਨ ਨਾਲ, ਉਹਨੂੰ ਕਿਤੇ ਜ਼ਿਆਦਾ ਪੱਕਾ ਤੇ ਯਕੀਨੀ ਇਨਾਮ ਮਿਲੇਗਾ ਜਿਹੜਾ ਚੰਗਿਆਈ ਤੋਂ ਹੀ ਪੈਦਾ ਹੋਵੇਗਾ ਜਿਹੜਾ ਉਹਦੀ ਖੁਸ਼ੀ ਹੋਵੇਗਾ, ਅਤੇ ਉਹਦੇ ਸੁੱਖਾਂ 'ਚ ਵਾਧਾ ਕਰੇਗਾ।"

"ਅਗਿਆਨ ਬੁਰਾਈ ਹੈ -- ਤੇ ਗਿਆਨ ਇਸ ਦਾ ਇਲਾਜ। ਗਿਆਨ ਇਸ ਗੱਲ ਦਾ ਨਹੀਂ ਕਿ ਅਸੀਂ ਇਸ ਜੀਵਨ ਤੋਂ ਬਾਅਦ ਕਿਹੋ ਜਿਹੀਆਂ ਸ਼ੈਆਂ ਹੋਵਾਂਗੇ ਜਾਂ ਅਸਮਾਨਾਂ ਤੋਂ ਉੱਪਰ ਕੀ ਹੈ, ਪਰ ਗਿਆਨ ਜਿਹੜਾ ਏਥੇ ਧਰਤੀ 'ਤੇ ਵਸਦਿਆਂ ਬਾਰੇ ਹੋਵੇ, ਅਤੇ ਇਸ ਨਾਲ ਉਹ ਸਾਰੀ ਤਾਕਤ, ਚੰਗਿਆਈ ਤੇ ਮੁਹੱਬਤ ਸਾਡੇ ਵਿਚ ਆ ਜਾਵੇਗੀ, ਜਿਹੜੀ ਸਾਨੂੰ ਭਰਮਾਇਆ ਗਿਆ ਹੈ ਕਿ ਰੱਬ ਕੋਲ਼ ਹੈ।"

## ਜੌਹਨ ਵਿਲੀਅਮ ਡਰੇਪਰ (1811-1882)

*(ਇੰਗਲੈਂਡ ਦਾ ਜੰਮਿਆ ਅਮਰੀਕਨ ਰਸਾਇਣਵੇਤਾ ਤੇ ਇਤਿਹਾਸਕਾਰ)*

"ਇਹ ਕਿੱਦਾਂ ਹੋਇਆ ਕਿ ਚਰਚ ਨੇ ਆਪਣੇ 1200 ਸਾਲਾਂ ਦੇ ਖੁਦਮੁਖਤਾਰੀ ਰਾਜ (ਆਟੋਕਰੈਟਿਕ) ਦੌਰਾਨ ਇਕ ਵੀ ਰੇਖਾਗਣਿਤ ਸ਼ਾਸਤਰੀ (ਜਿਓਮੀਟਰ) ਪੈਦਾ ਨਹੀਂ ਕੀਤਾ?"

## ਰੌਬਰਟ ਬਰਾਉਂਨਿੰਗ (1812-1889)

*(ਬਰਤਾਨਵੀ ਕਵੀ)*

"ਜਿਹੜਾ ਜ਼ਿਆਦਾ ਜਾਣਦਾ ਹੈ, ਉਹੀ ਜ਼ਿਆਦਾ ਸ਼ੰਕਾ ਕਰਦਾ ਹੈ।"

"ਹੁਣ ਇਕ ਨਵੀਂ ਕਚਹਿਰੀ ਹੈ, ਜਿਹੜੀ ਰੱਬ ਤੋਂ ਵੀ ਉੱਚੀ ਹੈ - ਗਿਆਨਵਾਨ ਬੰਦੇ ਦੀ।"

## ਸਰ ਰਿਚਰਡ ਬਰਟਨ (1812-1890)

*(ਬਰਤਾਨਵੀ ਖੋਜੀ)*

"ਜਿੰਨਾਂ ਜ਼ਿਆਦਾ ਮੈਂ ਧਰਮ ਦਾ ਅਧਿਅਨ ਕਰਦਾ ਹਾਂ ਓਨਾਂ ਹੀ ਮੈਂ ਇਸ ਗੱਲ ਦਾ ਕਾਇਲ ਹੁੰਦਾ ਹਾਂ ਕਿ ਬੰਦਾ ਕਦੇ ਵੀ ਕਿਸੇ ਹੋਰ ਦੀ ਪੂਜਾ ਨਹੀਂ ਕਰਦਾ, ਸਿਵਾਏ ਖੁਦ ਆਪਣੀ ਪੂਜਾ ਕਰਨ ਦੇ।"

"ਇਕ ਗੁਲਾਮ ਦੇ ਜੀਵਨ ਦਾ ਸਭ ਤੋਂ ਪਿਆਰਾ ਨਿਸ਼ਾਨਾ ਆਜ਼ਾਦੀ ਨਹੀਂ ਹੁੰਦਾ, ਸਗੋਂ ਖੁਦ ਗੁਲਾਮਾਂ ਦਾ ਮਾਲਕ ਬਣਨਾ ਹੁੰਦਾ ਹੈ।"

## ਮਿਖੇਲ ਬਾਕੁਨਿਨ (1814-1876)

*(ਰੂਸੀ ਅਰਾਜਕਤਾਵਾਦੀ ਤੇ ਸਿਆਸੀ ਨੀਤੀਵੇਤਾ)*

"ਪਹਿਲਾ ਇਨਕਲਾਬ ਧਰਮ-ਸ਼ਾਸਤਰਾਂ ਦੇ ਜ਼ੁਲਮ ਵਿਰੁੱਧ ਹੈ, ਰੱਬ ਦੇ ਛਲਾਵੇ ਵਿਰੁੱਧ। ਜਿੰਨਾ ਚਿਰ ਅਸਮਾਨਾਂ 'ਚ ਸਾਡਾ ਕੋਈ ਮਾਲਕ ਜੀਂਦਾ ਹੈ, ਉੱਨਾਂ ਚਿਰ ਅਸੀਂ ਧਰਤੀ ਉੱਤੇ ਗੁਲਾਮ ਹੀ ਬਣੇ ਰਹਾਂਗੇ।"

"ਸਹੀ ਤਰੀਕੇ ਨਾਲ ਪੜ੍ਹੀ ਜਾਵੇ ਤਾਂ ਬਾਈਬਲ ਹੁਣ ਤੱਕ ਲਿਖੀ ਗਈ ਕਿਸੇ ਵੀ ਹੋਰ ਰਚਨਾ ਨਾਲੋਂ ਨਾਸਤਿਕਤਾ ਦੇ ਹੱਕ 'ਚ ਖੜ੍ਹਨ ਵਾਲੀ ਸਭ ਤੋਂ ਵੱਧ ਸ਼ਕਤੀਸ਼ਾਲੀ ਰਚਨਾ ਹੈ।"

"ਧਰਮ ਸਾਂਝਾ ਪਾਗਲਪਨ ਹੈ।"

"ਧਰਮ ਸਿਧਾਂਤ (ਥੀਔਲੋਜੀ) ਪਵਿੱਤਰ ਝੂਠ ਦਾ ਵਿਗਿਆਨ ਹੈ।"

"ਅਸੀਂ ਪਦਾਰਥਵਾਦੀ ਤੇ ਨਾਸਤਿਕ ਹਾਂ ਅਤੇ ਸਾਨੂੰ ਤੱਥਾਂ ਵਿਚ ਹੀ ਪਰਮ ਆਨੰਦ ਮਿਲਦਾ ਹੈ।"

“ਸਾਰੇ ਧਰਮ, ਆਪਣੇ ਦੇਵਤਿਆਂ, ਅਰਧ-ਦੇਵਤਿਆਂ, ਪੀਰਾਂ, ਪੈਗੰਬਰਾਂ ਅਤੇ ਸੰਤਾਂ ਸਣੇ ਉਨ੍ਹਾਂ ਮਨੁੱਖਾਂ ਦੀ ਪੈਦਾਵਾਰ ਹਨ ਜਿਨ੍ਹਾਂ ਨੇ ਅਜੇ ਆਪਣੇ ਵਿਅਕਤਿਤਵ ਦੀਆਂ ਬੌਧਿਕ ਸ਼ਕਤੀਆਂ ਦਾ ਪੂਰੀ ਤਰ੍ਹਾਂ ਵਿਕਾਸ ਨਹੀਂ ਕੀਤਾ।”

“ਲੋਕ ਚਰਚ ਨੂੰ ਵੀ ਉਸੇ ਮਕਸਦ ਲਈ ਜਾਂਦੇ ਹਨ, ਜਿਸ ਲਈ ਉਹ ਠੇਕੇ ਨੂੰ ਜਾਂਦੇ ਹਨ: ਆਪਣੇ ਹੋਸ਼ ਗੁਆਉਣ, ਆਪਣੇ ਦੁੱਖਾਂ ਨੂੰ ਭੁੱਲਣ, ਆਪਣੇ ਆਪ ਨੂੰ ਆਜ਼ਾਦ ਤੇ ਖੁਸ਼ ਮਹਿਸੂਸ ਕਰਨ ਲਈ, ਭਾਵੇਂ ਕੁਝ ਪਲਾਂ ਲਈ ਹੀ ਸਹੀ।”

## ਇਲੈਜ਼ਬਿੱਥ ਕੈਡੀ ਸਟੈਨਟਨ (1815-1902)

*(ਅਮਰੀਕਨ ਨਾਰੀਵਾਦੀ ਸਮਾਜ ਸੁਧਾਰਕ)*

“ਮੈਂ ਜਿਨ੍ਹਾਂ ਸਭ ਤੋਂ ਖੁਸ਼ ਲੋਕਾਂ ਨੂੰ ਜਾਣਦੀ ਹਾਂ ਉਹ ਲੋਕ ਹਨ, ਜਿਨ੍ਹਾਂ ਨੂੰ ਆਪਣੀ ਰੂਹ (ਸੋਲ) ਬਾਰੇ ਕੋਈ ਪਰਵਾਹ ਨਹੀਂ ਹੁੰਦੀ, ਪਰ ਜਿਹੜੇ ਦੂਜਿਆਂ ਦੇ ਦੁੱਖਾਂ ਤਕਲੀਫਾਂ ਨੂੰ ਦੂਰ ਕਰਨ ਲਈ ਆਪਣੀ ਹਰ ਸੰਭਵ ਕੋਸ਼ਸ਼ ਕਰਦੇ ਹਨ।”

“ਬਾਈਬਲ ਤੇ ਚਰਚ ਔਰਤ ਦੀ ਆਜ਼ਾਦੀ ਅੱਗੇ ਸਭ ਤੋਂ ਵੱਡੀਆਂ ਰੁਕਾਵਟਾਂ ਰਹੀਆਂ ਹਨ।”

“ਮੈਂ ਹਮੇਸ਼ਾ ਇਹ ਕੋਸ਼ਸ਼ ਕੀਤੀ ਹੈ ਕਿ ਧਾਰਮਿਕ ਅੰਧ-ਵਿਸ਼ਵਾਸ ਔਰਤਾਂ ਦੇ ਮਨਾਂ ’ਚੋਂ ਕੱਢ ਦੇਵਾਂ ਅਤੇ ਉਨ੍ਹਾਂ ਦਾ ਵਿਸ਼ਵਾਸ ਵਿਗਿਆਨ ਅਤੇ ਤਰਕ ’ਤੇ ਬਿਠਾਵਾਂ, ਜਿਸ ਵਿਚ ਮੈਨੂੰ ਖੁਦ ਆਖਰਕਾਰ ਸ਼ਾਂਤੀ ਤੇ ਸਕੂਨ ਮਿਲਿਆ ਹੈ, ਜਿਹੜਾ ਬਾਈਬਲ ਜਾਂ ਚਰਚ ਵਿੱਚੋਂ ਕਦੇ ਹਾਸਿਲ ਨਹੀਂ ਕੀਤਾ ਜਾ ਸਕਦਾ।”

## ਹੈਨਰੀ ਡੇਵਿਡ ਥੌਰੋਅ (1817-1862)

*(ਅਮਰੀਕਨ ਦਾਰਸ਼ਨਿਕ ਤੇ ਲਿਖਾਰੀ)*

“ਮੈਨੂੰ ਇਸ ਗੱਲ ਦੀ ਬਿਲਕੁਲ ਸਮਝ ਨਹੀਂ ਪੈਂਦੀ ਕਿ ਸਕੂਲ ਅਧਿਆਪਕ ਨੂੰ ਟੈਕਸ ਲਾ ਕੇ ਪਾਦਰੀ ਦੀ ਮਦਦ ਕੀਤੀ ਜਾਵੇ, ਨਾ ਕਿ ਪਾਦਰੀ ਦੇ ਟੈਕਸ ਨਾਲ ਸਕੂਲ ਅਧਿਆਪਕ ਦੀ।”

## ਕਾਰਲ ਮਾਰਕਸ (1818-1883)

*(ਜਰਮਨ ਦਾਰਸ਼ਨਿਕ ਅਤੇ ਇਨਕਲਾਬੀ ਅਰਥ-ਸ਼ਾਸਤਰੀ ਜਿਹਨੇ ਆਪਣੀ ਕਿਰਤ 'ਦਾ ਕੈਪੀਟਲ' ਨਾਲ ਦੁਨੀਆ ਦੀ ਸੋਚ ਵਿਚ ਇਨਕਲਾਬ ਲਿਆਂਦਾ)*

"ਧਾਰਮਿਕ ਦੁੱਖ ਤਕਲੀਫ ਇੱਕੋ ਸਮੇਂ ਅਸਲੀ ਦੁੱਖਾਂ ਦਾ ਵਿਖਾਵਾ ਅਤੇ ਉਨ੍ਹਾਂ ਦੀ ਵਿਰੋਧਤਾ ਹੁੰਦੇ ਹਨ। ਧਰਮ ਦੱਬੇ ਹੋਏ ਪ੍ਰਾਣੀ ਦਾ ਹਉਕਾ ਹੈ, ਬੇਦਿਲ ਦੁਨੀਆ ਦਾ ਦਿਲ ਹੈ, ਅਤੇ ਰੂਹ ਰਹਿਤ ਸਥਿਤੀਆਂ ਦੀ ਰੂਹ ਹੈ। ਇਹ ਲੋਕਾਂ ਦੀ ਅਫੀਮ ਹੈ।"

"ਲੋਕਾਂ ਦੀ ਅਸਲੀ ਖੁਸ਼ੀ ਵਾਸਤੇ ਧਰਮ ਦਾ ਖਾਤਮਾ ਜ਼ਰੂਰੀ ਹੈ, ਜਿਹੜਾ ਕਿ ਉਨ੍ਹਾਂ ਦੀ ਭੁਲੇਖਾ ਪਾਊ ਖੁਸ਼ੀ ਹੁੰਦਾ ਹੈ। ਇਸ ਭੁਲੇਖੇ ਨੂੰ ਖਤਮ ਕਰਨ ਦੀ ਮੰਗ ਅਸਲ ਵਿਚ ਉਨ੍ਹਾਂ ਹਾਲਤਾਂ ਨੂੰ ਖਤਮ ਕਰਨ ਦੀ ਮੰਗ ਹੈ, ਜਿਨ੍ਹਾਂ ਕਾਰਨ ਇਸ ਭੁਲੇਖੇ (ਧਰਮ ਦੀ) ਦੀ ਲੋੜ ਹੁੰਦੀ ਹੈ। ..."

"ਮਨੁੱਖ ਜਿੰਨਾ ਆਪਣੇ ਵਿੱਚੋਂ ਕੱਢ ਕੇ ਰੱਬ ਵਿਚ ਪਾਉਂਦਾ ਹੈ ਉਨਾਂ ਹੀ ਉਹਦੇ ਵਿਚ ਘੱਟ ਬਚਦਾ ਹੈ।"

## ਇਵਾਨ ਤੁਰਗਨੇਵ (1818-1883)

*(ਰੂਸੀ ਨਾਵਲਕਾਰ)*

"ਕੁਦਰਤ ਕੋਈ ਮੰਦਰ ਨਹੀਂ, ਸਗੋਂ ਵਰਕਸ਼ਾਪ ਹੈ, ਅਤੇ ਬੰਦਾ ਇਸ ਵਿਚਲਾ ਕਾਮਾ ਹੈ।"

"ਸੂਨ (ਨਥਿੰਗ) ਵਿਚ ਵਿਸ਼ਵਾਸ ਕਰਨ ਲਈ ਉਤਾਵਲਾਪਨ।"

## ਫਰੈਡਰਿੱਕ ਡੱਗਲਸ (1818-1895)

*(ਕਾਲ਼ਾ ਅਮਰੀਕਨ ਗੁਲਾਮ-ਪ੍ਰਥਾ ਵਿਰੋਧੀ। ਉਹ ਇਕ ਗੁਲਾਮ ਜੰਮਿਆ ਸੀ ਬਾਅਦ ਵਿਚ ਇਬ੍ਰਾਹੈਮ ਲਿੰਕਨ ਦਾ ਸਲਾਹਕਾਰ ਬਣਿਆਂ।*

"ਚਰਚ ਬਣਾਉਣ ਵਾਸਤੇ ਪੈਸੇ ਹਾਸਿਲ ਕਰਨ ਲਈ ਆਦਮੀਆਂ (ਗੁਲਾਮਾਂ) ਨੂੰ ਵੇਚਿਆ ਜਾਂਦਾ ਹੈ। ਈਸਾ ਦੇ ਵਿਚਾਰ ਪ੍ਰਚਾਰਨ ਦੀ ਮਦਦ ਵਾਸਤੇ ਔਰਤਾਂ ਨੂੰ ਵੇਚਿਆ ਜਾਂਦਾ ਹੈ। ਬਾਈਬਲਾਂ ਖ੍ਰੀਦ ਕੇ ਗਰੀਬਾਂ ਵਿਚ ਵੰਡਣ ਲਈ ਕੁੜੀਆਂ ਨੂੰ ਵੇਚਿਆ ਜਾਂਦਾ ਹੈ। ਇਹ ਸਭ ਕੁਝ ਪਰਮਾਤਮਾ ਦੀ ਮਹਿਮਾ ਵਿਚ ਅਤੇ ਰੂਹਾਂ ਦੀ ਭਲਾਈ ਲਈ ਕੀਤਾ ਜਾਂਦਾ ਹੈ। ਗੁਲਾਮਾਂ ਦੀ ਨੀਲਾਮੀ ਕਰਨ ਵਾਲੇ ਦੀ ਘੰਟੀ ਤੇ ਚਰਚ ਦੀ ਘੰਟੀ ਇਕ ਦੂਜੇ ਨਾਲ ਰਲ਼ ਕੇ ਵੱਜਦੀਆਂ ਹਨ ਅਤੇ ਟੁੱਟੇ ਦਿਲਾਂ ਵਾਲੇ ਗੁਲਾਮਾਂ ਦੀਆਂ ਦਰਦਨਾਕ ਚੀਕਾਂ ਉਨ੍ਹਾਂ ਦੇ ਮਾਲਕਾਂ ਦੇ ਧਾਰਮਿਕ ਰੌਲ਼ੇ ਵਿਚ ਡੁੱਬ ਜਾਂਦੀਆਂ ਹਨ। ਧਰਮ ਦੀ ਰੱਖਿਆ ਤੇ ਗੁਲਾਮਾਂ ਦੇ ਵਪਾਰ ਦੀ ਰੱਖਿਆ ਨਾਲੋ ਨਾਲ ਚੱਲਦੀਆਂ ਹਨ।"

## ਜੌਰਜ ਐਲੀਇਟ (ਮੈਰੀ ਐਨ ਐਵਨਜ਼) (1819-1880)

(ਬਰਤਾਨਵੀ ਨਾਵਲਕਾਰਾ)

"ਜਿਹੜਾ ਤੇਰਾ ਘੁੱਗੂ (ਭੋਂਦੂ) ਜਮ੍ਹਾਂ ਦਾ ਸਵਾਲ ਨਹੀਂ ਹੱਲ ਕਰ ਸਕਦਾ, ਉਹਨੂੰ ਸਦਾ ਅਸੀਮਤਾ 'ਚ ਬੜੀ ਦਿਲਚਸਪੀ ਹੁੰਦੀ ਹੈ।"

"ਜਦੋਂ ਤੋਂ ਰੂਹ ਨੇ ਸੋਚਣਾ ਸ਼ੁਰੂ ਕੀਤਾ ਹੈ, ਉਹ ਜ਼ੁਲਮੀ ਦੈਂਤ ਦੇ ਪੰਜਿਆਂ ਵਿਚ ਤੇ ਕੱਟੜਪੰਥੀ ਸਿਧਾਤਾਂ ਵਿਚ ਨੂੜੀ ਪਈ ਹੈ ਤੇ ਜਦੋਂ ਉਹ ਆਜ਼ਾਦ ਹੁੰਦੀ ਹੈ ਤਾਂ ਉਸ ਨੂੰ ਖੁਸ਼ੀ ਦਾ, ਹੁਲਾਸ ਦਾ ਤੇ ਗੂੜ੍ਹੀ ਆਸ ਦਾ ਅਹਿਸਾਸ ਹੁੰਦਾ ਹੈ।"

"ਧਰਮ ਦਾ ਜਿੰਦਾਂ ਦਾ ਵੀ ਮਾਰੂ ਸਿਧਾਂਤ ਵਾਲਾ ਢਾਂਚਾ ਰਿਹਾ ਹੈ, ਮਨੁੱਖੀ ਫਿਤਰਤ ਉਹਦੇ ਨਾਲੋਂ ਵੀ ਤਾਕਤਵਰ ਤੇ ਵਡੇਰੀ ਹੈ, ਅਤੇ ਕੱਟੜਪੁਣਾ ਭਾਵੇਂ ਜਿੰਨੀਆਂ ਮਰਜ਼ੀ ਰੋਕਾਂ ਲਾਵੇ, ਉਹ ਕਦੇ ਵੀ ਵਿਕਾਸ ਨੂੰ ਪੂਰੀ ਤਰ੍ਹਾਂ ਰੋਕ ਨਹੀਂ ਸਕਦਾ।"

"ਵਿਕਾਸ ਦਾ ਸ਼ਕਤੀਸ਼ਾਲੀ ਨਿਯਮ ਮਨੁੱਖੀ ਚੋਣ ਵਿਚ ਹੈ।"

## ਹਰਬਰਟ ਸਪੈਂਸਰ (1820-1903)

*(ਬਰਤਾਨਵੀ ਦਾਰਸ਼ਨਿਕ)*

"ਮਨੁੱਖਾਂ ਨੂੰ ਮੂਰਖਤਾ ਦੀ ਅਸਲੀਅਤ ਤੋਂ ਬਚਾਈ ਰੱਖਣ ਦਾ ਅਖੀਰ ਵਿਚ ਨਤੀਜਾ ਹੁੰਦਾ ਹੈ ਸਾਰੀ ਦੁਨੀਆ ਨੂੰ ਮੂਰਖਾਂ ਨਾਲ ਭਰਨਾ।"

"ਵਿਗਿਆਨ ਨੇ ਧਰਮ ਨੂੰ ਇਸ ਦੇ ਇਕ ਤੋਂ ਬਾਅਦ ਦੂਜੇ ਸਿਧਾਂਤ ਨੂੰ ਛੱਡਣ ਲਈ ਮਜਬੂਰ ਕੀਤਾ ਹੈ, ਗਿਆਨ ਦੀਆਂ ਉਨ੍ਹਾਂ ਗੱਲਾਂ ਤੋਂ ਜਿਹੜੀਆਂ ਦਾ ਇਹ ਪ੍ਰਮਾਣ ਨਾ ਦੇ ਸਕਿਆ।"

## ਸੂਜ਼ਨ ਬੀ ਐਨਥਨੀ (1820-1906)

*(ਅਮਰੀਕਾ ਦੀ ਨਾਰੀਵਾਦੀ ਆਗੂ ਤੇ ਲਿਖਾਰੀ)*

"ਮੈਂ ਉਨ੍ਹਾਂ ਲੋਕਾਂ 'ਤੇ ਯਕੀਨ ਨਹੀਂ ਕਰਦੀ, ਜਿਨ੍ਹਾਂ ਨੂੰ ਇਹ ਪੂਰੀ ਤਰ੍ਹਾਂ ਪਤਾ ਹੁੰਦਾ ਹੈ ਕਿ ਰੱਬ ਉਨ੍ਹਾਂ ਤੋਂ ਕੀ ਕਰਾਉਣਾ ਚਾਹੁੰਦਾ ਹੈ ਕਿਉਂਕਿ ਮੈਂ ਦੇਖਿਆ ਹੈ ਕਿ ਰੱਬ ਦੀ ਖਾਹਿਸ਼ ਉਨ੍ਹਾਂ ਦੀਆਂ ਆਪਣੀਆਂ ਖਾਹਿਸ਼ਾਂ ਨਾਲ ਹੀ ਮੇਲ ਖਾਂਦੀ ਹੁੰਦੀ ਹੈ।"

"ਔਰਤ ਨੂੰ ਮਿਲੀ ਰਤਾ ਜਿੰਨੀ ਆਜ਼ਾਦੀ ਲਈ ਵੀ, ਉਹ ਕਿਸੇ ਕਿਸਮ ਦੇ ਧਰਮ ਦੀ ਦੇਣਦਾਰ ਨਹੀਂ ਹੈ।"

"ਸਦੀਆਂ ਤੋਂ ਧਾਰਮਿਕ ਸਜ਼ਾਵਾਂ ਇਸ ਦਾਅਵੇ ਨਾਲ ਦਿੱਤੀਆਂ ਜਾਂਦੀਆਂ ਰਹੀਆਂ ਕਿ ਇਹ ਰੱਬ ਦਾ ਹੁਕਮ ਸੀ।"

## ਗੁਸਤਾਵ ਫਲਾਬਰ (1821-1880)

*(ਫਰਾਂਸੀਸੀ ਲਿਖਾਰੀ ਜਿਹਨੂੰ ਪੱਛਮ ਦੇ ਸਰਵੋਤਮ ਨਾਵਲਕਾਰਾਂ ਵਿੱਚੋਂ ਮੰਨਿਆਂ ਜਾਂਦਾ ਹੈ)*

"ਸ਼ੰਕਾ ਦੇ ਸਿਰਹਾਣੇ 'ਤੇ ਸਿਰ ਰੱਖ ਕੇ ਸੌਣਾ ਜ਼ਰੂਰੀ ਹੈ।"

## ਹੈਨਰੀ ਫਰੈਡਰਿਕ ਏਮੀਅਲ (1821-1881)

*(ਸਵਿਸ ਕਵੀ ਤੇ ਦਾਰਸ਼ਨਿਕ)*

"ਵਿਸ਼ਵਾਸ ਸਿਰਫ ਇਸ ਕਰਕੇ ਸੱਚ ਨਹੀਂ ਬਣ ਜਾਂਦਾ ਕਿ ਉਹ ਫਾਇਦੇਮੰਦ ਹੈ।"

## ਮੈਥਿਊ ਆਰਨਲਡ (1822-1888)

*(ਬਰਤਾਨਵੀ ਕਵੀ)*

"ਵਿਗਿਆਨ ਦੇ ਵਾਧੇ ਨਾਲ ਅੰਤ ਨੂੰ ਬਾਈਬਲ ਦੀਆਂ ਸਾਰੀਆਂ ਕਰਾਮਾਤਾਂ ਖਤਮ ਹੋ ਜਾਣਗੀਆਂ।"

## ਥੌਮਸ ਹੈਨਰੀ ਹਕਸਲੇ (1825-1895)

*(ਬਰਤਾਨਵੀ ਜੀਵ-ਵਿਗਿਆਨੀ)*

"ਸ਼ੰਕਾਵਾਦ (ਸਕਿਪਟਿਸਿਜ਼ਮ) ਸਭ ਤੋਂ ਵੱਡਾ ਮਨੁੱਖੀ ਫਰਜ਼ ਹੈ ਤੇ ਅੰਨ੍ਹਾ ਯਕੀਨ ਨਾ ਮਾਫ ਕੀਤੇ ਜਾਣ ਵਾਲਾ ਪਾਪ ਹੈ।"

"ਮਨੁੱਖ ਦੀ ਸੋਚਣ ਸ਼ਕਤੀ ਨਾਲ ਕੀਤਾ ਜਾਣ ਵਾਲਾ ਸਭ ਤੋਂ ਸੰਗੀਨ ਪਾਪ ਕਿਸੇ ਗੱਲ ਨੂੰ ਬਿਨਾਂ ਸਬੂਤ ਦੇ ਮੰਨ ਲੈਣਾ ਹੈ। ਵਿਗਿਆਨ ਆਪਣੇ ਵਧੀਆ ਰੂਪ ਵਿਚ ਵੀ ਆਮ ਸੂਝ ਹੀ ਹੈ - ਆਪਣੇ ਨਿਰੀਖਣ ਵਿਚ ਸਖਤੀ ਨਾਲ ਸਹੀ ਗੱਲ 'ਤੇ ਪਹਿਰਾ ਦੇਣ ਵਾਲਾ ਤੇ ਤਰਕ ਵਿਚ ਹੋਈ ਗਲਤੀ ਨੂੰ ਕਦੇ ਮਾਫ ਨਾ ਕਰਨ ਵਾਲਾ।"

## ਚਾਰਲਜ਼ ਐਲੀਅਟ ਨੌਰਟਨ (1827-1908)

*(ਅਮਰੀਕਨ ਲੇਖਕ)*

"ਮਨੁੱਖਤਾ ਦੇ ਸਭ ਤੋਂ ਵਧ ਸਭਿਅਕ ਲੋਕਾਂ ਵਿੱਚੋਂ ਧਾਰਮਿਕ ਵਿਸ਼ਵਾਸ ਦਾ ਖਾਤਮਾ ਇਕ ਬੱਚੇ ਦੇ ਬਾਲਗ ਹੋਣ ਵਰਗਾ ਕਦਮ ਹੈ।"

## ਜੌਰਜ ਮੈਰੇਡਿਥ (1828-1909)

*(ਬਰਤਾਨਵੀ ਨਾਵਲਕਾਰ ਤੇ ਕਵੀ)*

"ਜਿਹੜਾ ਬੰਦਾ ਖੁਦ ਆਪਣੇ ਲਈ ਸੋਚਦਾ ਨਹੀਂ, ਉਹ ਆਪਣਾ ਦਿਮਾਗ ਪੁਜਾਰੀਆਂ ਨੂੰ ਦੇ ਦਿੰਦਾ ਹੈ।"

## ਐਮਿਲੀ ਡਿਕਨਸਨ (1830-1886)

*(ਅਮਰੀਕਨ ਕਵੀ)*

"ਕਿਉਂਕਿ ਇਹ ਮੁੜ ਕੇ ਫੇਰ ਨਹੀਂ ਮਿਲੇਗਾ / ਇਹੀ ਗੱਲ ਜੀਵਨ ਨੂੰ ਏਨਾ ਦਿਲਕਸ਼ ਬਣਾਉਂਦੀ ਹੈ।"

## ਜੇਮਜ਼ ਐਬਰਾਮ ਗਾਰਫੀਲਡ (1831-1881)

*(ਅਮਰੀਕਾ ਦਾ ਵੀਹਵਾਂ ਰਾਸ਼ਟਰਪਤੀ ਜੋ ਪਹਿਲਾਂ ਪਾਦਰੀ ਹੁੰਦਾ ਸੀ।)*

"ਚਰਚ ਤੇ ਸਟੇਟ ਦਾ ਤਲਾਕ ਮੁਕੰਮਲ ਹੋਣਾ ਚਾਹੀਦਾ ਹੈ। ਇਹ ਏਨਾ ਮੁਕੰਮਲ ਹੋਣਾ ਚਾਹੀਦਾ ਹੈ ਕਿ ਕਿਸੇ ਵੀ ਚਰਚ ਦੀ ਜਾਇਦਾਦ ਨੂੰ ਕਿਤੇ ਵੀ, ਕਿਸੇ ਵੀ ਸਟੇਟ ਵਿਚ ਜਾਂ ਮੁਲਕ ਵਿਚ, ਟੈਕਸਾਂ ਤੋਂ ਛੋਟ ਨਹੀਂ ਮਿਲਣੀ ਚਾਹੀਦੀ; ਜੇ ਤੁਸੀਂ ਕਿਸੇ ਵੀ ਚਰਚ ਨਾਲ ਸਬੰਧਤ ਜਥੇਬੰਦੀ ਦੀ ਜਾਇਦਾਦ ਨੂੰ ਟੈਕਸ ਤੋਂ ਛੋਟ ਦਿੰਦੇ ਹੋ ਤਾਂ ਓਨਾਂ ਹੀ ਟੈਕਸ ਉਸ ਚਰਚ ਨਾਲ ਜੁੜੇ ਹੋਏ ਸਾਰੇ ਭਾਈਚਾਰੇ ਤੋਂ ਵਸੂਲ ਕਰਨਾ ਚਾਹੀਦਾ ਹੈ।"

## ਚਾਰਲਜ਼ ਬਰਾਡਲੋਹ (1833-1891)

*(ਸਿਆਸੀ ਕਾਰਕੁੰਨ 19ਵੀਂ ਸਦੀ ਦਾ ਮਸ਼ਹੂਰ ਅੰਗ੍ਰੇਜ਼ੀ ਨਾਸਤਿਕ। ਉਹਨੇ 1886 ਵਿਚ ਨੈਸ਼ਨਲ ਸੈਕੂਲਰ ਸੁਸਾਇਟੀ ਦੀ ਸਥਾਪਨਾ ਕੀਤੀ)*

"ਇਸਾਈਓ, ਮੈਂ ਤੁਹਾਡੇ ਪਿੱਛੇ ਨਹੀਂ ਲੱਗ ਸਕਦਾ; ਤੁਸੀਂ ਆਪਣਾ ਜੀਵਨ ਆਪਣੇ ਗੋਡਿਆਂ ਭਾਰ ਰੀਂਘ ਕੇ ਲੰਘਾਉਂਦੇ ਹੋ, ਜਦ ਕਿ ਮੈਂ ਆਪਣੇ ਪੈਰਾਂ 'ਤੇ ਮਟਕ ਨਾਲ ਤੁਰ ਕੇ ਲੰਘਾਉਂਦਾ ਹਾਂ।"

## ਰੌਬਰਟ ਜੀ ਇੰਗਰਸੋਲ (1833-1899)

*(ਅਮਰੀਕਨ ਸਿਆਸੀ ਆਗੂ ਤੇ ਮਸ਼ਹੂਰ ਬੁਲਾਰਾ)*

"ਜਿਵੇਂ ਜਿਵੇਂ ਲੋਕਾਂ ਨੂੰ ਸਮਝ ਆਉਂਦੀ ਹੈ ਉਹ ਪ੍ਰਚਾਰਕਾਂ ਦੀ ਘੱਟ ਤੇ ਅਧਿਆਪਕਾਂ ਦੀ ਜ਼ਿਆਦਾ ਸੁਣਦੇ ਹਨ।"

"ਧਰਮ ਕਦੇ ਵੀ ਮਨੁੱਖ ਦਾ ਸੁਧਾਰ ਨਹੀਂ ਕਰ ਸਕਦਾ ਕਿਉਂਕਿ ਧਰਮ ਤਾਂ ਹੈ ਹੀ ਗੁਲਾਮੀ।"

"ਅਗਿਆਨਤਾ ਉਹ ਜ਼ਮੀਨ ਹੈ ਜਿਸ ਵਿਚ ਕਰਾਮਾਤਾਂ ਲਈ ਯਕੀਨ ਉੱਗਦਾ ਹੈ।"

"ਜਿੰਨਾ ਚਿਰ ਹਰ ਸਵਾਲ ਦਾ ਜਵਾਬ "ਰੱਬ" ਦੇ ਸ਼ਬਦ ਨਾਲ ਦਿੱਤਾ ਜਾਵੇ ਵਿਗਿਆਨਕ ਖੋਜ ਅਸੰਭਵ ਹੈ।"

"ਬਾਈਬਲ ਤੋਂ ਪ੍ਰੇਰਨਾ ਉਸ ਨੂੰ ਪੜ੍ਹਨ ਵਾਲੇ ਦੀ ਅਗਿਆਨਤਾ 'ਤੇ ਅਧਾਰਤ ਹੈ।"

"ਵਿਸ਼ਵਾਸੀ ਪਿੰਜਰੇ 'ਚ ਬੰਦ ਪੰਛੀ ਹੁੰਦਾ ਹੈ, ਆਜ਼ਾਦ ਚਿੰਤਕ ਆਪਣੇ ਅਣਥੱਕ ਖੰਭਾਂ ਨਾਲ ਬੱਦਲਾਂ ਨੂੰ ਪਾੜ ਕੇ ਉੱਡਣ ਵਾਲਾ ਉਕਾਬ।"

"ਸਾਡੀ ਅਗਿਆਨਤਾ ਰੱਬ ਹੈ; ਜੋ ਸਾਨੂੰ ਪਤਾ ਹੈ ਉਹ ਵਿਗਿਆਨ ਹੈ।"

"ਜਦੋਂ ਮੈਨੂੰ ਇਸ ਗੱਲ ਦਾ ਪੱਕ ਹੋ ਗਿਆ ਕਿ ਬ੍ਰਹਿਮੰਡ ਕੁਦਰਤੀ ਹੈ, ਤੇ ਸਾਰੇ ਭੂਤ ਅਤੇ ਦੇਵਤੇ ਮਨਘੜਤ ਕਹਾਣੀਆਂ ਹਨ, ਉਸ ਵੇਲੇ ਮੇਰੇ ਦਿਮਾਗ ਵਿਚ ਗੱਲ ਪਈ, ਮੇਰੀ ਰੂਹ ਨੂੰ ਸਮਝ ਆਈ, ਤਾਂ ਮੇਰੇ ਸਰੀਰ ਦੇ ਰੋਮ ਰੋਮ ਵਿਚ, ਇਕ ਆਜ਼ਾਦੀ ਦੀ ਸਮਝ, ਅਹਿਸਾਸ ਤੇ ਖ਼ੁਸ਼ੀ ਦਾ ਹੜ੍ਹ ਆ ਗਿਆ। ਮੇਰੀ ਜੇਲ੍ਹ ਦੀਆਂ ਕੰਧਾਂ ਖੇਰੂੰ ਖੇਰੂੰ ਹੋ ਕੇ ਡਿੱਗ ਪਈਆਂ। ਹਨੇਰੀਆਂ ਕੋਠੜੀਆਂ ਰੌਸ਼ਨੀ ਨਾਲ ਭਰ ਗਈਆਂ ਅਤੇ ਸਾਰੇ ਸੰਗਲ, ਸੀਖਾਂ, ਕਾਬਲੇ ਤੇ ਪੇਚ ਸਭ ਮਿੱਟੀ ਹੋ ਗਏ। ਮੈਂ ਹੁਣ ਨੌਕਰ, ਕਾਮਾ ਜਾਂ ਗੁਲਾਮ ਨਹੀਂ ਸੀ ਰਿਹਾ। ਮੇਰੇ ਵਾਸਤੇ ਸਾਰੀ ਲੰਮੀ ਚੌੜੀ ਦੁਨੀਆ ਵਿਚ ਹੀ ਨਹੀਂ, ਅਸੀਮ ਅਸਮਾਨਾਂ ਵਿਚ ਵੀ ਕੋਈ ਆਕਾ ਨਹੀਂ ਸੀ। ਮੈਂ ਆਜ਼ਾਦ ਸਾਂ – ਸੋਚਣ ਲਈ, ਆਪਣੀਆਂ ਸੋਚਾਂ ਪ੍ਰਗਟਾਉਣ ਲਈ – ਆਪਣਾ ਆਦਰਸ਼ ਜੀਣ ਲਈ, ਆਜ਼ਾਦ ਸਾਂ ਆਪਣੇ ਲਈ ਅਤੇ ਆਪਣੇ ਪਿਆਰਿਆਂ ਵਾਸਤੇ ਜੀਣ ਲਈ, ਆਪਣੀਆਂ ਸਾਰੀਆਂ ਸੰਭਾਵਨਾਵਾਂ, ਸਾਰੀ ਸੂਝ ਵਰਤਣ ਲਈ, ਆਜ਼ਾਦ ਸਾਂ ਆਪਣੀ ਸੋਚ ਦੇ ਖੰਭਾਂ 'ਤੇ ਉਡਣ ਲਈ, ਆਜ਼ਾਦ ਸਾਂ ਖੋਜ ਕਰਨ ਲਈ, ਅੰਦਾਜ਼ੇ ਲਾਉਣ ਲਈ, ਸੁਪਨੇ ਲੈਣ ਲਈ ਆਸ ਰੱਖਣ ਲਈ, ਆਪਣੇ ਲਈ ਕਿਸੇ ਚੀਜ਼ ਦਾ ਮੁੱਲਾਂਕਣ ਕਰਨ ਲਈ ਤੇ ਫੈਸਲੇ ਲੈਣ ਲਈ … ਮੈਂ ਆਜ਼ਾਦ ਸਾਂ! ਮੈਂ ਨਿੱਡਰ ਸਿੱਧਾ ਸ਼ਤੀਰ ਖੜ੍ਹਾ ਸਾਂ ਖ਼ੁਸ਼ੀ 'ਚ ਸਾਰੀ ਦੁਨੀਆ ਦਾ ਸਾਹਮਣਾ ਕਰਨ ਲਈ।"

"ਮਜ਼ਦੂਰੀ ਹੀ ਇੱਕੋ ਇਕ ਅਰਦਾਸ ਹੈ ਜਿਸ ਦਾ ਕੁਦਰਤ ਹੁੰਗਾਰਾ ਦਿੰਦੀ ਹੈ; ਇਹ ਹੀ ਇੱਕੋ ਇਕ ਅਰਦਾਸ ਹੈ ਜਿਹੜੀ ਹੁੰਗਾਰੇ ਦੇ ਲਾਇਕ ਹੈ।"

"ਇਹ ਸੰਭਵ ਹੈ ਕਿ ਪੁਜਾਰੀ ਸੱਚਮੁੱਚ ਇਹ ਸਮਝਦੇ ਹੋਣ ਕਿ ਉਨ੍ਹਾਂ ਦੀਆਂ ਅਰਦਾਸਾਂ ਕੁਝ ਚੰਗਾ ਕਰਦੀਆਂ ਹਨ, ਇਹ ਵੀ ਸੰਭਵ ਹੈ ਕਿ ਡੱਡੂ ਸਮਝਦੇ ਹੋਣ ਕਿ ਉਨ੍ਹਾਂ ਦੀ ਗੜੈਂ ਗੜੈਂ ਹੀ ਬਸੰਤ ਲਿਆਉਂਦੀ ਹੋਵੇ।"

"ਜਿਹੜਾ ਬੰਦਾ ਆਪਣੇ ਲਈ ਖੁਦ ਨਹੀਂ ਸੋਚਦਾ ਉਹ ਗੁਲਾਮ ਹੈ, ਅਤੇ ਉਹ ਆਪਣੇ ਆਪ ਵਲ ਵੀ ਤੇ ਦੂਜਿਆਂ ਵਲ ਵੀ ਦਗਾਬਾਜ਼ ਹੈ।"

"ਧਰਮ ਕਿਸੇ ਦੀ ਕੋਈ ਮਦਦ ਨਹੀਂ ਕਰਦਾ। ਸਗੋਂ ਇਸ ਦੀ ਮਦਦ ਕਰਨੀ ਪੈਂਦੀ ਹੈ। ਇਹ ਕੋਈ ਕਣਕ ਨਹੀਂ ਉਗਾਉਂਦਾ, ਮੱਕੀ ਨਹੀਂ ਉਗਾਉਂਦਾ; ਕਿਸੇ ਧਰਤੀ 'ਤੇ ਹਲ਼ ਨਹੀਂ ਵਾਹੁੰਦਾ; ਇਹ ਕੋਈ ਦਰੱਖਤ ਨਹੀਂ ਵੱਢਦਾ। ਇਹ ਤਾਂ ਸਦੀਵੀ ਮੰਗਤਾ ਹੈ। ਇਹ ਦੂਜਿਆਂ ਦੀ ਮਿਹਨਤ 'ਤੇ ਪਲਦਾ ਹੈ ਤੇ ਫਿਰ ਵੀ ਇਹ ਏਨਾ ਹੰਕਾਰੀ ਹੈ ਕਿ ਇਹ ਦੱਸਦਾ ਫਿਰਦਾ ਹੈ ਕਿ ਇਹ ਦਾਨੀ ਦੀ ਮੱਦਦ ਕਰਦਾ ਹੈ।"

"ਪੁਜਾਰੀ ਕਹਿੰਦੇ ਹਨ ਕਿ ਉਹ ਦਾਨ ਕਰਨਾ ਸਿਖਾਉਂਦੇ ਹਨ। ਇਹ ਕੁਦਰਤੀ ਗੱਲ ਹੈ। ਉਹ ਖੁਦ ਮੰਗ ਕੇ ਗੁਜ਼ਾਰਾ ਕਰਦੇ ਹਨ। ਸਾਰੇ ਭਿਖਾਰੀ ਹੋਰਨਾਂ ਨੂੰ ਇਹ ਸਿਖਾਉਂਦੇ ਹਨ ਕਿ ਉਹ ਦਾਨ ਦੇਣ।"

"ਹਰ ਗਿਰਜੇ ਵਿਚਲਾ ਉਪਦੇਸ਼-ਮੰਚ (ਪਲਪਿੱਟ) ਕੱਸਿਆ ਹੋਇਆ ਸ਼ਿਕੰਜਾ (ਪਿੱਲਰੀ) ਹੁੰਦਾ ਹੈ, ਜਿਹਦੇ 'ਚ ਇਕ ਖ਼ੀਦਿਆ ਹੋਇਆ ਦੋਸ਼ੀ ਖੜ੍ਹਾ ਹੁੰਦਾ ਹੈ, ਉਹ ਆਪਣੀ ਹੀ ਕੈਦ ਨੂੰ ਸਹੀ ਠਹਿਰਾਅ ਰਿਹਾ ਹੁੰਦਾ ਹੈ।"

"ਜਥੇਬੰਦਕ ਧਰਮ (ਚਰਚ) ਨੂੰ ਵਿਧਾਨ ਵਿਚ ਥਾਂ ਦੇ ਦੇਵੋ, ਉਹਨੂੰ ਇਕ ਵਾਰ ਫੇਰ ਤਾਕਤ ਦੀ ਤਲਵਾਰ ਨੂੰ ਹੱਥ ਲਾਉਣ ਦਿਓ, ਤਾਂ ਸਾਰੇ ਸਮਿਆਂ ਦੇ ਅਣਮੁੱਲੇ ਫਲ਼ (ਗਿਆਨ, ਵਿਗਿਆਨ) ਇਨਸਾਨ ਦੇ ਬੁੱਲ੍ਹਾਂ 'ਤੇ ਹੀ ਮਿੱਟੀ ਵਿਚ ਮਿਲ ਜਾਣਗੇ।"

"ਸਦੀਆਂ ਤੋਂ ਦੋਂਹ ਧਿਰਾਂ ਦਰਮਿਆਨ ਇਕ ਖਤਰਨਾਕ ਜੰਗ ਲੜੀ ਜਾ ਰਹੀ ਹੈ। ਇਕ ਪਾਸੇ ਕੁਝ ਸੋਚ ਵਾਲੇ ਤੇ ਸ੍ਰੇਸ਼ਟ ਬੁੱਧੀ ਵਾਲੇ ਬਹਾਦਰ ਮਰਦ ਤੇ ਔਰਤਾਂ ਹਨ ਤੇ ਦੂਜੇ ਪਾਸੇ ਵੱਡੀ ਗਿਣਤੀ ਵਿਚ ਅਗਿਆਨੀ ਧਾਰਮਿਕ ਲੋਕ ਹਨ। ਇਹ ਲੜਾਈ ਵਿਗਿਆਨ ਅਤੇ ਵਿਸ਼ਵਾਸ ਦਰਮਿਆਨ ਹੈ। ਜਿਹੜੇ ਥੋੜ੍ਹੇ ਹਨ ਉਨ੍ਹਾਂ ਨੇ ਤਰਕ, ਮਾਣ, ਕਾਨੂੰਨ, ਆਜ਼ਾਦੀ, ਜਾਣੀ ਜਾਂਦੀ ਅਸਲੀਅਤ, ਅਤੇ ਇਸ ਦੁਨੀਆ ਵਿਚ ਹੀ ਖੁਸ਼ੀ ਦੀ ਗੱਲ ਕੀਤੀ ਹੈ। ਜਿਹੜੇ ਬਹੁਤੇ ਹਨ ਉਨ੍ਹਾਂ ਨੇ ਵਿਤਕਰੇ, ਡਰ, ਕਰਾਮਾਤ, ਗੁਲਾਮੀ, ਅਣਜਾਣੀਆਂ ਚੀਜ਼ਾਂ, ਅਤੇ ਇਸ ਜੀਵਨ ਪਿੱਛੋਂ ਮੰਦਹਾਲੀ ਦੀ ਗੱਲ ਕੀਤੀ ਹੈ। ਜਿਹੜੇ ਥੋੜ੍ਹੇ ਹਨ ਉਨ੍ਹਾਂ ਕਿਹਾ ਹੈ 'ਸੋਚੋ'। ਜਿਹੜੇ ਬਹੁਤੇ ਹਨ ਉਨ੍ਹਾਂ ਕਿਹਾ ਹੈ 'ਯਕੀਨ ਕਰੋ'।"

"ਦੁਨੀਆ ਦਾ ਚੱਕਰ ਕੱਢ ਕੇ ਦੇਖੋ, ਤੇ ਜਿੱਥੇ ਤੁਹਾਨੂੰ ਸਭ ਤੋਂ ਘੱਟ ਵਹਿਮ ਭਰਮ ਮਿਲੇਗਾ, ਉੱਥੇ ਤੁਹਾਨੂੰ ਸਭ ਤੋਂ ਚੰਗੇ ਬੰਦੇ, ਚੰਗੀਆਂ ਔਰਤਾਂ ਤੇ ਚੰਗੇ ਬੱਚੇ ਮਿਲਣਗੇ।"

"ਮੇਰੇ ਲਈ ਬੋਲੀ ਵਿਚ ਸਭ ਤੋਂ ਗੰਦਾ ਸ਼ਬਦ ਬ੍ਰਹਮਚਾਰੀ-ਜੀਵਨ (ਸੈਲੀਬੇਸੀ) ਹੈ।"

"ਹਰ ਯੁੱਗ ਵਿਚ ਪਖੰਡੀਆਂ ਨੇ, ਜਿਨ੍ਹਾਂ ਨੂੰ ਪਾਦਰੀ ਕਿਹਾ ਜਾਂਦਾ ਹੈ, ਚੋਰਾਂ ਦੇ ਸਿਰ 'ਤੇ ਤਾਜ ਧਰੇ ਹਨ ਜਿਨ੍ਹਾਂ ਨੂੰ ਰਾਜੇ ਕਿਹਾ ਜਾਂਦਾ ਹੈ।"

"ਜਦੋਂ ਕੋਈ ਪਹੀਆ ਚੱਲਣੋਂ ਹੱਟ ਜਾਂਦਾ ਹੈ ਤਾਂ ਮਕੈਨਿਕ ਕਦੇ ਵੀ ਇਹ ਨਹੀਂ ਸੋਚਦਾ ਕਿ ਉਹ ਗੋਡਿਆਂ ਭਾਰ ਹੋ ਕੇ ਕਿਸੇ ਸਰਬ ਸ਼ਕਤੀਮਾਨ ਅੱਗੇ ਮਦਦ ਲਈ ਅਰਦਾਸ ਕਰੇ। ਉਹ ਜਾਣਦਾ ਹੈ ਕਿ ਪਹੀਏ ਦੇ ਨਾ ਚੱਲਣ ਪਿੱਛੇ ਕੋਈ ਕਾਰਨ ਹੈ। ਉਹ ਜਾਣਦਾ ਹੈ ਕਿ ਕੋਈ ਚੀਜ਼ ਵੱਡੀ ਹੈ ਜਾਂ ਛੋਟੀ; ਉਹਦੀ ਮਸ਼ੀਨ ਵਿਚ ਕਿਸੇ ਕਿਸਮ ਦਾ ਕੋਈ ਨੁਕਸ ਹੈ; ਉਹ ਉਸ ਉੱਪਰ ਕੰਮ ਕਰਨਾ ਸ਼ੁਰੂ ਕਰਦਾ ਹੈ ਤੇ ਲੋੜ ਅਨੁਸਾਰ ਪੁਰਜਿਆਂ ਨੂੰ ਇੱਧਰ ਉੱਧਰ ਕਰਦਾ ਰਹਿੰਦਾ ਹੈ ਜਿੰਨਾ ਚਿਰ ਪਹੀਆ ਚੱਲਣ ਨਾ ਲੱਗ ਪਵੇ।"

## ਜਾਹਨ ਇਮਰਿਕ ਐਡਵਰਡ ਡਾਲਬਰਗ ਐਕਟਨ (1834-1902)

*(ਬਰਤਾਨਵੀ ਇਤਿਹਾਸਕਾਰ)*

"ਸ਼ਕਤੀ ਭ੍ਰਿਸ਼ਟ (ਕੁਰੱਪਟ) ਕਰਦੀ ਹੈ: ਪਰਮ ਸੰਪੂਰਨ ਸ਼ਕਤੀ ਪਰਮ ਸੰਪੂਰਨ ਤੌਰ 'ਤੇ ਭ੍ਰਿਸ਼ਟ (ਕੁਰੱਪਟ) ਕਰਦੀ ਹੈ। ਮਹਾਨ ਬੰਦੇ ਤਕਰੀਬਨ ਹਮੇਸ਼ਾ ਹੀ ਬੁਰੇ ਬੰਦੇ ਹੁੰਦੇ ਹਨ।"

## ਸੈਮੂਅਲ ਬਟਲਰ (1835-1902)

*(ਬਰਤਾਨਵੀ ਨਾਵਲਕਾਰ)*

"ਜੇ ਰੱਬ ਚਾਹੁੰਦਾ ਹੈ ਕਿ ਅਸੀਂ ਕੋਈ ਕੰਮ ਕਰੀਏ ਤਾਂ ਉਹਨੂੰ ਚਾਹੀਦਾ ਹੈ ਕਿ ਆਪਣੀਆਂ ਖਾਹਿਸ਼ਾਂ ਨੂੰ ਪੂਰੀ ਤਰ੍ਹਾਂ ਸਪਸ਼ਟ ਕਰੇ। ਜਿੰਨਾਂ ਚਿਰ ਉਹ ਇੱਦਾਂ ਨਹੀਂ ਕਰਦਾ ਓਨਾਂ ਚਿਰ ਅਕਲ ਵਾਲੇ ਲੋਕ ਉਹਦੇ ਵਲ ਬਹੁਤਾ ਧਿਆਨ ਨਹੀਂ ਦੇਣ ਲੱਗੇ।"

“ਵਿਸ਼ਵਾਸ ਵੀ ਚਲ ਰਹੀਆਂ ਦੂਜੀਆਂ ਸ਼ੈਆਂ ਵਾਂਗ ਹੀ ਹੁੰਦਾ ਹੈ ਤੇ ਉਧਰ ਨੂੰ ਹੀ ਜਾਂਦਾ ਹੈ ਜਿੱਧਰ ਘੱਟ ਰੋਕਾਂ ਹੋਣ।”

## ਮਾਰਕ ਟਵੇਨ (1835-1910)

*(ਅਮਰੀਕਨ ਲਿਖਾਰੀ)*

“ਮੈਨੂੰ ਮੌਤ ਤੋਂ ਡਰ ਨਈਂ ਲਗਦਾ। ਮੈਂ ਤਾਂ ਜੰਮਣ ਤੋਂ ਪਹਿਲਾਂ ਅਰਬਾਂ ਖਰਬਾਂ ਸਾਲ ਮਰਿਆ ਰਿਹਾ ਹਾਂ, ਮੈਨੂੰ ਤਾਂ ਇਹਦੇ ਨਾਲ ਕਿਸੇ ਕਿਸਮ ਦੀ ਕੋਈ ਤਕਲੀਫ ਨਹੀਂ ਹੋਈ।”

“ਤੁਸੀਂ ਉਸ ਕਿਤਾਬ ਵਿਚ ਯਕੀਨ ਕਰਦੇ ਹੋ ਜਿਸ ਵਿਚ ਬੋਲਣ ਵਾਲੇ ਜਾਨਵਰ, ਜਾਦੂਗਰ, ਚੜੇਲਾਂ, ਜਿੰਨ ਭੂਤ ਹਨ, ਜਿਸ ਵਿਚ ਸੋਟੀਆਂ ਦੇ ਸੱਪ ਬਣ ਜਾਂਦੇ ਹਨ, ਅੱਗ ’ਚ ਬਲਦੀਆਂ ਝਾੜੀਆਂ, ਅਸਮਾਨਾਂ ’ਚੋਂ ਡਿਗਦਾ ਅੰਨ, ਪਾਣੀ ’ਤੇ ਤੁਰਦੇ ਲੋਕ ਅਤੇ ਹਰ ਕਿਸਮ ਦੀਆਂ ਜਾਦੂਮਈ ਅਤੇ ਊਟ ਪਟਾਂਗ ਕਹਾਣੀਆਂ ਹਨ, ਅਤੇ ਤੁਸੀਂ ਕਹਿ ਰਹੇ ਹੋ ਕਿ ਸਾਨੂੰ ਮਦਦ ਦੀ ਲੋੜ ਹੈ?” *(ਇਹ ਕਥਨ ਡੈਨ ਬਾਰਕਰ ਦੇ ਨਾਂ ਨਾਲ ਵੀ ਜੋੜਿਆ ਜਾਂਦਾ ਹੈ)*

“ਮੀਂਹ ਵਾਸਤੇ ਅਰਦਾਸ ਕਰਨ ਤੋਂ ਪਹਿਲਾਂ ਚੰਗੀ ਗੱਲ ਇਹੋ ਹੈ ਕਿ ਤੁਸੀਂ ਮੌਸਮ ਦੇ ਹਾਲ ਚਾਲ ਬਾਰੇ ਪਤਾ ਲੈ ਲਓ।”

“ਜਿਸ ਪੂਰੇ ਭਰੋਸੇ ਨਾਲ ਮੈਂ ਇਹ ਗੱਲ ਕਹਿ ਸਕਦਾ ਹਾਂ ਕਿ ਦੂਜੇ ਬੰਦੇ ਦਾ ਧਰਮ ਹਾਸੋਹੀਣਾ ਹੈ, ਇਸ ਤੋਂ ਮੈਨੂੰ ਆਪਣੇ ਧਰਮ ਦੇ ਹਾਸੋਹੀਣਾ ਹੋਣ ਬਾਰੇ ਵੀ ਸ਼ੱਕ ਕਰਨ ਦੀ ਸਿੱਖਿਆ ਮਿਲਦੀ ਹੈ।”

“ਬੰਦੇ ਨੂੰ ਚਰਚ ਵਿਚ ਸਵੀਕਾਰਿਆ ਜਾਂਦਾ ਹੈ ਉਸ ਦੇ ਵਿਸ਼ਵਾਸ ਕਰਕੇ ਅਤੇ ਉਹਨੂੰ ਕੱਢਿਆ ਜਾਂਦਾ ਹੈ ਉਹਦੀ ਸੂਝ ਕਰਕੇ।”

“ਬਹੁਤੇ ਲੋਕ ਐਤਵਾਰ ਵਾਲੇ ਦਿਨ ਇਕ ਘੰਟਾ ਵੀ ਚਰਚ ’ਚ ਬਹਿਣਾ ਸਹਿ ਨਹੀਂ ਸਕਦੇ। ਇਸ ਵਰਗੀ ਥਾਂ (ਭਾਵ ਕਿ ਸਵਰਗ ਵਿਚ) ਉਹ ਸਦਾ ਸਦਾ ਲਈ ਕਿੱਦਾਂ ਰਹਿ ਸਕਣਗੇ?।”

“ਮੈਨੂੰ ਬਾਈਬਲ ਦਾ ਉਹ ਹਿੱਸਾ ਤੰਗ ਨਹੀਂ ਕਰਦਾ ਜਿਹੜਾ ਮੈਨੂੰ ਸਮਝ ਨਹੀਂ ਆਉਂਦਾ, ਮੈਨੂੰ ਤਾਂ ਉਹ ਹਿੱਸਾ ਤੰਗ ਕਰਦਾ ਹੈ ਜਿਸ ਦੀ ਮੈਨੂੰ ਸਮਝ ਪੈਂਦੀ ਹੈ ।”

"ਬੰਦਾ ਧਾਰਮਿਕ ਪਸ਼ੂ ਹੈ। ਸਿਰਫ ਉਹ ਹੀ ਧਾਰਮਿਕ ਪਸ਼ੂ ਹੈ। ਉਹ ਹੀ ਇਕ ਅਜਿਹਾ ਪਸ਼ੂ ਹੈ ਜਿਸ ਕੋਲ ਸੱਚਾ ਧਰਮ ਹੈ – ਅਸਲ 'ਚ ਕਈ ਹਨ। ਉਹ ਹੀ ਇਕ ਅਜਿਹਾ ਪਸ਼ੂ ਹੈ ਜਿਹੜਾ ਆਪਣੇ ਗੁਆਂਢੀ ਨੂੰ ਆਪਣੇ ਵਾਂਗ ਹੀ ਪਿਆਰ ਕਰਦਾ ਹੈ ਪਰ ਜੇ ਉਹਦੇ ਧਾਰਮਿਕ ਖਿਆਲ ਠੀਕ ਨਾ ਹੋਣ ਤਾਂ ਉਸ ਦਾ ਗਲ਼ ਵੀ ਵੱਢ ਦਿੰਦਾ ਹੈ। ਉਹਨੇ ਸਵਰਗ ਅਤੇ ਖ਼ੁਸ਼ੀ ਦੇ ਰਸਤੇ ਨੂੰ ਪੱਧਰਾ ਕਰਨ ਲਈ ਧਰਤੀ ਦਾ ਕਬਰਸਤਾਨ ਬਣਾ ਦਿੱਤਾ ਹੈ।"

"ਮੌਤ ਦੀ ਸਜ਼ਾ ਦੇਣ ਵਾਲੇ ਦੋ ਸੌ ਤੋਂ ਵੱਧ ਕਾਨੂੰਨ ਖਤਮ ਕੀਤੇ ਜਾ ਚੁੱਕੇ ਹਨ ਪਰ ਜਿਹੜੀ ਕਿਤਾਬ (ਬਾਈਬਲ) ਨੇ ਉਹ ਕਾਨੂੰਨ ਬਣਾਏ ਸਨ ਉਹ ਅਜੇ ਵੀ ਕਾਇਮ ਹੈ।"

"ਵਿਸ਼ਵਾਸ (ਰੱਬ ਵਿਚ) ਉਸ ਗੱਲ 'ਤੇ ਯਕੀਨ ਕਰਨਾ ਹੈ ਜਿਸ ਬਾਰੇ ਤੁਸੀਂ ਜਾਣਦੇ ਹੋਵੋ ਕਿ ਸੱਚ ਨਹੀਂ।"

"ਅਸੀਂ ਹਰ ਕਿਸਮ ਦੇ ਸ਼ਰਧਾ-ਭਾਵ ਨੂੰ ਅਤੇ ਸ਼ਰਧਾ-ਭਾਵ ਦੇ ਉਨ੍ਹਾਂ ਸਾਰੇ ਪ੍ਰਤੀਕਾਂ ਨੂੰ ਨਫਰਤ ਕਰਦੇ ਹਾਂ ਜਿਹੜੇ ਸਾਡੀਆਂ ਪੂਜਨੀਕ ਚੀਜ਼ਾਂ ਦੀ ਸੂਚੀ ਤੋਂ ਬਾਹਰ ਹੁੰਦੇ ਹਨ, ਪਰ ਅਸੀਂ ਇਕ ਅਜੀਬ ਸਵੈਵਿਰੋਧਤਾ ਨਾਲ ਇਸ ਗੱਲ ਤੋਂ ਸਦਮਾ ਮਹਿਸੂਸ ਕਰਦੇ ਹਾਂ ਜਦੋਂ ਦੂਜੇ ਲੋਕ ਉਨ੍ਹਾਂ ਚੀਜ਼ਾਂ ਨੂੰ ਨਫਰਤ ਕਰਦੇ ਹਨ ਤੇ ਘਟੀਆਂ ਸਮਝਦੇ ਹਨ ਜਿਹੜੀਆਂ ਸਾਡੇ ਲਈ ਪੂਜਣਯੋਗ ਹੁੰਦੀਆਂ ਹਨ।"

"ਮੇਰੇ ਲਈ ਤਾਂ ਕੋਈ ਵੀ ਚੀਜ਼ ਠੀਕ ਨਹੀਂ ਰਹਿੰਦੀ। ਜੇ ਮੈਂ ਕਾਫੀ ਪੀਂਦਾ ਹਾਂ ਤਾਂ ਮੈਨੂੰ *ਡਿਸਪੈਪਸੀਆ* ਹੋ ਜਾਂਦਾ ਹੈ; ਜੇ ਵਾਈਨ ਪੀਂਦਾ ਹਾਂ ਤਾਂ ਮੈਨੂੰ ਗਠੀਆ ਹੋ ਜਾਂਦਾ ਹੈ; ਜੇ ਮੈਂ ਚਰਚ ਨੂੰ ਜਾਵਾਂ ਤਾਂ ਮੈਨੂੰ ਮਰੋੜ ਲੱਗ ਜਾਂਦੇ ਹਨ।"

"ਜੇ ਮੈਂ ਸਵਰਗ ਵਿਚ ਜਾ ਕੇ ਸਿਗਾਰ ਨਹੀਂ ਪੀ ਸਕਦਾ ਤਾਂ ਮੈਂ ਤਾਂ ਜਾਣਾ ਹੀ ਨਹੀਂ।"

"ਸਵਰਗ ਨੂੰ ਜਾਣਾ ਚਾਹੀਦਾ ਹੈ ਵਧੀਆ ਮੌਸਮ ਲਈ ਅਤੇ ਨਰਕ ਨੂੰ ਵਧੀਆ ਸਾਥ ਲਈ।"

## ਜਾਹਨ ਬੌਰੋਜ਼ (1837-1921)

*(ਅਮਰੀਕਨ ਕੁਦਰਤਵਾਦੀ ਤੇ ਨਿਬੰਧਕਾਰ)*

"ਪੱਛਮੀ ਸੱਭਿਅਤਾ ਦੇ ਵਿਕਾਸ ਵਿਚ ਜਿੰਨਾ ਯੋਗਦਾਨ ਵਿਗਿਆਨ ਨੇ ਸੌ ਸਾਲ ਵਿਚ ਪਾਇਆ ਹੈ ਈਸਾਈ ਮੱਤ ਨੇ ਅਠਾਰ੍ਹਾਂ ਸੌ ਸਾਲਾਂ ਵਿਚ ਵੀ ਨਹੀਂ ਪਾਇਆ।"

## ਵਿਨਵੁੱਡ ਰੀਡ (1838-1875)

*(ਬਰਤਾਨਵੀ ਯਾਤਰੂ ਤੇ ਲਿਖਾਰੀ)*

"ਮਨੁੱਖੀ ਸੁਭਾਅ ਦੀ ਜਾਣਕਾਰੀ ਰੱਖਣ ਵਾਲੇ ਇਸ ਤੱਥ ਤੋਂ ਭਲੀਭਾਂਤ ਜਾਣੂ ਹੋਣਗੇ: ਬਹੁਤ ਹੀ ਇਮਾਨਦਾਰ ਧਾਰਮਿਕ ਬੰਦਾ ਅਕਸਰ ਪੁੱਜ ਕੇ ਬੁਰਾ ਬੰਦਾ ਹੁੰਦਾ ਹੈ।"

## ਜਾਹਨ ਮੌਰਲੀ (1838-1923)

*(ਬਰਤਾਨਵੀ ਸਿਆਸਤਦਾਨ, ਲੇਖਕ ਅਤੇ ਸੰਪਾਦਿਕ)*

"ਸਾਰੇ ਧਰਮ ਇੱਕੋ ਬੀਮਾਰੀ ਨਾਲ ਹੀ ਮਰਦੇ ਹਨ – ਲੋਕਾਂ ਨੂੰ ਉਨ੍ਹਾਂ ਦੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ।"

## ਊਈਦਾ (ਮੈਰੀ ਲੁਈਜ਼ ਦੇ ਲਾ ਰਾਮੀ) (1839-1908)

*(ਬਰਤਾਨਵੀ ਨਾਵਲਕਾਰ)*

"ਇਸਾਈਅਤ ਹਮੇਸ਼ਾ ਮਨੁੱਖੀ ਪਿਆਰ ਦੀ ਦੁਸ਼ਮਣ ਰਹੀ ਹੈ।"

## ਇਮੀਲ ਜ਼ੋਲਾ (1840-1902)

*(ਫਰਾਂਸੀਸੀ ਨਾਵਲਕਾਰ ਤੇ ਆਲੋਚਕ)*

"ਕੀ ਕਦੇ ਵਿਗਿਆਨ ਵੀ ਪਿੱਛੇ ਮੁੜਿਆ ਹੈ? ਨਹੀਂ। ਇਹ ਕੈਥੋਲਿਕ ਮੱਤ (ਇਸਾਈ ਮੱਤ ਦੀ ਵੱਡੀ ਸ਼ਾਖਾ) ਹੀ ਹੈ ਜਿਹੜਾ ਵਿਗਿਆਨ ਤੋਂ ਡਰਦਾ ਹਮੇਸ਼ਾ ਪਿੱਛੇ ਮੁੜਿਆ ਹੈ ਤੇ ਹਮੇਸ਼ਾ ਪਿੱਛੇ ਮੁੜਨ ਲਈ ਮਜ਼ਬੂਰ ਹੋਵੇਗਾ।"

"ਜਿੰਨਾਂ ਚਿਰ ਅਖੀਰਲਾ ਪਾਦਰੀ ਅਖੀਰਲੇ ਚਰਚ ਦੇ ਅਖੀਰਲੇ ਪੱਥਰ ਥੱਲੇ ਆ ਕੇ ਮਾਰਿਆ ਨਹੀਂ ਜਾਂਦਾ ਸਭਿਅਤਾ ਕਦੇ ਵੀ ਸੰਪੂਰਨਤਾ ਪ੍ਰਾਪਤ ਨਹੀਂ ਕਰੇਗੀ।"

## ਫਰਦੀਨੈਂਦ ਅਗਸਤ ਬੇਬਲ (1840-1913)

*(ਜਰਮਨ ਸਮਾਜਵਾਦੀ ਆਗੂ)*

"ਇਸਾਈਅਤ ਆਜ਼ਾਦੀ ਅਤੇ ਸਭਿਅਤਾ ਦੀ ਦੁਸ਼ਮਣ ਹੈ। ਇਸ ਨੇ ਮਨੁੱਖਤਾ ਨੂੰ ਸੰਗਲਾਂ ਨਾਲ ਨੂੜੀ ਰੱਖਿਆ ਹੈ।"

## ਈਟੋ ਹੀਰੋਬੁਮੀ (1841-1909)

*(ਚਾਰ ਵਾਰ ਜਪਾਨ ਦਾ ਪ੍ਰਧਾਨ ਮੰਤਰੀ ਰਹਿ ਚੁੱਕਾ ਸਿਆਸਤਦਾਨ ਤੇ ਲਿਖਾਰੀ)*

"ਮੈਂ ਧਰਮ ਨੂੰ ਕਿਸੇ ਵੀ ਮੁਲਕ ਦੇ ਜੀਵਨ ਬਾਰੇ ਬੇਲੋੜਾ ਸਮਝਦਾ ਹਾਂ; ਵਿਗਿਆਨ ਅੰਧ-ਵਿਸ਼ਵਾਸ ਤੋਂ ਕਿਤੇ ਉੱਪਰ ਹੈ; ਤੇ ਧਰਮ ਹੈ ਵੀ ਕੀ, ਬੁੱਧ ਧਰਮ ਜਾਂ ਇਸਾਈਅਤ, ਸਿਰਫ ਅੰਧ ਵਿਸ਼ਵਾਸ, ਇਸ ਕਰਕੇ ਕਿਸੇ ਵੀ ਕੌਮ ਵਾਸਤੇ ਕਮਜ਼ੋਰੀ ਦਾ ਸੋਮਾ।"

## ਵਿਲੀਅਮ ਜੇਮਜ਼ (1842-1910)

*(ਅਮਰੀਕਨ ਦਾਰਸ਼ਨਿਕ ਅਤੇ ਮਨੋਵਿਗਿਆਨੀ)*

"ਧਰਮ ਮਨੁੱਖ ਦੀ ਖ਼ੁਦਗਰਜ਼ੀ ਦੇ ਇਤਿਹਾਸ ਦਾ ਸਮਾਰਕੀ (ਮੌਨਿਊਮੈਂਟਲ) ਕਾਂਢ ਹੈ।"

## ਐਂਬਰੋਸ ਬੀਅਰਸ (1842-1914)

*(ਅਮਰੀਕਨ ਲਿਖਾਰੀ)*

"ਅਰਦਾਸ: ਇਕ ਖ਼ੁਦ ਨੂੰ ਨਾਚੀਜ਼ ਮੰਨਣ ਵਾਲੇ ਵਲੋਂ ਇਹ ਮੰਗ ਕਰਨੀ ਕਿ ਉਹਦੇ ਕਹਿਣ 'ਤੇ ਕੁਦਰਤ ਦੇ ਕਾਨੂੰਨ ਬਦਲ ਦਿੱਤੇ ਜਾਣ।"

"ਨਾਸਤਿਕ ਜਾਂ ਕਾਫਰ: ਨਿਊ ਯਾਰਕ ਵਿਚ ਉਹ ਜਿਹੜਾ ਈਸਾਈ ਮੱਤ ਵਿਚ ਯਕੀਨ ਨਾ ਕਰੇ; ਕੌਂਸਟੈਂਟੀਨੋਪਲ (ਅਜੋਕਾ ਇਸਤਮਬੋਲ) ਵਿਚ ਉਹ ਜਿਹੜਾ ਈਸਾਈ ਮੱਤ ਵਿਚ ਯਕੀਨ ਕਰੇ।"

"ਵਿਸ਼ਵਾਸ: ਕਿਸੇ ਅਗਿਆਨੀ ਵਲੋਂ ਦੱਸੀਆਂ ਹੋਈਆਂ ਗੱਲਾਂ ਵਿਚ ਬਿਨਾਂ ਸਬੂਤ ਯਕੀਨ ਕਰਨਾ...।"

"ਸੰਤ: ਮਰ ਚੁੱਕਾ ਪਾਪੀ ਜਿਹਦੇ ਬਾਰੇ ਗੱਲਾਂ ਨੂੰ ਸੋਧਿਆ ਤੇ ਘੜਿਆ ਗਿਆ ਹੋਵੇ।"

"ਪਵਿੱਤਰ ਪੁਸਤਕ: ਸਾਡੇ ਰੱਬੀ ਧਰਮ ਦੀ ਪਵਿੱਤਰ ਪੁਸਤਕ, ਦੂਜੀਆਂ ਸਾਰੀਆਂ ਝੂਠੀਆਂ ਲਿਖਤਾਂ ਨਾਲੋਂ ਵੱਖਰੀ ਜਿਨ੍ਹਾਂ 'ਤੇ ਦੂਜੇ ਵਿਸ਼ਵਾਸ ਖੜ੍ਹੇ ਹਨ।"

"ਊਠ ਅਤੇ ਇਸਾਈ ਗੋਡੇ ਟੇਕ ਕੇ ਆਪਣੇ ਉੱਪਰ ਆਪਣਾ ਭਾਰ ਲਦਵਾਉਂਦੇ ਹਨ।"

## ਕੈਮਿਲ ਫਲੈਮੈਰੀਓਨ (1842-1925)

*(ਫਰਾਂਸੀਸੀ ਤਾਰਾ-ਵਿਗਿਆਨੀ)*

"ਮਨੁੱਖ ਫੋਕੇ ਅਭਿਮਾਨ ਦੇ ਭਰੇ ਇਹ ਦਿਖਾਵਾ ਕਰਦੇ ਰਹੇ ਹਨ ਕਿ ਸਾਰੀ ਸ੍ਰਿਸ਼ਟੀ ਉਨ੍ਹਾਂ ਵਾਸਤੇ ਸਾਜੀ ਗਈ ਸੀ, ਜਦ ਕਿ ਅਸਲੀਅਤ ਵਿਚ ਸਾਰੀ ਸ੍ਰਿਸ਼ਟੀ ਨੂੰ ਉਨ੍ਹਾਂ ਦੀ ਹੋਂਦ ਬਾਰੇ ਸ਼ੱਕ ਤੱਕ ਵੀ ਨਹੀਂ ਹੈ।"

## ਅਨਾਤੋਲ ਫਰਾਂਸ (1844-1924)

*(ਫਰਾਂਸੀਸੀ ਨੋਬਲ ਇਨਾਮ ਜੇਤੂ ਲਿਖਾਰੀ)*

"ਜੇ 50 ਮਿਲੀਅਨ ਲੋਕ ਵੀ ਕਿਸੇ ਬੇਵਕੂਫੀ ਵਿਚ ਯਕੀਨ ਕਰਦੇ ਹੋਣ ਉਹ ਗੱਲ ਫੇਰ ਵੀ ਬੇਵਕੂਫੀ ਹੀ ਰਹੇਗੀ।"

## ਫਰੈਡਰਿਕ ਨੀਤਸ਼ੇ (1844-1900)

*(ਜਰਮਨ ਦਾਰਸ਼ਨਿਕ)*

"ਰੱਬ ਇਕ ਘਟੀਆ ਜਵਾਬ ਹੈ, ਸੋਚਣ ਵਾਲਿਆਂ ਦੀ ਬੇਇਜ਼ਤੀ - ਇਹ ਇਕ ਅਸ਼ਲੀਲ ਮਨਾਹੀ ਹੈ: ਤੁਸੀਂ ਸੋਚੋਗੇ ਨਹੀਂ।"

"ਧਾਰਮਿਕ ਲੋਕਾਂ ਨੂੰ ਮਿਲਣ ਬਾਅਦ ਮੈਂ ਆਪਣੇ ਹੱਥ ਧੋਣੇ ਜ਼ਰੂਰੀ ਸਮਝਦਾ ਹਾਂ।"

"ਯੂਰਪ ਦੇ ਦੋ ਮਹਾਨ ਨਸ਼ੇ ਹਨ, ਸ਼ਰਾਬ ਤੇ ਇਸਾਈਅਤ।"

"ਵਿਸ਼ਵਾਸ ਦਾ ਅਰਥ ਹੈ ਸੱਚ ਜਾਨਣ ਤੋਂ ਮੁਨਕਰ ਹੋਣਾ।"

"ਇਸਾਈ ਮੱਤ ਵਿਚ ਸਦਾਚਾਰ ਤੇ ਧਰਮ ਕਦੇ ਵੀ ਯਥਾਰਥ ਦੇ ਨੇੜੇ ਨਹੀਂ ਢੁੱਕਦੇ।"

"ਮੈਂ ਅਜਿਹੇ ਰੱਬ 'ਚ ਯਕੀਨ ਨਹੀਂ ਕਰ ਸਕਦਾ ਜੋ ਚਾਹੁੰਦਾ ਹੈ ਕਿ ਹਰ ਵੇਲੇ ਉਹਦੀ ਹੀ ਮਹਿੰਮਾ ਹੁੰਦੀ ਰਹੇ।"

"ਦੁਨੀਆ ਨੂੰ ਬਦਸੂਰਤ ਤੇ ਮਾੜਾ ਦੇਖਣ ਦੇ ਇਸਾਈ ਇਰਾਦੇ ਨੇ ਦੁਨੀਆ ਨੂੰ ਬਦਸੂਰਤ ਤੇ ਮਾੜਾ ਬਣਾ ਦਿੱਤਾ ਹੈ।"

"ਸਵਰਗ ਵਿਚ ਸਾਰੇ ਦਿਲਚਸਪ ਲੋਕ ਗੈਰਹਾਜ਼ਰ ਹੁੰਦੇ ਹਨ।"

"ਜੇ ਤੁਸੀਂ ਸ਼ੁੱਧ ਹਵਾ ਵਿਚ ਸਾਹ ਲੈਣਾ ਚਾਹੁੰਦੇ ਹੋ ਤਾਂ ਤੁਹਾਨੂੰ ਚਰਚ ਅੰਦਰ ਨਹੀਂ ਜਾਣਾ ਚਾਹੀਦਾ।"

## ਕੇਟ ਗਰੀਨਾਵੇਅ (1846 - 1901)

*(ਅੰਗ੍ਰੇਜ਼ੀ ਚਿੱਤਰਕਾਰਾ ਤੇ ਬੱਚਿਆਂ ਦੀਆਂ ਕਿਤਾਬਾਂ ਲਈ ਤਸਵੀਰਾਂ ਬਣਾਉਣ ਵਾਲੀ)*

"ਜਿੱਥੇ ਤੱਕ ਮੈਂ ਸੋਚ ਸਕਦੀ ਹਾਂ, ਸਭ ਤੋਂ ਅਜੀਬ ਗੱਲ, ਕਿਸੇ ਵੀ ਜਾਣੇ ਜਾਂਦੇ ਧਰਮ ਵਿਚ ਵਿਸ਼ਵਾਸ ਕਰ ਸਕਣਾ ਹੈ।"

## ਜਾਹਨ ਮੋਸਟ (1846-1906)

*(ਜਰਮਨ-ਅਮਰੀਕਨ ਅਰਾਜਕਤਾਵਾਦੀ ਤੇ ਬੁਲਾਰਾ)*

"ਮਨੁੱਖ ਦੀ ਖੋਪੜੀ 'ਚ ਯੋਜਨਾਬੱਧ ਤਰੀਕੇ ਨਾਲ ਘਸੋੜੀਆਂ ਗਈਆਂ ਸਾਰੀਆਂ ਬੀਮਾਰੀਆਂ ਵਿਚੋਂ ਧਾਰਮਿਕ ਕੀੜਾ ਸਭ ਤੋਂ ਵੱਧ ਨਿੰਦਣਯੋਗ ਹੈ।"

## ਥਾਮਸ ਐਡੀਸਨ (1847-1931)

*(ਅਮਰੀਕਾ ਦਾ ਹਰਮਨ-ਪਿਆਰਾ ਇਜਾਦਕਾਰ)*

"ਮੈਂ ਕਦੇ ਵੀ ਧਾਰਮਿਕ ਵਿਚਾਰਾਂ ਦਾ, ਸਵਰਗ, ਨਰਕ ਜਾਂ ਵਿਅਕਤੀ ਲਈ ਭਵਿੱਖ ਦੀ ਜ਼ਿੰਦਗੀ ਜਾਂ ਜਾਤੀ ਰੱਬ ਦਾ ਕੋਈ ਰਤਾ ਜਿੰਨਾ ਵੀ ਵਿਗਿਆਨਕ ਸਬੂਤ ਨਹੀਂ ਦੇਖਿਆ। ਜਿੱਥੇ ਤੱਕ ਧਰਮ ਦਾ ਸਬੰਧ ਹੈ ਇਹ ਘਿਣਾਉਣਾ ਧੋਖਾ ਹੈ ... ਧਰਮ ਸਭ ਵਾਧੂ ਧੱਕੜ ਨੇ।"

"ਮੈਂ ਇਸ ਗੱਲ ਵਿਚ ਯਕੀਨ ਨਹੀਂ ਕਰਦਾ ਕਿ ਕਿਸੇ ਵੀ ਕਿਸਮ ਦਾ ਧਰਮ ਯੂਨਾਈਟਿਡ ਸਟੇਟ ਦੇ ਸਕੂਲਾਂ ਵਿਚ ਪੜ੍ਹਾਇਆ ਜਾਵੇ।"

"ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਛੇ ਸੱਤ ਸਾਲ ਦੀ ਉਮਰ ਦੇ ਬੱਚੇ ਪਾਦਰੀਆਂ ਦੇ ਹੱਥ ਆ ਜਾਂਦੇ ਹਨ ਫੇਰ ਉਨ੍ਹਾਂ ਵਿਚ ਕੋਈ ਤਬਦੀਲੀ ਲਿਆ ਸਕਣੀ ਅਸੰਭਵ ਹੋ ਜਾਂਦੀ ਹੈ।"

"ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਕਦੇ ਬੰਦੇ ਨੂੰ ਮਾਰਨ ਵਾਲੇ ਹਥਿਆਰ ਇਜਾਦ ਨਹੀਂ ਕੀਤੇ।"

## ਐਨੀ ਵੁੱਡ ਬਸੰਤ (1847-1933)

*(ਅੰਗ੍ਰੇਜ਼ੀ ਦਾਰਸ਼ਨਿਕ)*

"ਕਿਸੇ ਦਰਸ਼ਨ, ਕਿਸੇ ਧਰਮ ਨੇ ਦੁਨੀਆ ਨੂੰ ਏਨਾ ਖੁਸ਼ਗਵਾਰ ਸੁਨੇਹਾ ਨਹੀਂ ਦਿੱਤਾ ਜਿੰਨਾ ਨਾਸਤਿਕਤਾ ਦੀ ਖੁਸ਼ਖਬਰੀ ਨੇ ਦਿੱਤਾ ਹੈ।"

"ਨਾਸਤਿਕ ਹੋਣਾ ਦੁਨੀਆ ਦੀ ਸਭ ਤੋਂ ਵੱਡੀ ਪੱਦਵੀ ਹੈ। ਇਹ ਦੁਨੀਆ ਦੇ ਵੱਡੇ ਨਾਇਕਾਂ ਦੀ ਸੂਚੀ ਹੈ ... ਕੋਪਰਨੀਕਸ, ਸਿਪਨੋਜ਼ਾ, ਵਾਲਟੇਅਰ, ਪੇਅਨ, ਪ੍ਰੀਸਟਲੀ ...।"

"ਸਦੀਆਂ ਤੋਂ ਇਸਾਈਅਤ ਦੇ ਆਗੂਆਂ ਨੇ ਔਰਤਾਂ ਬਾਰੇ ਕਿਹਾ ਹੈ ਕਿ ਇਹ ਇਕ ਜ਼ਰੂਰੀ ਬੁਰਾਈ ਹੈ, ਅਤੇ ਇਨ੍ਹਾਂ ਦੇ ਸਭ ਤੋਂ ਵੱਡੇ ਸੰਤ ਉਹ ਹਨ ਜਿਹੜੇ ਔਰਤਾਂ ਨੂੰ ਸਭ ਤੋਂ ਵੱਧ ਨਫਰਤ ਕਰਦੇ ਸਨ।"

## ਜਾਰਜ ਡਬਲਿਊ ਫੂਟ (1850-1915)

*(ਅਮਰੀਕਨ ਆਜ਼ਾਦ-ਖਿਆਲ ਲਿਖਾਰੀ)*

"ਔਰਤਾਂ ਅਜੇ ਵੀ ਮਾਣ ਨਾਲ ਇਹ ਦਾਅਵਾ ਕਰ ਸਕਦੀਆਂ ਹਨ ਕਿ ਉਨ੍ਹਾਂ ਨੇ ਬਾਈਬਲ ਵਿਚ ਇਕ ਸਤਰ ਵੀ ਨਹੀਂ ਲਿਖੀ।"

"ਦੁਨੀਆ ਵਿਚ ਦੋ ਚੀਜ਼ਾਂ ਹਨ ਜਿਹੜੀਆਂ ਕਦੇ ਵੀ ਕੱਠੀਆਂ ਨਹੀਂ ਹੋ ਸਕਦੀਆਂ – ਧਰਮ ਤੇ ਆਮ ਸੂਝ ਜਾਂ ਅਕਲ।"

## ਹੈਲਨ ਐਚ ਗਾਰਡਨਰ (1853-1925)

*(ਅਮਰੀਕਾ ਵਿਚ ਔਰਤਾਂ ਦੇ ਵੋਟ ਅਧਿਕਾਰ ਲਹਿਰ ਦੀ ਆਗੂ)*

“ਧਰਮ ਤੇ ਬਾਈਬਲ ਔਰਤ ਕੋਲੋਂ ਸਭ ਕਾਸੇ ਦੀ ਆਸ ਰੱਖਦੇ ਹਨ ਤੇ ਉਸ ਨੂੰ ਦਿੰਦੇ ਕੁਝ ਵੀ ਨਹੀਂ: ਸਹਾਇਤਾ ਤੇ ਪਿਆਰ ਮੰਗਦੇ ਹਨ ਅਤੇ ਬਦਲੇ ’ਚ ਨਫਰਤ ਦਿੰਦੇ ਹਨ ਤੇ ਦਬਾਉਂਦੇ ਹਨ।”

“ਇਸਾਈ ਮੱਤ ਵਾਲੇ ਮੁਲਕ ਵਿਚ ਔਰਤ ਨਾਲ ਕੀਤੀ ਹਰ ਬੇਇਨਸਾਫੀ ਨੂੰ “ਬਾਈਬਲ ਵਲੋਂ ਪ੍ਰਵਾਨਗੀ” ਹਾਸਲ ਸੀ ਅਤੇ ਇਹ ਗਿਰਜੇ ਦੇ ਉਪਦੇਸ਼-ਮੰਚ ਤੋਂ ਹੀ ਪੱਕੀ ਕੀਤੀ ਗਈ ਤੇ ਸਦੀਵੀ ਬਣਾਈ ਗਈ।”

## ਆਸਕਰ ਵਾਇਲਡ (1854-1900)

*(ਆਇਰਿਸ਼ ਪਿਛੋਕੜ ਦਾ ਅੰਗ੍ਰੇਜ਼ੀ ਕਵੀ, ਨਾਵਲਕਾਰ ਅਤੇ ਨਾਟਕਕਾਰ)*

“ਸੱਚ, ਧਰਮ ਦੇ ਮਾਮਲਿਆਂ ਵਿਚ, ਸਿਰਫ ਉਹ ਰਾਏ ਹੈ ਜਿਹੜੀ ਹੁਣ ਤੱਕ ਬਚੀ ਰਹੀ ਹੈ।”

## ਐਟਾ ਸੇਂਪਲ (1855-1914)

*(ਆਜ਼ਾਦ-ਖ਼ਿਆਲ ਅਮਰੀਕਨ ਲੇਖਕਾ)*

“ਅਜ਼ਾਦ ਸੋਚ ਵਾਲਾ ਸੱਚਾ ਵਿਚਾਰਵਾਨ ਹਰ ਦੂਜੇ ਵਿਅਕਤੀ ਨੂੰ ਸੋਚਣ ਦੀ ਅਜ਼ਾਦੀ ਦਿੰਦਾ ਹੈ। ਮਿਲ਼ੀ ਆਜ਼ਾਦੀ ਨਾਲ ਉਹ ਕੀ ਕਰਦਾ ਹੈ, ਇਹ ਉਸ ਦਾ ਆਪਣਾ ਮਸਲਾ ਹੈ, ਜਿੰਨਾ ਚਿਰ ਉਹ ਦੂਜਿਆਂ ਦੇ ਹੱਕਾਂ ਉੱਪਰ ਡਾਕਾ ਨਹੀਂ ਮਾਰਦਾ।”

“ਜੇ ਮੈਂ ਰੱਬ ਦੀ ਹੋਂਦ ਤੋਂ ਮੁਨਕਰ ਹਾਂ - ਜੇ ਮੈਂ ਗਿਆਨ ਤੋਂ ਅਤੇ ਪੁਲਾੜ ਤੋਂ ਪਰੇ ਸੋਨੇ ਨਾਲ ਲਿੱਪੀ, ਹੀਰਿਆਂ ਦੀਆਂ ਕੰਧਾਂ ਵਾਲੀ ਅਤੇ ਰਤਨਾਂ ਨਾਲ ਜੜੇ ਦਰਵਾਜਿਆਂ ਵਾਲੀ ਨਗਰੀ ਵਿਚ ਵਿਸ਼ਵਾਸ ਕਰਨ ਤੋਂ ਮੁਨਕਰ ਹਾਂ, ਅਤੇ ਮੈਂ ਕੁਦਰਤ ਦਾ ਨਾ ਬਦਲਣ ਵਾਲਾ ਅਸੂਲ ਮੰਨ ਕੇ ਉਦਾਂ ਹੀ ਮਰਨਾ ਚਾਹੁੰਦੀ ਹਾਂ -- ਜੇ ਮੈਂ ਸਾਫ ਸ਼ਬਦਾਂ ਵਿਚ ਕਹਾਂ ਕਿ ਮੈਂ ਸਵਰਗ ਨੂੰ ਨਹੀਂ ਜਾਣਾ ਚਾਹੁੰਦੀ, ਤਾਂ ਇਹ ਮੇਰੇ ਤੋਂ ਬਿਨਾਂ ਕਿਸੇ ਹੋਰ ਦਾ ਮਸਲਾ ਕਿੱਦਾਂ ਹੋਇਆ?”

## ਵੁਡਰੋ ਵਿਲਸਨ (1856-1924)

*(ਅਮਰੀਕਾ ਦਾ 28ਵਾਂ ਰਾਸ਼ਟਰਪਤੀ)*

"ਬਿਲਕੁਲ ਦੂਜੇ ਪੜ੍ਹੇ ਲਿਖੇ ਤੇ ਸੂਝਵਾਨ ਲੋਕਾਂ ਵਾਂਗ ਮੈਂ ਵੀ ਕੁਦਰਤੀ ਵਿਕਾਸ ਵਿਚ ਯਕੀਨ ਕਰਦਾ ਹਾਂ। ਮੈਨੂੰ ਇਸ ਗੱਲ ਨਾਲ ਹੈਰਾਨੀ ਹੁੰਦੀ ਹੈ ਕਿ ਅਜੇ ਤੱਕ ਵੀ ਅਜਿਹੇ ਸਵਾਲ ਉਠਾਏ ਜਾਂਦੇ ਹਨ।"

## ਜਾਰਜ ਬਰਨਾਰਡ ਸ਼ਾਹ 1856-1924)

*(ਆਇਰਲੈਨਡ ਦਾ ਜੰਮਪਲ਼ ਅੰਗ੍ਰੇਜ਼ੀ ਦਾ ਨਾਟਕਕਾਰ)*

"ਕੋਈ ਵੀ ਇਹ ਯਕੀਨ ਨਹੀਂ ਕਰਦਾ ਕਿ ਬਾਈਬਲ ਜੋ ਕੁਝ ਕਹਿਣਾ ਚਾਹੁੰਦੀ ਹੈ ਉਹੀ ਕਹਿੰਦੀ ਹੈ; ਉਸ ਨੂੰ (ਵਿਸ਼ਵਾਸੀ ਬੰਦੇ ਨੂੰ) ਹਮੇਸ਼ਾ ਇਹ ਯਕੀਨ ਹੁੰਦਾ ਹੈ ਕਿ ਬਾਈਬਲ ਉਹੋ ਕੁਝ ਕਹਿੰਦੀ ਹੈ ਜੋ ਉਹ ਖੁਦ ਕਹਿਣਾ ਚਾਹੁੰਦਾ ਹੈ।"

"ਇਹ ਤੱਥ ਕਿ ਵਿਸ਼ਵਾਸ ਕਰਨ ਵਾਲਾ ਨਾ ਵਿਸ਼ਵਾਸ ਕਰਨ ਵਾਲੇ ਨਾਲੋਂ ਖੁਸ਼ ਹੁੰਦਾ ਹੈ ਉਸੇ ਤੱਥ ਵਰਗੀ ਗੱਲ ਹੈ ਜਿਵੇਂ ਕਿ ਇਕ ਸ਼ਰਾਬੀ ਆਦਮੀ ਸੋਫੀ ਨਾਲੋਂ ਖੁਸ਼ ਹੁੰਦਾ ਹੈ।"

"ਅਸੀਂ ਪੋਪ ਕੋਲੋਂ ਕਾਮ ਬਾਰੇ ਕਿਸੇ ਕਿਸਮ ਦੀ ਸਲਾਹ ਕਿਉਂ ਲਈਏ? ਜੇ ਉਹਨੂੰ ਇਸ ਸਬੰਧੀ ਕਿਸੇ ਗੱਲ ਦਾ ਪਤਾ ਹੈ ਤਾਂ ਉਹ ਵੀ ਪਤਾ ਨਹੀਂ ਹੋਣਾ ਚਾਹੀਦਾ।"

"ਸਾਨੂੰ ਪਤਾ ਹੈ ਕਿ ਸਾਡੀ ਰੂਹ ਸਾਡਾ ਸਰੀਰ ਹੈ ਤੇ ਸਾਡਾ ਸਰੀਰ ਸਾਡੀ ਰੂਹ ਹੈ। ਉਹ ਸਾਨੂੰ ਦੱਸਦੇ ਹਨ ਕਿ ਇਨ੍ਹਾਂ ਵਿਚ ਫਰਕ ਹੈ ਕਿਉਂਕਿ ਉਹ ਸਾਨੂੰ ਮੰਨਾਉਣਾ ਚਾਹੁੰਦੇ ਹਨ ਕਿ ਅਸੀਂ ਆਪਣੀ ਰੂਹ ਨੂੰ ਸਾਂਭ ਰੱਖੀਏ ਤੇ ਅਸੀਂ ਆਪਣੇ ਸਰੀਰ ਉਨ੍ਹਾਂ ਦੇ ਗੁਲਾਮ ਬਣਨ ਦਈਏ।"

## ਸਿਗਮੰਡ ਫਰਾਇਡ (1856-1939)

*(ਆਸਟ੍ਰੀਆ ਦਾ ਮਸ਼ਹੂਰ ਮਨੋ-ਚਿਕਿਤਸਕ)*

"ਨਾ ਹੀ ਮੈਂ ਆਪਣੀ ਨਿੱਜੀ ਜ਼ਿੰਦਗੀ ਵਿਚ ਤੇ ਨਾ ਹੀ ਆਪਣੀਆਂ ਲਿਖਤਾਂ ਵਿਚ ਕਦੇ ਇਹ ਭੇਤ ਰੱਖਿਆ ਹੈ ਕਿ ਮੈਂ ਪੂਰਾ ਨਾਸਤਿਕ ਹਾਂ।"

"ਧਰਮ ਦੀ ਤੁਲਣਾ ਬਚਪਨ ਦੇ ਸੁਦਾ ਨਾਲ ਕੀਤੀ ਜਾ ਸਕਦੀ ਹੈ।"

"ਜਦੋਂ ਬੰਦਾ ਧਰਮ ਤੋਂ ਆਜ਼ਾਦ ਹੋ ਜਾਂਦਾ ਹੈ ਤਾਂ ਉਸ ਦੇ ਇਕ ਸਾਵੀਂ ਪੱਧਰੀ ਤੇ ਭਰਪੂਰ ਜ਼ਿੰਦਗੀ ਮਾਨਣ ਦੇ ਮੌਕੇ ਵੱਧ ਜਾਂਦੇ ਹਨ।"

## ਪੋਪ ਪਾਇਅਸ ਗਿਆਰਵ੍ਹਾਂ (1857-1939)

*(1922 ਤੋਂ ਲੈ ਕੇ 1939 ਤੱਕ ਪੋਪ)*

"ਮੁਸੋਲਿਨੀ ਬਹੁਤ ਹੀ ਵਧੀਆ ਬੰਦਾ ਹੈ। ਤੁਸੀਂ ਮੇਰੀ ਗੱਲ ਧਿਆਨ ਨਾਲ ਸੁਣਦੇ ਸਮਝਦੇ ਹੋ? ਉਹ ਬਹੁਤ ਹੀ ਵਧੀਆ ਬੰਦਾ ਹੈ।"

## ਕਲੇਰੈਂਸ ਡੈਰੋਅ (1857-1938)

*(ਅਮਰੀਕਨ ਵਕੀਲ ਤੇ ਲਿਖਾਰੀ)*

"ਬੱਚਿਆ ਨੂੰ ਸ਼ੱਕ ਨਾ ਕਰਨੀ ਸਿਖਾਉਣ ਦੀ ਤ੍ਰਾਸਦੀ ਬਾਰੇ ਜ਼ਰਾ ਸੋਚ ਕੇ ਦੇਖੋ।"

"ਤੁਹਾਡੇ 'ਚੋਂ ਕੁਛ ਲੋਕ ਕਹਿੰਦੇ ਹਨ ਕਿ ਧਰਮ ਲੋਕਾਂ ਨੂੰ ਖੁਸ਼ ਕਰਦਾ ਹੈ। ਹਸਾਉਣ ਵਾਲੀ ਗੈਸ ਵੀ ਇੱਦਾਂ ਹੀ ਕਰਦੀ ਹੈ। ਸ਼ਰਾਬ ਵੀ ਇਹੀ ਕੰਮ ਕਰਦੀ ਹੈ।"

## ਹਾਈਪਾਤੀਆ ਬਰਾਡਲੋਹ ਬੋਨਰ (1858-1934)

*(ਬਰਤਾਨਵੀ ਇਸਤਰੀਵਾਦੀ, ਨਾਸਤਿਕ ਤੇ ਸ਼ਾਂਤੀ ਲਈ ਸਰਗਰਮ। ਚਾਰਲਜ਼ ਬਰਾਡਲਾਹ ਦੀ ਧੀ))*

"ਹੁਣ, ਆਪਣੀ ਉਮਰ ਦੇ 78ਵੇਂ ਸਾਲ ਵਿਚ, ਪੂਰੀ ਸੁਰਤ ਵਿਚ, ਮੈਂ ਬਿਨਾਂ ਕਿਸੇ ਰੱਖ ਰਖਾਅ ਜਾਂ ਝਿਜਕ ਦੇ ਇਹ ਐਲਾਨ ਕਰਦੀ ਹਾਂ ਕਿ ਮੈਂ ਕਿਸੇ ਕਿਸਮ ਦਾ (ਰੱਬ ਵਿਚ) ਵਿਸ਼ਵਾਸ ਨਹੀਂ ਕਰਦੀ, ਨਾ ਹੀ ਕਦੇ ਮੈਂ ਵਿਸ਼ਵਾਸ ਕੀਤਾ ਹੈ, ਕਿਸੇ ਵੀ ਧਰਮ ਵਿਚ ਜਿਹੜੇ ਦੁਨੀਆ ਭਰ ਦੇ ਕ੍ਰੋੜਾਂ ਖੁਦ ਨਾ ਸੋਚਣ ਵਾਲੇ ਲੋਕਾਂ ਦੇ ਮਨਾਂ 'ਤੇ ਕਾਬਜ਼ ਹਨ।"

## ਫਰਾਂਸਿਸਕੋ ਫੇਰਾਰ (1859-1909)

*(ਸਪੇਨ ਦਾ ਅਨਪੜ੍ਹਤਾ, ਰਜਵਾੜਾਸ਼ਾਹੀ, ਜੰਗਪਸੰਦੀ ਤੇ ਧਰਮ ਵਿਰੁੱਧ ਅੰਦੋਲਨਕਾਰ)*

"ਜਦੋਂ ਇਨਸਾਨ ਨੂੰ ਆਪਣੇ ਆਪ ਨੂੰ ਸੰਭਾਲਣ ਦੀ ਸੂਝ ਆ ਗਈ, ਧਰਮ ਦੀ ਲੋੜ ਆਪਣੇ ਆਪ ਖਤਮ ਹੋ ਜਾਵੇਗੀ।"

## ਹੈਵਲੌਕ ਐਲਿਸ (1859-1939)

*(ਬਰਤਾਨਵੀ ਮਨੋ-ਵਿਗਿਆਨੀ)*

"ਮਹਾਨ ਮਨੁੱਖ ਹੀ ਅਸਲੀ ਮਹਿਨਿਆਂ ਵਿਚ ਲੱਚਰ (ਓਬਸੀਨ) ਹੁੰਦੇ ਹਨ। ਜੇ ਉਨ੍ਹਾਂ ਨੇ ਲੱਚਰ ਹੋਣ ਦਾ ਹੌਂਸਲਾ ਨਾ ਕੀਤਾ ਹੁੰਦਾ, ਤਾਂ ਉਹ ਕਦੇ ਮਹਾਨ ਬਣਨ ਦਾ ਹੌਂਸਲਾ ਵੀ ਨਾ ਕਰ ਸਕਦੇ।"

## ਐਡਰਵਰਡ ਮੰਚ (1863-1944)

*(ਨੌਰਵੇ ਦਾ ਚਿੱਤਰਕਾਰ)*

"ਮੇਰੇ ਗਲ਼ ਸੜ ਰਹੇ ਸਰੀਰ ਵਿੱਚੋਂ ਫੁੱਲ ਉੱਗਣਗੇ ਤੇ ਮੈਂ ਉਨ੍ਹਾਂ ਫੁੱਲਾਂ ਵਿਚ ਹੋਵਾਂਗਾ।"

## ਜੂਲਜ਼ ਰੀਨਾਰਡ (1864-1910)

*(ਫਰਾਂਸੀਸੀ ਨਾਵਲਕਾਰ ਤੇ ਨਾਟਕਕਾਰ)*

"ਰੱਬ ਹੈ ਜਾਂ ਨਹੀਂ, ਮੈਨੂੰ ਨਹੀਂ ਪਤਾ, ਪਰ ਉਹਦੀ ਆਪਣੀ ਸੁਹਰਤ ਲਈ ਇਹੀ ਚੰਗਾ ਹੈ ਕਿ ਉਹ ਨਾ ਹੋਵੇ।"

## ਜੋਸੇਫ ਮੈਕਾਬ (1867-1955)

*(ਪਹਿਲਾਂ ਰਹਿ ਚੁੱਕਿਆ ਰੋਮਨ ਕੈਥੋਲਿਕ ਪਾਦਰੀ ਤੇ ਵਿਦਵਾਨ ਜਿਹਨੇ ਆਪਣੇ ਵਿਸ਼ਵਾਸ ਨੂੰ ਤਿਆਗਿਆ ਤੇ ਪਿੱਛੋਂ ਨਾਸਤਕਿਤਾ ਬਾਰੇ ਅਤੇ ਧਰਮ ਵਿਰੋਧੀ 250 ਕਿਤਾਬਾਂ ਲਿਖੀਆਂ)*

"ਆਦਮੀ ਜਿੰਨਾ ਵੱਧ ਆਪਣੇ ਆਪ ਨੂੰ ਰੱਬ ਵਿਚ ਢਾਲਦਾ ਹੈ ਓਨਾਂ ਹੀ ਉਹ ਆਪਣੇ ਵਿਚ ਘੱਟਦਾ ਹੈ।"

"ਰੋਮਨ ਕੈਥੋਲਿਕ ਚਰਚ ਇਕ ਇਤਿਹਾਸਕ ਭੁੱਲ ਹੈ, ਇਕ ਬਹਿਰੂਪੀਆ ਹੈ, ਜਿਹਦੇ ਬਾਰੇ ਦੁਨੀਆ ਨੂੰ ਬੜੀ ਤੇਜ਼ੀ ਨਾਲ ਪਤਾ ਲੱਗ ਰਿਹਾ ਹੈ ... ਇਹ ਗਿਆਨ ਵਿਚ ਬਹੁਤ ਗਰੀਬ ਹੈ ਅਤੇ ਜ਼ੁਲਮ ਪੱਖੋਂ ਅਮੀਰ। ਇਹ ਸੱਚ ਨੂੰ ਨਫਰਤ ਕਰਦਾ ਹੈ ਅਤੇ ਉਸ ਤੋਂ ਡਰਦਾ ਹੈ। ਇਹ ਅਜੇ ਵੀ ਚੋਗਾ ਪਹਿਨ ਕੇ ਮਾਰਾਮਾਰੀ ਕਰਨ ਨੂੰ, ਛੜਜੰਤਰ ਰਚਣ ਅਤੇ ਲੁਕ ਛਿਪ ਕੇ ਧੱਕੇਸ਼ਾਹੀ ਕਰਨ ਨੂੰ ਪਹਿਲ ਦਿੰਦਾ ਹੈ।"

"ਨਰਕ ਵਿਚ ਯਕੀਨ ਰੱਖਣ ਵਾਲੀ ਕੋਈ ਵੀ ਸੰਸਥਾ, ਤਾਕਤ ਹੱਥ 'ਚ ਆਉਣ 'ਤੇ ਲੋਕਾਂ 'ਤੇ ਜ਼ੁਲਮ ਢਾਹੇਗੀ।"

## ਡਬਲਿਊ ਈ ਬੀ ਡੁਬੋਇਸ (1868-1963)

*(ਅਮਰੀਕਾ ਦਾ ਕਾਲ਼ਾ ਅਧਿਆਪਕ ਅਤੇ ਐਨ ਏ ਏ ਸੀ ਪੀ ਦਾ ਮੋਢੀ ਬਾਨੀ)*

"ਮੈਂ ਸੋਚਦਾ ਹਾਂ ਕਿ ਸੋਵੀਅਤ ਯੂਨੀਅਨ ਦਾ ਆਧੁਨਿਕ ਸਭਿਅਤਾ ਨੂੰ ਸਭ ਤੋਂ ਵੱਡਾ ਤੋਹਫਾ ਇਹ ਸੀ ਕਿ ਉਹਨੇ ਧਾਰਮਿਕ ਪਾਦਰੀਆਂ ਤੋਂ ਉਨ੍ਹਾਂ ਦਾ ਮੁਕਟ ਖੋਹਿਆ ਅਤੇ ਪਬਲਿਕ ਸਕੂਲਾਂ ਵਿਚ ਧਰਮ ਦੀ ਸਿੱਖਿਆ ਦੇਣ ਤੋਂ ਨਾਂਹ ਕੀਤੀ।"

## ਚੈਪਮੈਨ ਕੋਹਨ (1868-1954)

*(ਬਰਤਾਨੀਆਂ ਦੀ ਨੈਸ਼ਨਲ ਸੈਕੂਲਰ ਸੁਸਾਇਟੀ ਦਾ ਪ੍ਰਧਾਨ ਅਤੇ ਨਾਸਤਿਕਤਾ ਦਾ ਸਰਗਰਮ ਹਾਮੀ)*

"ਦੇਵਤੇ/ਰੱਬ ਬੜੀਆਂ ਨਾਜ਼ੁਕ ਚੀਜ਼ਾਂ ਹੁੰਦੀਆਂ ਹਨ; ਉਹ ਵਿਗਿਆਨ ਦੇ ਬੁੱਲੇ ਨਾਲ ਜਾਂ ਆਮ ਸੂਝ ਦੀ ਖੁਰਾਕ (ਡੋਜ਼) ਨਾਲ ਹੀ ਮਰ ਸਕਦੇ ਹਨ।"

## ਕਾਰਲਿਸਪੀ ਮੈਰੀ ਐਲਿਸ ਮਕਿਨੀ (1868-1927)

"ਧਰਮ ਤਿੰਨ ਕੰਮ ਬਹੁਤ ਅਸਰਦਾਇਕ ਤਰੀਕੇ ਨਾਲ ਕਰਦਾ ਹੈ: ਲੋਕਾਂ ਨੂੰ ਪਾੜਨਾ, ਲੋਕਾਂ ਨੂੰ ਜ਼ਬਤ 'ਚ ਰੱਖਣਾ, ਤੇ ਲੋਕਾਂ ਨੂੰ ਠੱਗਣਾ।"

## ਜਾਰਜ ਡੌਰਸੀ (1868-1931)

*(ਅਮਰੀਕਾ ਦਾ ਮਾਨਵ ਵਿਗਿਆਨੀ)*

"ਧਰਮ ਇਕ ਬੀਮਾਰੀ ਹੈ। ਇਹ ਡਰ ਤੋਂ ਪੈਦਾ ਹੁੰਦੀ ਹੈ। ਧਰਮ ਸੱਤਾ ਤੇ ਇਲਹਾਮ (ਰੈਵੇਲੇਸ਼ਨ) ਦੇ ਮਖੌਟੇ ਉਹਲੇ ਨਫਰਤ ਫੈਲਾ ਕੇ ਰਾਹਤ ਦਿੰਦਾ ਹੈ। ਤਾਕਤਵਰ ਸਮਾਜਕ ਜਥੇਬੰਦੀ ਦੀ ਗੱਦੀ 'ਤੇ ਬੈਠ ਕੇ ਧਰਮ ਬਹੁਤ ਜ਼ਿਆਦਾ ਕਰੂਰ ਹੋ ਜਾਂਦਾ ਹੈ। ਇਸਾਈਅਤ ਨਾਲੋਂ ਹੋਰ ਕੋਈ ਵੀ ਧਰਮ ਵੱਧ ਜ਼ਾਲਮ ਨਹੀਂ ਹੋਇਆ।"

## ਐਮਾ ਗੋਲਡਮੈਨ (1869-1940)

*(ਰੂਸੀ-ਅਮਰੀਕਨ ਅਰਾਜਕਤਾਵਾਦੀ, ਲੇਖਕ ਤੇ ਪ੍ਰਕਾਸ਼ਕ। ਉਸ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦੇ ਕੇ ਮੁੜ ਰੂਸ ਭੇਜ ਦਿੱਤਾ ਗਿਆ ਸੀ)*

"ਮਨੁੱਖਤਾ ਨੂੰ ਆਪਣੇ ਰੱਬ ਘੜਨ ਦੀ ਬੜੇ ਲੰਮੇ ਸਮੇਂ ਤੋਂ ਬੜੀ ਸਖਤ ਸਜ਼ਾ ਮਿਲੀ ਹੈ; ਜਦੋਂ ਦੇ ਰੱਬ ਸ਼ੁਰੂ ਹੋਏ ਹਨ ਦੁੱਖਾਂ ਤੇ ਸਜ਼ਾਵਾਂ ਤੋਂ ਬਿਨਾਂ ਬੰਦੇ ਦੇ ਹੱਥ ਹੋਰ ਕੁਛ ਨਹੀਂ ਆਇਆ। ਇਸ ਵੱਡੀ ਭੁੱਲ ਤੋਂ ਬਚਣ ਦਾ ਇਕੋ ਇਕ ਰਾਹ ਹੈ ਕਿ ਬੰਦੇ ਨੂੰ ਆਪਣੇ ਸੰਗਲ ਤੋੜਨੇ ਪੈਣਗੇ ਜਿਨ੍ਹਾਂ ਨੇ ਇਹਨੂੰ ਸਵਰਗ ਤੇ ਨਰਕ ਦੇ ਦਰਵਾਜਿਆਂ ਨਾਲ ਨੂੜਿਆ ਹੋਇਆ ਹੈ, ਤਾਂਕਿ ਉਹ ਆਪਣੀ ਮੁੜ ਜਾਗੀ ਅਤੇ ਰੁਸ਼ਨਾਈ ਸੂਝ ਨਾਲ ਇਸ ਧਰਤੀ 'ਤੇ ਇਕ ਨਵਾਂ ਜੁੱਗ ਸਿਰਜ ਸਕੇ।"

"ਇਸਾਈਅਤ ਦੀ ਵੱਡੀ ਸਿਫਤ ਇਹੀ ਹੈ ਕਿ ਇਹ ਗੁਲਾਮੀ ਦੀ ਸਿੱਖਿਆ ਦੇਣ ਵਿਚ ਤੇ ਗੁਲਾਮ ਸਮਾਜ ਨੂੰ ਸਦੀਵੀ ਬਣਾਉਣ ਵਿਚ ਬੜੀ ਮਾਹਰ ਹੈ।"

"ਰੱਬ ਨੂੰ ਮੰਨਣ ਵਾਲੇ ਲੋਕਾਂ ਦੀ 'ਸਹਿਣਸ਼ੀਲਤਾ' ਦਾ ਇਹ ਵਿਸ਼ੇਸ਼ ਖਾਸਾ ਹੈ ਕਿ ਉਹ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ ਲੋਕ ਕਿਹੜੀ ਚੀਜ਼ ਵਿਚ ਯਕੀਨ ਕਰਦੇ ਹਨ, ਜਿੰਨਾ ਚਿਰ ਉਹ ਯਕੀਨ ਕਰਦੇ ਹੋਣ ਜਾਂ ਯਕੀਨ ਕਰਨ ਦਾ ਦਿਖਾਵਾ ਕਰਦੇ ਹੋਣ।"

## ਮੋਹਨਦਾਸ ਕਰਮਚੰਦ ਗਾਂਧੀ (1869 - 1948)

*(ਭਾਰਤ ਦੀ ਆਜ਼ਾਦੀ ਲਈ ਸਤਿਆਗ੍ਰਹੀ ਘੋਲ ਦਾ ਆਗੂ)*

"ਇਤਿਹਾਸ ਵਿਚ ਜਿਹੜੇ ਸਭ ਤੋਂ ਵੱਧ ਵਹਿਸ਼ੀਆਨਾ ਤੇ ਸਭ ਤੋਂ ਵੱਧ ਨਿਰਦਈ ਜ਼ੁਲਮ ਰੀਕਾਰਡ ਕੀਤੇ ਗਏ ਹਨ ਉਹ ਧਰਮ ਜਾਂ ਅਜਿਹੇ ਹੀ ਕਿਸੇ ਹੋਰ ਉਹਲੇ ਥੱਲੇ ਕੀਤੇ ਗਏ ਹਨ।"

## ਐਡਗਰ ਲੀ ਮਾਸਟਰਜ਼ (1869 - 1950)

*(ਅਮਰੀਕਨ ਵਕੀਲ ਤੇ ਕਵੀ)*

ਆਮ ਅਮਰੀਕਨ?

"ਉਹਨੂੰ ਸਕੂਲ ਭੇਜਿਆ ਜਾਂਦਾ ਹੈ
ਥੋੜ੍ਹੇ ਬਹੁਤੇ ਉਹ ਨਿਯਮ ਗ੍ਰਹਿਣ ਕਰਦਾ ਹੈ
ਸੁਰੱਖਿਆ ਤੇ ਆਰਾਮ ਪਹਿਲਾਂ; ਆਪਣੀ ਜਵਾਨੀ 'ਚ
ਉਹ ਚਰਚ 'ਚ ਦਾਖਲਾ ਲੈਂਦਾ ਹੈ ਤੇ
ਆਪਣੀ ਸੱਚ ਜਾਨਣ ਦੀ ਖਾਹਿਸ਼ ਖਤਮ ਕਰ ਦਿੰਦਾ ਹੈ।"

## ਵਲਾਦੀਮੀਰ ਲੈਨਿਨ (1870-1924)

*(ਰੂਸੀ ਮਾਰਕਸਵਾਦੀ ਇਨਕਲਾਬੀ)*

"ਧਰਮ ਦਾ ਜੂਲਾ ਜਿਹੜਾ ਮਨੁੱਖਤਾ 'ਤੇ ਭਾਰ ਪਾਈ ਰੱਖਦਾ ਹੈ ਉਹ ਸਮਾਜ ਵਿਚਲੇ ਆਰਥਿਕ ਜੂਲੇ ਦਾ ਹੀ ਅਕਸ ਹੈ।"

"ਜਿਹੜੇ ਲੋਕ ਧਰਤੀ 'ਤੇ ਮਿਹਨਤ ਕਰਦੇ ਹਨ ਅਤੇ ਸਦਾ ਥੋੜਾਂ ਵਿਚ ਜੀਵਨ ਗੁਜਾਰਦੇ ਹਨ ਧਰਮ ਉਨ੍ਹਾਂ ਨੂੰ ਭਾਣਾ ਮੰਨਣ ਦਾ ਤੇ ਸਬਰ ਕਰਨ ਦਾ ਸਬਕ ਸਿਖਾਉਂਦਾ ਹੈ ਅਤੇ ਦੱਸਦਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਵਿੱਚੋਂ ਨਿੱਘ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸੁਰਗਾਂ ਵਿਚ ਸੁੱਖ ਮਿਲੇਗਾ।"

"ਸਾਰੇ ਮੌਜੂਦਾ ਧਰਮ ਤੇ ਚਰਚ, ਸਾਰੀਆਂ ਤੇ ਹਰ ਕਿਸਮ ਦੀਆਂ ਧਾਰਮਿਕ ਜਥੇਬੰਦੀਆਂ ਨੂੰ ਮਾਰਕਸਵਾਦ ਨੇ ਹਮੇਸ਼ਾਂ ਬੁਰਜਵਾਜ਼ੀ ਦੇ ਹਥਿਆਰ ਵਜੋਂ ਦੇਖਿਆ ਹੈ ਜਿਹੜੇ ਸ਼ੋਸ਼ਣ ਦੀ ਹਿਮਾਇਤ ਕਰਦੇ ਹਨ ਅਤੇ ਮਜ਼ਦੂਰਾਂ ਨੂੰ ਆਪਾ ਭੁਲਾਉਣ ਲਈ ਨਸ਼ਈ ਕਰਦੇ ਹਨ।"

## ਬਿਲਿੰਗਜ਼ ਲਰਨਡ ਹੈਂਡ (1872-1961)

*(ਅਮਰੀਕਨ ਕਾਨੂੰਨਦਾਨ)*

"ਸਾਰੇ ਵਿਚਾਰ ਵਟਾਂਦਰੇ, ਸਾਰੀਆਂ ਬਹਿਸਾਂ, ਸਾਰੇ ਮਤਭੇਦ ਸਵਾਲ ਕਰਨ ਦੀ ਹੀ ਕੋਸ਼ਸ਼ ਹੁੰਦੇ ਹਨ, ਸਥਾਪਤ ਧਾਰਨਾਵਾਂ ਨੂੰ ਉਖਾੜਨ ਲਈ; ਇਨ੍ਹਾਂ ਦਾ ਇਹੀ ਮਕਸਦ ਹੁੰਦਾ ਹੈ ਤੇ ਇਹੀ ਉਚਿਤਤਾ (ਜਸਟੀਫੀਕੇਸ਼ਨ) ਹੁੰਦੀ ਹੈ।"

## ਬਰਟਰੈਂਡ ਰਸਲ (1872-1970)

*(ਬਰਤਾਨਵੀ ਦਾਰਸ਼ਨਿਕ, ਹਿਸਾਬਦਾਨ, ਸਮਾਜ ਆਲੋਚਕ ਤੇ ਲਿਖਾਰੀ)*

“ਧਰਮ ਮੁੱਖ ਤੌਰ ’ਤੇ ਡਰ ’ਤੇ ਅਧਾਰਤ ਹੈ ... ਰਹੱਸ ਦਾ ਡਰ, ਹਾਰ ਦਾ ਡਰ, ਮੌਤ ਦਾ ਡਰ। ਡਰ ਜ਼ੁਲਮ ਦਾ ਪਿਤਾਮਾ ਹੈ ਤੇ ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਜੇ ਜ਼ੁਲਮ ਤੇ ਧਰਮ ਇਕ ਦੂਜੇ ਦੇ ਸਾਥੀ ਬਣੇ ਰਹੇ ਨੇ... । ਧਰਮ ਬਾਰੇ ਮੇਰੇ ਵਿਚਾਰ ਲੁਕਰੀਟੀਅਸ ਵਾਲੇ ਹਨ। ਮੈਂ ਇਹਨੂੰ ਡਰ ਤੋਂ ਜੰਮਿਆਂ ਰੋਗ ਸਮਝਦਾ ਹਾਂ ਅਤੇ ਇਹ ਮਨੁੱਖਤਾ ਦੇ ਅਣਕਹੇ ਸੰਤਾਪ ਦਾ ਸੋਮਾ ਹੈ।”

“ਮੈਂ ਇਹ ਗੱਲ ਓਨੀ ਹੀ ਪੱਕੀ ਤਰ੍ਹਾਂ ਮੰਨਦਾ ਹਾਂ ਕਿ ਧਰਮ ਨੁਕਸਾਨ ਕਰਦੇ ਹਨ ਜਿੰਨੀ ਇਹ ਗੱਲ ਕਿ ਧਰਮ ਝੂਠੇ ਹਨ।”

“ਮੈਂ ਇਹ ਗੱਲ ਸੋਚ ਸਮਝ ਕੇ ਕਹਿੰਦਾ ਹਾਂ ਕਿ ਇਸਾਈ ਧਰਮ, ਜਿਸ ਤਰ੍ਹਾਂ ਇਹ ਚਰਚਾਂ ਵਿਚ ਜਥੇਬੰਦ ਹੈ, ਦੁਨੀਆ ਵਿਚ ਨੈਤਿਕ ਵਿਕਾਸ ਦਾ ਹਮੇਸ਼ਾ ਮੁੱਖ ਦੁਸ਼ਮਣ ਰਿਹਾ ਹੈ ਅਤੇ ਹੁਣ ਵੀ ਹੈ।”

“ਹਾਂ, ਸ਼ੈਲਫ ’ਤੇ ਪਈ ਹੈ ਬਾਈਬਲ ਵੀ। ਪਰ ਮੈਂ ਇਹਨੂੰ ਵਾਲਟੇਅਰ ਦੇ ਲਾਗੇ ਰੱਖਦਾ ਹਾਂ – ਜ਼ਹਿਰ ਤੇ ਜ਼ਹਿਰਮਾਰ।”

“ਮੈਂ ਉਸ ਰੱਬ ਨੂੰ ਇਹ ਹੱਕ ਕਿਉਂ ਦੇਵਾਂ ਕਿ ਉਹ ਮੈਨੂੰ ਦੱਸੇ ਕਿ ਆਪਣੇ ਬੱਚੇ ਕਿਵੇਂ ਪਾਲ਼ਾਂ, ਜਿਹਨੇ ਆਪਣੇ ਬੱਚਿਆਂ ਨੂੰ ਖੁਦ ਹੀ ਡੁੱਬ ਜਾਣ ਦਿੱਤਾ।”

“ਅਜੋਕੀ ਦੁਨੀਆ ਦੀਆਂ ਸਮੱਸਿਆਵਾਂ ਦਾ ਸਭ ਤੋਂ ਵੱਡਾ ਕਾਰਨ ਹੈ ਕਿ ਮੂਰਖ ਲੋਕਾਂ ਨੂੰ ਪੂਰਾ ਭਰੋਸਾ ਹੁੰਦਾ ਹੈ ਅਤੇ ਸੂਝਵਾਨ ਲੋਕ ਸ਼ੱਕਾਂ ਨਾਲ ਭਰੇ ਰਹਿੰਦੇ ਹਨ।”

“ਅਤੇ ਜੇ ਕੋਈ ਰੱਬ ਹੁੰਦਾ ਤਾਂ ਮੇਰੇ ਖਿਆਲ ਵਿਚ ਉਹ ਏਨਾ ਖੋਖਲਾ ਨਹੀਂ ਹੋ ਸਕਦਾ ਕਿ ਉਹ ਉਹਦੀ ਹੋਂਦ ਨੂੰ ਨਾ ਮੰਨਣ ਵਾਲਿਆਂ ਦਾ ਹੀ ਗੁੱਸਾ ਕਰ ਜਾਵੇ।”

“ਲੋੜ ਇਸ ਗੱਲ ਦੀ ਨਹੀਂ ਕਿ ਸਾਡੇ ਵਿਚ ਵਿਸ਼ਵਾਸ ਕਰਨ ਦੀ ਖਾਹਿਸ਼ ਹੋਵੇ, ਸਗੋਂ ਜਾਨਣ ਦੀ ਚਾਹਤ ਹੋਣੀ ਚਾਹੀਦੀ ਹੈ, ਜਿਹੜੀ ਕਿ ਬਿਲਕੁਲ ਉਲਟ ਗੱਲ ਹੈ।”

“ਧਰਮ ਸਾਡੀ ਸੂਝ ਦੇ ਬਚਪਨੇ ਦੀ ਰਹਿੰਦ-ਖੂੰਦ ਹੈ, ਜਿਵੇਂ ਜਿਵੇਂ ਅਸੀਂ ਤਰਕ ਤੇ ਵਿਗਿਆਨ ਨੂੰ ਸੇਧ ਲਈ ਅਪਣਾਵਾਂਗੇ ਇਹ ਘਟਦਾ ਜਾਵੇਗਾ।”

“ਬਹੁਤੇ ਲੋਕੀਂ ਸੋਚਣ ਨਾਲੋਂ ਮਰ ਜਾਣ ਨੂੰ ਤਰਜੀਹ ਦੇਣਗੇ; ਅਸਲ ਵਿਚ, ਉਹ ਇੱਦਾਂ ਕਰਦੇ ਹਨ।”

“ਜਿੱਥੇ ਤੱਕ ਮੈਨੂੰ ਚੇਤਾ ਹੈ, ਇਸਾਈ ਮੱਤ ਦੇ ਸਾਰੇ ਗ੍ਰੰਥਾਂ ਵਿਚ ਇਕ ਵੀ ਸ਼ਬਦ ਸਿਆਣਪ ਦੀ ਸਿਫਤ ਵਿਚ ਨਹੀਂ ਹੈ।”

“ਮੇਰਾ ਸਾਰਾ ਧਰਮ ਇਹੀ ਹੈ: ਆਪਣਾ ਹਰ ਫਰਜ਼ ਨਿਭਾਓ ਅਤੇ ਕਿਸੇ ਕਿਸਮ ਦੇ ਇਨਾਮ ਦੀ ਆਸ ਨਾ ਰੱਖੋ, ਨਾ ਏਥੇ ਨਾ ਅਗਲੇ ਜਹਾਨ ਵਿਚ।”

“ਮੈਂ ਸਾਰੇ ਜਾਣੇ ਜਾਂਦੇ ਧਰਮਾਂ ਨਾਲ ਮਤਭੇਦ ਰੱਖਦਾ ਹਾਂ, ਉਨ੍ਹਾਂ ਤੋਂ ਮਨਮਤੀਆ ਹਾਂ, ਅਤੇ ਮੈਂ ਇਸ ਗੱਲ ਦੀ ਆਸ ਰੱਖਦਾ ਹਾਂ ਕਿ ਹਰ ਕਿਸਮ ਦਾ ਧਾਰਮਿਕ ਵਿਸ਼ਵਾਸ ਖਤਮ ਹੋ ਜਾਵੇਗਾ।”

“ਇਹ ਸੰਭਵ ਹੈ ਕਿ ਮਨੁੱਖਤਾ ਸੁਨਹਿਰੀ ਯੁੱਗ ਦੇ ਬਰੂਹਾਂ ’ਤੇ ਖੜ੍ਹੀ ਹੋਵੇ; ਪਰ ਜੇ ਇਸ ਤਰ੍ਹਾਂ ਹੈ ਤਾਂ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੋਵੇਗਾ ਕਿ ਦਰਵਾਜ਼ੇ ਮੂਹਰੇ ਅੜ ਕੇ ਖੜ੍ਹੋਤੇ ਅਜਗਰ (ਡਰੈਗਨ) ਨੂੰ ਮਾਰਨਾ ਹੋਵੇਗਾ, ਅਤੇ ਇਹ ਅਜਗਰ ਧਰਮ ਹੈ।”

“ਧਰਮ ਦੀ ਇਸ ਦੇ ਬਹੁਤੇ ਰੂਪਾਂ ਵਿਚ ਇਸ ਤਰ੍ਹਾਂ ਵਿਆਖਿਆ ਕੀਤੀ ਜਾ ਸਕਦੀ ਹੈ ਕਿ ਦੇਵਤੇ ਸਰਕਾਰ ਦੇ ਪੱਖ ਵਿਚ ਖੜ੍ਹੇ ਹਨ।”

“ਬੰਦਾ ਬੜਾ ਸਿੱਧਾ ਸਾਧਾ ਭੋਲ਼ਾ ਜਾਨਵਰ ਹੈ, ਇਸ ਨੇ ਕਿਸੇ ਨਾ ਕਿਸੇ ਚੀਜ਼ ਵਿਚ ਵਿਸ਼ਵਾਸ ਕਰਨਾ ਹੀ ਕਰਨਾ ਹੈ; ਜੇ ਵਿਸ਼ਵਾਸ ਲਈ ਕੋਈ ਚੰਗਾ ਅਧਾਰ ਨਾ ਮਿਲੇ ਤਾਂ ਇਹ ਮਾੜੇ ਨਾਲ ਵੀ ਸੰਤੁਸ਼ਟ ਹੋ ਜਾਂਦਾ ਹੈ।”

“ਡਰ ’ਤੇ ਜਿੱਤ ਹਾਸਲ ਕਰਨ ਨਾਲ ਸਿਆਣਪ ਦੀ ਸ਼ੁਰੂਆਤ ਹੁੰਦੀ ਹੈ।”

## ਚਾਰਲਜ਼ ਕੈਲੌਗ ਫੀਲਡ (1873-1948)

*(ਅਮਰੀਕਨ ਲੇਖਕ ਅਤੇ ਸਨਸੈੱਟ ਮੈਗਜ਼ੀਨ ਦਾ ਸੰਪਾਦਕ।)*

“ਜੇ, ਜਿੱਦਾਂ ਉਹ ਕਹਿੰਦੇ ਨੇ,

ਰੱਬ ਨੇ ਇਸ ਸ਼ਹਿਰ (ਸਾਂਨ ਫਰਾਂਸਿਸਕੋ) ਨੂੰ ਖੂਬ ਖੜਕਾਇਆ *(ਸ਼ਹਿਰ ਵਿਚ ਆਏ ਭੁਚਾਲ ਸਬੰਧੀ)*

ਕਿਉਂਕਿ ਇਹ ਬੜਾ ਸ਼ੇਖੀਆਂ ਭਰਿਆ ਸੀ

ਤਾਂ ਫਿਰ ਉਹਨੇ ਕਿਉਂ ਸਾੜੇ ਆਪਣੇ ਹੀ ਚਰਚ

ਤੇ ਹੋਟਲਿੰਗ (ਸ਼ਰਾਬ ਦੀ ਕੰਪਨੀ) ਵਾਲਿਆਂ ਦੀ ਸ਼ਰਾਬ ਬਚਾ ਲਈ।”

## ਰੌਬਰਟ ਫਰੌਸਟ (1874-1963)

*(ਅਮਰੀਕਨ ਕਵੀ)*

"ਦੁਨੀਆ ਦੇ ਦੁੱਖਾਂ ਦਰਦਾਂ ਬਾਰੇ
ਮੈਂ ਰੱਬ ਨਾਲ ਗੱਲ ਕਰਨ ਦੀ ਸੋਚੀ
ਪਰ ਰਹਿੰਦੀ ਕਸਰ ਵੀ ਨਿਕਲ ਗਈ
ਉਹ ਤਾਂ ਉੱਥੇ ਹੈ ਈ ਨਹੀਂ ਸੀ।"

"ਮੁਆਫ ਕਰੀਂ, ਓ ਰੱਬਾ, ਤੇਰੇ ਨਾਲ ਕੀਤਾ ਮੇਰਾ ਇਹ ਛੋਟਾ ਜਿਹਾ ਮਖੌਲ ਤੇ ਮੈਂ ਮੁਆਫ ਕਰ ਦੇਵਾਂਗਾ ਤੇਰੇ ਵਲੋਂ ਕੀਤਾ ਮੇਰੇ ਨਾਲ ਵੱਡਾ ਮਖੌਲ।"

## ਸਮਰਸੈੱਟ ਮਾਘਮ (1874-1965)

*(ਬਰਤਾਨਵੀ ਨਾਵਲਕਾਰ, ਕਹਾਣੀਕਾਰ ਤੇ ਨਾਟਕਕਾਰ)*

"ਰੱਬ ਦੇ ਪਿਆਰ ਲਈ ਮਨੁੱਖ ਕਿੰਨੀਆਂ ਕਮੀਨਗੀਆਂ ਤੇ ਜ਼ੁਲਮ ਕਰਦੇ ਹਨ।"

## ਜਾਹਨ ਬੁਕੈਨ (1875-1940)

*(ਸਕਾਟਿਸ਼ ਇਤਿਹਾਸਕਾਰ, ਕਵੀ ਤੇ ਨਾਵਲਕਾਰ)*

"ਨਾਸਤਿਕ ਉਹ ਸ਼ਖਸ ਹੁੰਦਾ ਹੈ ਜਿਸ ਕੋਲ ਕੋਈ ਵੀ ਅਣਦਿਸਦੀ (ਰੱਬ 'ਚ ਵਿਸ਼ਵਾਸ ਰੱਖਣ ਵਾਲਿਆਂ ਵਲ ਇਸ਼ਾਰਾ) ਹਿਮਾਇਤ ਨਹੀਂ ਹੁੰਦੀ।"

## ਅਲਿਸਟਰ ਕਰਾਉਲੀ (1875-1947)

*(ਬਰਤਾਨਵੀ ਰਹੱਸਵਾਦੀ ਲੇਖਕ)*

"ਜੇ ਕੋਈ ਬਾਈਬਲ ਨੂੰ ਗੰਭੀਰਤਾ ਨਾਲ ਲਵੇ ਤਾਂ ਪਾਗਲ ਹੋ ਜਾਵੇ। ਪਰ ਬਾਈਬਲ ਨੂੰ ਗੰਭੀਰਤਾ ਨਾਲ ਲੈਣ ਵਾਲਾ ਤਾਂ ਪਹਿਲਾਂ ਹੀ ਪਾਗਲ ਹੋਵੇਗਾ।"

## ਐਲਬਰਟ ਸ਼ਵਾਈਟਜ਼ਰ (1875-1965)

*(ਫਰਾਂਸੀਸੀ ਦਾਰਸ਼ਨਿਕ, ਭੌਤਿਕ ਵਿਗਿਆਨੀ ਤੇ ਸੰਗੀਤਕਾਰ)*

"ਮੈਨੂੰ ਇਸ ਗੱਲ ਦਾ ਪੂਰਾ ਯਕੀਨ ਹੈ ਤੇ ਮੈਂ ਹਮੇਸ਼ਾ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਮਨੁੱਖਤਾ ਦੀ ਮੰਜ਼ਲ ਹੋਰ ਸਭਿਅਕ ਤੇ ਦਿਆਲੂ ਹੋਣਾ ਹੈ। ਮਾਨਵਤਾ ਦੇ ਆਦਰਸ਼ 'ਤੇ ਮੁੜ ਵਿਚਾਰ ਕਰਨੀ ਪੈਣੀ ਹੈ।"

## ਪੋਪ ਪਾਇਅਸ ਬਾਰਵ੍ਹਾਂ (1876-1958)

*(ਪੋਪ ਪਾਇਅਸ ਬਾਰ੍ਹਵੇਂ ਦੀ ਦੂਜੀ ਵੱਡੀ ਲੜਾਈ ਦੌਰਾਨ ਕੈਥੋਲਿਕ ਚਰਚ ਦੀ ਲੀਡਰਸ਼ਿੱਪ ਬਾਰੇ ਬਹੁਤ ਸਾਰੇ ਵਿਵਾਦ ਹਨ।)*

"ਇਕ ਹੀ ਗਲੀਲੀਓ ਬਹੁਤ ਹੈ ਦੋ ਹਜ਼ਾਰ ਸਾਲਾਂ 'ਚ।"

"ਪੈਦਾਵਾਰ ਸਾਧਨਾਂ ਦੀ ਮਾਲਕੀ ਪਰਮਾਤਮਾ ਵਲੋਂ ਥਾਪੀ ਜਾਂਦੀ ਹੈ।"

## ਮੈਕਸ ਕਾਰਲ ਔਟੋ (1876-1968)

*(ਅਮਰੀਕਨ, ਦਰਸ਼ਨ ਦਾ ਪ੍ਰੋਫੈਸਰ)*

"ਪਹਿਲਾਂ ਆਦਮੀ ਨੂੰ ਰੱਬ ਜਾਂ ਦੇਵਤੇ ਵੀ ਉਸੇ ਤਰ੍ਹਾਂ ਹੀ ਅਸਲੀ ਲਗਦੇ ਸਨ ਜਿਸ ਤਰ੍ਹਾਂ ਪਹਾੜ, ਜੰਗਲ, ਜਾਂ ਝਰਨੇ ਜਿਹੜੇ ਉਨ੍ਹਾਂ ਦੇ (ਦੇਵਤਿਆਂ ਦੇ) ਘਰ ਵੀ ਸਮਝੇ ਜਾਂਦੇ ਸਨ। ਬਹੁਤ ਲੰਮਾ ਸਮਾਂ ਜਿਹੜੀਆਂ ਰੂਹਾਂ ਨਸ਼ਿਆਂ ਜਾਂ ਸ਼ਰਾਬਾਂ ਵਿਚ ਰਹਿੰਦੀਆਂ ਸਨ ਤੇ ਜਿਹੜੀਆਂ ਉਨ੍ਹਾਂ ਨੂੰ ਤਾਕਤ ਦਿੰਦੀਆਂ ਸਨ, ਉਹ ਉਸੇ ਕਿਸਮ ਦਾ ਤੱਤ ਲਗਦੀਆਂ ਸਨ। ਪਰ ਮਨੁੱਖ ਬੜਾ ਜਿਗਿਆਸੂ ਜਾਨਵਰ ਹੈ ਤੇ ਜਿਗਿਆਸਾ ਬੜੀ ਬਹਾਦਰ ਹੁੰਦੀ ਹੈ। ਇਸ ਲਈ ਇਹ ਖੋਜ ਹੋ ਗਈ ਕਿ ਜਾਣਿਆਂ ਜਾਂਦਾ ਰੱਬ ਸ਼ਾਇਦ ਇਕ ਮਿੱਥ ਹੀ ਹੈ।"

## ਅਪਟਨ ਸਿੰਕਲੇਅਰ (1878-1968)

*(ਅਮਰੀਕਨ ਨਾਵਲਕਾਰ। ਆਪਣੇ ਨਾਵਲ ਜੰਗਲ ਬਾਰੇ ਜਾਣਿਆਂ ਜਾਂਦਾ ਹੈ)*

"ਦੁਨੀਆ ਵਿਚ ਅਨੇਕਾਂ ਵੱਡੇ ਵੱਡੇ ਧਰਮ ਹਨ, ਅੱਗੇ ਉਨ੍ਹਾਂ ਦੇ ਕੱਲੇ ਕੱਲੇ ਦੇ ਸੈਂਕੜੇ ਸੈਂਕੜੇ ਪੰਥ ਹਨ, ਹਰ ਇਕ ਦੇ ਆਪਣੇ ਪਾਦਰੀਆਂ ਦੇ ਅਦਾਰੇ ਹਨ, ਹਰ ਇਕ ਦੇ ਬੜੇ ਗੁੰਝਲਦਾਰ ਧਰਮ ਸਿਧਾਂਤ ਤੇ ਰਸਮਾਂ ਹਨ, ਹਰ ਇਕ ਦੇ ਆਪਣੇ ਸਵਰਗ ਤੇ ਨਰਕ। ਹਰ ਇਕ ਨੂੰ ਮੰਨਣ ਵਾਲੇ ਲੱਖਾਂ ਕ੍ਰੋੜਾਂ ਦੀ ਤਾਦਾਦ ਵਿਚ "ਸੱਚੇ ਭਗਤ" ਹਨ; ਹਰ ਕੋਈ ਦੂਜਿਆਂ ਨੂੰ ਪੂਰੇ ਮਨ ਨਾਲ ਨਿੰਦਦਾ ਹੈ - ਤੇ ਹਰ ਕੋਈ ਆਪਣੇ ਆਪ ਵਿਚ ਮਜ਼ਬੂਤ ਕਿਲਾ ਹੈ।"

## ਭਾਈ ਰਤਨ ਸਿੰਘ ਰਾਏਪੁਰ ਡੱਬਾ (1879-1943)

*(ਉੱਤਰੀ ਅਮਰੀਕਾ ਵਿਚ ਬਣੀ ਗਦਰ ਪਾਰਟੀ ਨਾਲ ਸਬੰਧਤ ਸਰਗਰਮ ਆਗੂ ਅਤੇ ਵਿਚਾਰਵਾਨ।)*

"ਇਹ ਮਜ਼ਬੀ ਮੁੱਲਾਂ ਸਰਮਾਏਦਾਰ ਹਕੂਮਤਾਂ ਦੇ ਚੇਲੇ ਚਾਟੇ ਹਨ। ਗੌਰਮਿੰਟਾਂ ਸਾਨੂੰ ਇਨ੍ਹਾਂ ਪੋਪਾਂ ਦੇ ਜਾਲ ਵਿਚ ਫਸਿਆ ਹੋਇਆ ਰੱਖਣਾ ਮੰਗਦੀਆਂ ਹਨ ਤਾਂਕਿ ਅਸੀਂ ਭੇਡਾਂ ਹੀ ਬਣੇ ਰਹੀਏ ਤੇ ਇਹ ਮਾਇਆਧਾਰੀ ਤੇ ਪੋਪ ਸਾਡੀ ਉੱਨ ਲਾਹੀ ਜਾਣ।"

"ਦੁਨੀਆਂ ਕਿਤੇ ਦੀ ਕਿਤੇ ਚਲੀ ਗਈ ਹੈ ਤੇ ਅਸੀਂ ਅਜੇ ਦਸ ਹਜ਼ਾਰ ਵਰਸ ਪੁਰਾਣੇ ਗੰਦਿਆਂ ਜਾਲ਼ਾਂ ਵਿਚ ਫਸੇ ਪਏ ਹਾਂ।"

"ਸੰਸਾਰ ਭਰ ਦੇ ਮਾਇਆਧਰੀ ਤਾਂ ਚਰੋਕਣੇ ਹੀ ਇਕ-ਮਿਕ ਹੋਏ ਹੋਏ ਹਨ, ਅਤੇ ਜ਼ਾਲਮ ਮਾਇਆਧਾਰੀ ਜੋਕਾਂ ਵਾਂਗਰ ਗਰੀਬ ਕਿਰਤੀਆਂ ਦਾ ਲਹੂ ਪੀ ਰਹੇ ਹਨ। ਇਹ ਤਾਂ ਅਸੀਂ ਸਾਰੇ ਦੇਸਾਂ ਦੇ ਕਿਰਤੀ ਹੀ ਭੁਲੇਖੇ ਵਿਚ ਰਹੇ ਹਾਂ ਜਿਹੜੇ ਕਿ ਆਪਸ ਵਿਚ ਇਕ ਦੂਜੇ ਨੂੰ ਵੱਢ ਵੱਢ ਖਾਂਦੇ ਹਾਂ। ਪਰ ਹੁਣ ਕਿਰਤੀ ਵੀ ਸਮਝਣ ਲੱਗ ਪਏ ਹਨ, ਇਸੇ ਵਾਸਤੇ ਮੁਲਕ, ਧਰਮ, ਰੰਗ, ਨਸਲ, ਜਾਤ ਪਾਤ ਦਾ ਕੂੜਾ ਭਰਮ ਭੇਦ ਮਿਟਾ ਕੇ ਇਕ-ਮਿਕ ਹੋ ਰਹੇ ਹਨ ਅਤੇ ਇਸੇ ਕੌਮਾਂਤਰੀ ਕਿਰਤੀ ਇਕੱਠ ਵਿਚ ਹੀ ਕਿਰਤੀਆਂ ਦੀ ਨਜਾਤ ਛੁਪੀ ਹੋਈ ਹੈ। *(ਕਨੇਡਾ ਦੇ ਗਦਰੀ ਯੋਧੇ-ਸੋਹਣ ਪੂੰਨੀ)*।"

## ਐਲਬਰਟ ਆਈਨਸਟਾਈਨ (1879-1955)

*(ਜਰਮਨੀ ਦਾ ਜੰਮਪਲ਼ ਅਮਰੀਕਨ ਭੌਤਿਕ ਵਿਗਿਆਨੀ ਜਿਹਦੀ ਕੁਦਰਤ, ਖਿਲਾਅ ਅਤੇ ਸਮੇਂ ਬਾਰੇ ਰੈਲੇਟਿਵ ਥਿਊਰੀ ਨੇ ਆਧੁਨਿਕ ਸੋਚ ਵਿਚ ਇਨਕਲਾਬ ਲਿਆਂਦਾ।)*

"ਮੈਂ ਬਹੁਤ ਗੰਭੀਰ ਧਾਰਮਿਕ ਵਿਰਤੀ ਵਾਲਾ ਨਾਸਤਿਕ ਹਾਂ... ਇਹ ਥੋੜ੍ਹਾ ਜਿਹਾ ਵੱਖਰੀ ਕਿਸਮ ਦਾ ਨਵਾਂ ਧਰਮ ਹੈ।"

"ਬੰਦੇ ਦਾ ਨੈਤਿਕ ਵਰਤਾਰਾ ਨਿਸ਼ਚਿਤ ਤੌਰ 'ਤੇ ਹਮਦਰਦੀ, ਵਿਦਿਆ, ਅਤੇ ਸਮਾਜਕ ਬੰਧਨਾਂ 'ਤੇ ਅਧਾਰਤ ਹੋਣਾ ਚਾਹੀਦਾ ਹੈ; ਕਿਸੇ ਧਾਰਮਿਕ ਅਧਾਰ ਦੀ ਜ਼ਰੂਰਤ ਨਹੀਂ। ਬੰਦਾ ਸੱਚਮੁੱਚ ਬੜਾ ਨਿਰਧਨ ਹੋਵੇਗਾ ਜੇ ਉਸ ਨੂੰ ਮੌਤ ਬਾਅਦ ਸਜ਼ਾ ਜਾਂ ਕਿਸੇ ਇਨਾਮ ਦੇ ਸਹਾਰੇ ਬੰਦਸ਼ ਵਿਚ ਰੱਖਣਾ ਪਵੇ।"

"ਮੇਰੇ ਲਈ ਯਹੂਦੀ ਧਰਮ ਬਾਕੀ ਸਾਰੇ ਧਰਮਾਂ ਵਾਂਗ ਹੀ ਬਚਪਨ ਦੇ ਅੰਧਵਿਸ਼ਵਾਸਾਂ ਦਾ ਹੀ ਰੂਪ ਹੈ।"

"ਮੇਰੇ ਲਈ ਰੱਬ ਸ਼ਬਦ ਮਨੁੱਖ ਦੀਆਂ ਕਮਜ਼ੋਰੀਆਂ ਦੀ ਪੈਦਾਇਸ਼ ਅਤੇ ਪ੍ਰਗਟਾਉ ਤੋਂ ਵੱਧ ਕੇ ਕੁਝ ਨਹੀਂ ਹੈ, ਬਾਈਬਲ ਸਤਿਕਾਰ ਵਾਲੀਆਂ ਪਰ ਪੁਰਾਤਨ ਦੰਦ-ਕਥਾਵਾਂ ਦਾ ਸੰਗ੍ਰਹਿ ਹੈ ਜਿਹੜੀਆਂ ਕਿ ਬੜੀਆਂ ਬਚਗਾਨੀਆਂ ਹਨ। ਇਨ੍ਹਾਂ ਦੀ ਕਿਸੇ ਵੀ ਵਿਆਖਿਆ ਨਾਲ, ਭਾਵੇਂ ਕਿੰਨੀ ਵੀ ਚਤੁਰ ਜਾਂ ਸੂਖਮ ਹੋਵੇ, ਮੇਰੇ ਵਿਚਾਰ ਨਹੀਂ ਬਦਲ ਸਕਦੇ।"

## ਡਬਲਿਊ ਸੀ ਫੀਲਡਜ਼ (1880-1946)

*(ਅਮਰੀਕਨ ਐਕਟਰ ਤੇ ਲੇਖਕ)*

“ਦੁਆਵਾਂ ਕਦੇ ਕੁਝ ਨਹੀਂ ਸਵਾਰਦੀਆਂ ... ਹਾਂ ਉਹ ਮੂਰਖ ਨੂੰ, ਕੱਟੜਪੰਥੀ ਨੂੰ, ਅਗਿਆਨੀ ਨੂੰ, ਅਤੇ ਆਲਸੀ ਨੂੰ ਕੁਝ ਢਾਰਸ ਦੇ ਸਕਦੀਆਂ ਹਨ – ਪਰ ਇਕ ਸੂਝਵਾਨ ਲਈ ਇਹ ਸੰਤਾ ਕਲਾਜ਼ ਤੋਂ ਕ੍ਰਿਸਮਸ ਸਮੇਂ ਕੋਈ ਤੋਹਫਾ ਮੰਗਣ ਵਾਲੀ ਗੱਲ ਹੀ ਹੈ।”

## ਹੈਨਰੀ ਲੁਇਸ ਮਿਨਿਕਨ (1880-1956)

*(ਅਮਰੀਕਨ ਆਲੋਚਕ ਤੇ ਸੰਪਾਦਕ)*

“ਮਨੁੱਖ ਵਿਸ਼ਵਾਸ ਕਰਨ ਦੀ ਤਤਪਰਤਾ ਦੇ ਅਨੁਪਾਤ ਅਨੁਸਾਰ ਸਭਿਅਕ ਨਹੀਂ ਬਣਦੇ ਪਰ ਸਗੋਂ ਸ਼ੱਕ ਕਰਨ ਦੀ ਤੀਬਰਤਾ ਕਰਕੇ ਬਣਦੇ ਹਨ।”

“ਸਵਾਲ: ਪਾਦਰੀ ਦੁਨੀਆ ਵਿਚ ਕੀ ਕਰਤੱਵ ਨਿਭਾਉਂਦਾ ਹੈ?

ਜਵਾਬ: ਉਹ ਮੂਰਖਾਂ ਨੂੰ ਇਕ ਮਨਘੜਤ ਨਰਕ ਤੋਂ ਬਚਾਉਣ ਦਾ ਯਕੀਨ ਦੁਆ ਕੇ ਆਪਣੀ ਰੋਟੀ ਕਮਾਉਂਦਾ ਹੈ।”

“ਐਤਵਾਰ ਦਾ ਸਕੂਲ (ਧਾਰਮਿਕ ਸਕੂਲ) ਇਕ ਕੈਦਖਾਨਾ ਹੈ ਜਿਹਦੇ ਵਿਚ ਬੱਚੇ ਆਪਣੇ ਮਾਪਿਆਂ ਦੇ ਬੁਰੇ ਖਿਆਲਾਂ ਲਈ ਪਸਚਾਤਾਪ ਕਰਦੇ ਹਨ।”

“ਅੰਧ ਵਿਸ਼ਵਾਸੀ (ਧਾਰਮਿਕ) ਬੰਦੇ ਨਾਲ ਵਿਹਾਰ ਕਰਨ ਦਾ ਤਰੀਕਾ ਉਹਦੇ ਨਾਲ ਨਰਮੀ ਵਰਤਣਾ ਨਹੀਂ, ਸਗੋਂ ਉਸ ਨਾਲ ਸਾਰੇ ਹਥਿਆਰ ਲੈ ਕੇ ਸਿੱਝਣਾ ਹੈ, ਉਸ ਨੂੰ ਖੁਦੇੜ ਦੇਣ ਲਈ, ਅਪਾਹਜ ਕਰਨ ਲਈ, ਉਸ ਨੂੰ ਸਦਾ ਵਾਸਤੇ ਬਦਨਾਮ ਕਰਨ ਤੇ ਉਸ ਦਾ ਮਖੌਲ ਉਡਾਉਣ ਲਈ... ਫੇਰ ਉਸ ਦੀ ਬੇਵਕੂਫੀ ਨੂੰ ਦਿਨ ਦੇ ਚਾਨਣ ਵਿਚ ਸਾਰਿਆਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ, ਉਸ ਦੇ ਘਿਨਾਉਣੇਪਨ ਦੀ ਨੁਮਾਇਸ਼ ਲਾਈ ਜਾਣੀ ਚਾਹੀਦੀ ਹੈ ਉਨਾਂ ਚਿਰ ਜਿੰਨਾਂ ਚਿਰ ਉਹ ਆਪਣਾ ਸਿਰ ਸ਼ਰਮ ਵਿਚ ਥੱਲੇ ਸੁੱਟ ਕੇ ਦੌੜ ਨਾ ਜਾਵੇ... ਇਹ ਠੀਕ ਹੈ ਕਿ ਇਕ ਅੰਧ ਵਿਸ਼ਵਾਸੀ ਬੰਦੇ ਦੇ ਵੀ ਕੁਝ ਹੱਕ ਹੁੰਦੇ ਹਨ। ਉਸ ਦਾ ਹੱਕ ਹੈ ਕਿ ਜਿੰਨਾ ਚਿਰ ਚਾਹੇ ਉਹ ਆਪਣੇ ਬੁੱਧੂਪੁਣੇ ਵਿਚ ਫਸਿਆ ਰਹੇ ਬਸ਼ਰਤੇ ਕਿ ਉਹ ਦੂਜਿਆਂ ਉੱਪਰ ਇਨ੍ਹਾਂ ਨੂੰ ਆਪਣੀ ਤਾਕਤ ਨਾਲ ਠੋਸਣ ਦੀ ਕੋਸ਼ਸ਼ ਨਾ ਕਰੇ... ਪਰ ਉਸ ਦਾ ਇਹ ਹੱਕ ਨਹੀਂ ਬਣਦਾ ਕਿ ਵਿਰੋਧੀ ਵਿਚਾਰਾਂ ਵਾਲਿਆਂ ਦੀ ਆਲੋਚਨਾ ਤੋਂ ਉਸ ਨੂੰ ਬਚਾਇਆ ਜਾਵੇ... ਉਸ ਨੂੰ ਬਿਨਾਂ ਵੰਗਾਰ ਤੋਂ ਆਪਣੇ ਵਿਚਾਰ ਪ੍ਰਚਾਰਨ ਦਾ ਹੱਕ ਨਹੀਂ ਹੋਣਾ ਚਾਹੀਦਾ।”

"ਪ੍ਰਮਾਤਮਾ ਨਲਾਇਕ, ਬੇਸਹਾਰੇ, ਤਰਸਯੋਗ ਲੋਕਾਂ ਦਾ ਨਾ ਭੁੱਲਣ ਵਾਲਾ ਸਹਾਰਾ ਹੈ। ਅਜਿਹੇ ਲੋਕਾਂ ਨੂੰ ਉਹਦੀਆਂ ਬਾਹਾਂ ਵਿਚ ਸਹਾਰਾ ਹੀ ਨਹੀਂ ਮਿਲਦਾ, ਸਗੋਂ ਉਨ੍ਹਾਂ ਦੀ ਕਮਜ਼ੋਰ ਹਉਮੈ ਨੂੰ ਇਕ ਤਸੱਲੀ ਦੇਣ ਵਾਲੀ ਮਹੱਤਤਾ ਵੀ ਮਿਲਦੀ ਹੈ; ਪ੍ਰਮਾਮਤਾ ਉਨ੍ਹਾਂ ਨੂੰ ਉਨ੍ਹਾਂ ਤੋਂ ਚੰਗੇ ਲੋਕਾਂ ਤੋਂ ਵੀ ਚੰਗਾ ਬਣਾ ਦੇਵੇਗਾ।"

"ਵਿਸ਼ਵਾਸ ਦੀ ਸੰਖੇਪ ਵਿਆਖਿਆ ਕਿਸੇ ਅਸੰਭਵ ਗੱਲ ਵਿਚ ਤਰਕਹੀਣ ਵਿਸ਼ਵਾਸ ਵਜੋਂ ਹੋ ਸਕਦੀ ਹੈ। ਵਿਸ਼ਵਾਸ ਨਾਲ ਭਰਪੂਰ ਬੰਦਾ ਉਹ ਹੁੰਦਾ ਹੈ ਜਿਸ ਕੋਲੋਂ ਸਾਫ ਤੇ ਤਰਕਸ਼ੀਲ ਸੋਚ ਸਕਣ ਦੀ ਸ਼ਕਤੀ ਖੁੱਸ ਗਈ ਹੋਵੇ ਜਾਂ ਉਸ ਕੋਲ ਇਹ ਸ਼ਕਤੀ ਕਦੇ ਹੋਵੇ ਹੀ ਨਾ। ਉਹ ਬੰਦਾ ਸਿਰਫ ਇਕ ਖੋਤਾ ਹੀ ਨਹੀਂ; ਉਹ ਅਸਲ ਵਿਚ ਬੀਮਾਰ ਹੁੰਦਾ ਹੈ।"

## ਥਾਂਮਸ ਰਸਲ ਯਬਾਰਾ (1880-1971)

*(ਵਿਨਜ਼ੁਏਲਾ ਦਾ ਜੰਮਪਲ਼ ਅਮਰੀਕਨ ਪੱਤਰਕਾਰ ਤੇ ਯਾਤਰੂ)*

"ਈਸਾਈ ਉਹ ਬੰਦਾ ਹੈ ਜਿਹੜਾ
ਐਤਵਾਰ ਨੂੰ ਭੁੱਲ ਬਖਸ਼ਾਉਂਦਾ ਹੈ
ਜੋ ਉਹਨੇ (ਪਹਿਲਾਂ) ਸਨਿੱਚਰਵਾਰ ਨੂੰ ਕੀਤਾ ਹੁੰਦਾ ਹੈ
ਤੇ (ਮਗਰੋਂ) ਸੋਮਵਾਰ ਨੂੰ ਕਰਨਾ ਹੁੰਦਾ ਹੈ।"

## ਕੇਮਾਲ ਅਤਾਤੁਰਕ (1881-1938)

*(ਤੁਰਕੀ ਦਾ ਇਨਕਲਾਬੀ ਸਿਆਸਤਦਾਨ। ਉਹਨੇ ਤੁਰਕੀ ਦੀ ਰੀਪਬਲਿਕ ਕਾਇਮ ਕੀਤੀ ਤੇ ਪਹਿਲਾ ਰਾਸ਼ਟਰਪਤੀ ਬਣਿਆਂ)*

"ਮੇਰਾ ਕੋਈ ਧਰਮ ਨਹੀਂ ਅਤੇ ਮੈਂ ਸਾਰੇ ਧਰਮਾਂ ਨੂੰ ਸਮੁੰਦਰ 'ਚ ਗਰਕ ਹੁੰਦਾ ਦੇਖਣਾ ਚਾਹੁੰਦਾ ਹਾਂ। ਜਿਹੜਾ ਹਾਕਮ ਆਪਣੀ ਸਰਕਾਰ ਨੂੰ ਠੁੰਮਣਾ ਦੇਣ ਲਈ ਧਰਮ ਦਾ ਆਸਰਾ ਲੋੜਦਾ ਹੈ, ਉਹ ਕਮਜ਼ੋਰ ਹਾਕਮ ਹੈ। ਇਹ ਤਾਂ ਇੱਦਾਂ ਹੈ ਜਿੱਦਾਂ ਉਹ ਆਪਣੇ ਲੋਕਾਂ ਨੂੰ ਇਕ ਜਾਲ 'ਚ ਫਸਾਉਣਾ ਚਾਹੁੰਦਾ ਹੋਵੇ। ਮੇਰੇ ਲੋਕ ਲੋਕਰਾਜ ਦੇ ਅਸੂਲਾਂ ਬਾਰੇ ਸਿੱਖਣਗੇ, ਸਚਾਈ ਬਾਰੇ ਤੇ ਵਿਗਿਆਨ ਦੀ ਸਿੱਖਿਆ ਬਾਰੇ। ਅੰਧ-ਵਿਸ਼ਵਾਸ ਹਰ ਹਾਲਤ ਵਿਚ ਖਤਮ ਹੋਣਾ ਚਾਹੀਦਾ ਹੈ।"

## ਵਿਰਜੀਨੀਆ ਵੂਲਫ (1882-1941)

*(ਅੰਗ੍ਰੇਜ਼ੀ ਦੀ ਇਸਤਰੀਵਾਦੀ ਲੇਖਕਾ)*

"ਕੁਝ ਲੋਕ ਪਾਦਰੀਆਂ ਕੋਲ ਜਾਂਦੇ ਹਨ; ਦੂਜੇ ਕਵਿਤਾ ਕੋਲ; ਮੈਂ ਦੋਸਤਾਂ ਕੋਲ ਜਾਂਦੀ ਹਾਂ।"

## ਜੇਮਜ਼ ਜੋਇਸ (1882-1941)

*(ਆਇਰਿਸ਼ ਨਾਵਲਕਾਰ ਤੇ ਕਵੀ)*

"ਅੰਗ੍ਰੇਜ਼ੀ ਜ਼ੁਲਮ ਵਿਰੁੱਧ ਜ਼ਹਿਰ ਉਗਲ਼ਣ ਨਾਲ ਕੀ ਫਰਕ ਪਵੇਗਾ ਜਦੋਂ ਰੂਹ ਦੇ ਮਹੱਲਾਂ 'ਚ ਰੋਮਨ (ਕੈਥੋਲਿਕ ਧਰਮ) ਰਾਜ ਕਰਦਾ ਹੋਵੇ।"

## ਲਾਲਾ ਹਰਦਿਆਲ (1884-1938)

*(ਦਿੱਲੀ ਤੋਂ ਪੰਜਾਬੀ ਪਿਛੋਕੜ ਦਾ ਬੁੱਧੀਜੀਵੀ ਦਾਰਸ਼ਨਿਕ। ਅਮਰੀਕਾ 'ਚ ਬਣੀ ਗਦਰ ਪਾਰਟੀ ਦੇ ਮੋਢੀਆਂ 'ਚੋਂ)*

"ਓਪਰੀ ਨਜ਼ਰੇ ਕੁਦਰਤ ਨੂੰ ਦੇਖਿਆਂ ਸ਼ਾਇਦ 'ਰੱਬ' ਦੀ ਹੋਂਦ ਦਾ ਵਹਿਮ ਮਨ 'ਚ ਆਵੇ ਪਰ ਲਗਾਤਾਰ ਡੂੰਘਾ ਅਧਿਅਨ ਕਰਨ ਨਾਲ, ਹੌਲੀ ਹੌਲੀ ਹੀ ਸਹੀ, ਜ਼ਰੂਰ ਹੀ ਮਨ ਤਰਕਵਾਦੀ ਬਣ ਜਾਂਦਾ ਹੈ।"

"ਮਨੁੱਖਤਾ ਨੂੰ, ਇਕ ਪਾਸੇ ਵਿਗਿਆਨ ਦੀਆਂ ਜਿੱਤਾਂ ਅਤੇ ਦੇਣਾਂ, ਅਤੇ ਦੂਜੇ ਪਾਸੇ 'ਰੱਬ' ਦੀਆਂ ਕਲਪਿਤ ਮੇਹਰਬਾਨੀਆਂ ਅਤੇ ਸਹੂਲਤਾਂ ਵਿੱਚੋਂ ਇਕ ਪਾਸੇ ਨੂੰ ਚੁਣਨਾ ਪਵੇਗਾ। ਵਿਗਿਆਨ ਸਾਨੂੰ ਸ਼ਕਤੀ, ਪ੍ਰਫੁੱਲਤਾ ਅਤੇ ਸ਼ਾਂਤੀ ਦਿੰਦਾ ਹੈ। ਈਸ਼ਰਵਰਵਾਦ ਅਰਦਾਸਾਂ, ਗਰੀਬੀ ਅਤੇ ਮਹਾਂਮਾਰੀ ਵਿਚ ਹੀ ਆਨੰਦ ਮਹਿਸੂਸ ਕਰਦਾ ਹੈ। ਤੁਸੀਂ ਇਸ ਵਿੱਚੋਂ ਆਪਣੀ ਚੋਣ ਕਰ ਲਵੋ"

"ਈਸ਼ਵਰਵਾਦ ਮਨੁੱਖਾਂ ਨੂੰ ਰੱਬ ਨਾਲ ਪਿਆਰ ਕਰਨਾ ਸਿਖਾਉਂਦਾ ਹੈ, ਏਨਾ ਜ਼ਿਆਦਾ ਪਿਆਰ ਕਿ ਉਹ ਉਨ੍ਹਾਂ ਲੋਕਾਂ ਨੂੰ ਨਫਰਤ ਕਰਨ ਲੱਗ ਪੈਂਦੇ ਹਨ ਜਿਹੜੇ ਇਮਾਨਦਾਰੀ ਨਾਲ ਇਸ ਨਾ-ਮੰਨਣਯੋਗ ਸਿਧਾਂਤ ਨੂੰ ਨਹੀਂ ਮੰਨ ਸਕਦੇ। ਜਿੰਨੀ ਦੇਰ ਤੱਕ ਇਹ ਕੋਝਾ ਅੰਧ-ਵਿਸ਼ਵਾਸ ਕਾਇਮ ਰਹੇਗਾ ਮਨੁੱਖੀ ਏਕਤਾ ਨਹੀਂ ਹੋ ਸਕਦੀ। ਈਸ਼ਵਰਵਾਦ ਤਰਕ ਅਤੇ ਸਦਾਚਾਰ ਦੋਵਾਂ ਨੂੰ ਹੀ ਨਾਮਨਜ਼ੂਰ ਕਰਦਾ ਹੈ। ਇਸ ਦੈਂਤ ਦਾ ਫਸਤਾ ਵੱਢੋ। "

"ਨਰਕ ਦੀ ਸਜ਼ਾ ਦੇ ਡਰ ਨੇ ਆਦਮ ਜਾਤ ਦੀਆਂ ਅੱਖਾਂ ਵਿੱਚੋਂ ਏਨੇ ਅੱਥਰੂ ਵਹਾਏ ਹਨ ਜਿਹਦੇ ਨਾਲ ਸਾਰੇ ਡੂੰਘੇ ਸਮੁੰਦਰ ਭਰ ਸਕਦੇ ਹਨ। ਮੁਕਤੀ ਦੀ ਆਸ ਵਿਚ ਦਿੱਤੇ ਦਾਨ ਨੇ ਪੁਜਾਰੀਆਂ ਦੀਆਂ ਗੋਲਕਾਂ 'ਚ ਏਨਾ ਧਨ ਭਰਿਆ ਹੈ ਜਿੰਨਾ ਸਪੇਨੀ ਲੋਕਾਂ ਨੇ ਅਮਰੀਕਾ ਤੋਂ ਜਾਂ ਮਹਿਮੂਦ ਗਜ਼ਨਵੀ ਨੇ ਹਿੰਦੁਸਤਾਨ ਤੋਂ ਨਹੀਂ ਲੁੱਟਿਆ ਹੋਣਾ।"

"ਮਰ ਚੁੱਕੇ ਲਈ ਅਰਦਾਸਾਂ ਅਤੇ ਤੁਹਫੇ ਹਰ ਮੁਲਕ ਅਤੇ ਧਰਮ ਦੇ ਪੁਜਾਰੀਆਂ ਲਈ ਆਮਦਨੀ ਦਾ ਪੱਕਾ ਵਸੀਲਾ ਹਨ।"

## ਐਨਾ ਐਲਾਨੌਰ ਰੂਜ਼ਵਿਲਟ (1884-1962)

*(ਅਮਰੀਕਨ ਲੇਖਕਾ, ਰਾਸ਼ਟਰਪਤੀ ਰੂਜ਼ਵਿਲਟ ਦੀ ਪਤਨੀ)*

"ਮੈਂ ਨਹੀਂ ਚਾਹੁੰਦੀ ਕਿ ਚਰਚ ਗਰੁੱਪ ਸਾਡੇ ਮੁਲਕ ਦੇ ਸਕੂਲਾਂ ਨੂੰ ਕੰਟਰੋਲ ਕਰਨ। ਸਕੂਲ ਆਜ਼ਾਦ ਰਹਿਣੇ ਚਾਹੀਦੇ ਹਨ।"

## ਕਾਰਲ ਵੈਨ ਡੋਰਨ (1885-1950)

*(ਅਮਰੀਕਨ ਅੰਗ੍ਰੇਜ਼ੀ ਦਾ ਵਿਦਵਾਨ)*

"ਜਦੋਂ ਮੈਂ ਕਹਿੰਦਾ ਹਾਂ ਕਿ ਮੈਂ ਅਵਿਸ਼ਵਾਸੀ ਹਾਂ, ਮੇਰਾ ਭਾਵ ਸਿਰਫ ਇਹ ਹੀ ਨਹੀਂ ਕਿ ਮੈਂ ਮੌਰਮਨ ਨਹੀਂ, ਜਾਂ ਮੈਥੋਡਿਸਟ ਨਹੀਂ, ਜਾਂ ਮੈਂ ਇਸਾਈ ਨਹੀਂ ਜਾਂ ਬੋਧੀ ਨਹੀਂ। ਵਿਸ਼ਵਾਸ ਵਿਚਲੇ ਵੱਖਰੇ ਵੱਖਰੇ ਪੱਧਰਾਂ ਦੇ ਇਹ ਸਾਰੇ ਵੱਖਰੇਵੇਂ ਮੇਰੇ ਲਈ ਕੋਈ ਮਹੱਤਤਾ ਨਹੀਂ ਰੱਖਦੇ। ਮੇਰਾ ਭਾਵ ਹੈ ਕਿ ਮੈਂ ਕਿਸੇ ਵੀ ਰੱਬ ਵਿਚ ਯਕੀਨ ਨਹੀਂ ਰੱਖਦਾ ਜਿਹੜਾ ਕਿਸੇ ਇਲਹਾਮ ਦੇ ਦਾਅਵੇ ਨਾਲ ਸਾਹਮਣੇ ਆਇਆ ਹੋਵੇ, ਕਿਸੇ ਵੀ ਸਦੀਵੀ ਯੋਜਨਾ ਅਧੀਨ ਘੜਿਆ ਗਿਆ ਹੋਵੇ।"

## ਵਾਲਟਰ ਸਟੇਸੀ (1985-1951)

*(ਅਮਰੀਕਨ ਕਾਨੂੰਨਦਾਨ)*

"ਜੇ ਇਹ ਗੱਲ ਇਤਿਹਾਸ ਵਿਚ ਦਰਜ ਨਾ ਹੁੰਦੀ ਤਾਂ ਯਕੀਨ ਨਹੀਂ ਸੀ ਕੀਤਾ ਜਾ ਸਕਦਾ ਕਿ ਇਨਸਾਨਾਂ ਨੇ ਇਕ ਦੂਜੇ ਦੇ ਗਲ਼ ਇਸ ਕਰਕੇ ਵੱਢੇ ਕਿ ਉਹ ਇਸ ਗੱਲ ਤੇ ਸਹਿਮਤ ਨਹੀਂ ਸਨ ਕਿ ਗਲ਼ ਵੱਢਣ ਬਾਅਦ ਉਨ੍ਹਾਂ ਨਾਲ ਕੀ ਵਾਪਰਦਾ ਹੈ?"

## ਇਜ਼ਰਾ ਪੌਂਡ (1885-1972)

*(ਅਮਰੀਕਨ ਕਵੀ)*

"ਟੱਲੀਆਂ ਬਜਾਉਣਾ ਸਾਰੇ ਧਰਮ ਫੈਲਾਉਣ ਵਾਲਿਆਂ ਦਾ ਚਿੰਨ੍ਹ ਹੁੰਦਾ ਹੈ। ਇਹ ਦੂਜੇ ਲੋਕਾਂ ਦੀ ਸ਼ਾਂਤੀ ਵਿਚ ਬੇਮਾਇਨੀ ਦਖਲ ਅੰਦਾਜ਼ੀ ਹੀ ਹੈ।"

## ਵਿਲ ਡੁਰਾਂਟ (1885-1981)

*(ਅਮਰੀਕਨ ਇਤਿਹਾਸਕਾਰ। ਉਹਨੇ ਆਪਣੀ ਪਤਨੀ ਏਰੀਅਲ ਨਾਲ ਮਿਲ ਕੇ -ਦਾ ਸਟੋਰੀ ਆਫ ਸਿਵਲਾਈਜ਼ੇਸ਼ਨ - ਲਿਖੀ।)*

"ਸਾਡੇ ਸਮੇਂ ਦਾ ਸਭ ਤੋਂ ਵੱਡਾ ਸਵਾਲ ਕਮਿਊਨਿਜ਼ਮ ਬਨਾਮ ਵਿਅਕਤੀਵਾਦ ਨਹੀਂ, ਨਾ ਹੀ ਯੂਰਪ ਬਨਾਮ ਅਮਰੀਕਾ ਹੈ, ਪੂਰਬ ਬਨਾਮ ਪੱਛਮ ਵੀ ਨਹੀਂ; ਸਵਾਲ ਇਹ ਹੈ ਕਿ ਕੀ ਮਨੁੱਖ ਰੱਬ ਤੋਂ ਬਿਨਾਂ ਜੀਣ ਦਾ ਹੌਂਸਲਾ ਕਰ ਸਕਦਾ ਹੈ?"

## ਚਾਰਲਜ਼ ਈ ਫੁਲਰ (1887-1968)

*(ਅਮਰੀਕਨ ਧਾਰਮਿਕ ਰੇਡੀਓ ਪ੍ਰਚਾਰਕ)*

"ਰੱਬ ਨਾਲ ਭਾਈਬੰਦੀ ਦਾ ਅਰਥ ਹੈ ਦੁਨੀਆ ਨਾਲ ਲੜਾਈ।"

## ਅਡੌਲਫ ਹਿਟਲਰ (1889-1945)

*(ਜਰਮਨੀ ਦਾ ਨਸਲਵਾਦੀ ਤਾਨਾਸ਼ਾਹ)*

"ਜਿਹੜੀ ਹਿੰਸਾ ਕਿਸੇ ਰੂਹਾਨੀ ਅਧਾਰ ਤੋਂ ਪੈਦਾ ਨਾ ਹੋਈ ਹੋਵੇ ਉਹ ਲੜਖੜਾਵੇਗੀ ਅਤੇ ਕੱਚੀ ਹੋਵੇਗੀ। ਲੋੜੀਂਦੀ ਸਥਿਰਤਾ ਕੱਟੜਪੰਥੀ ਨਜ਼ਰੀਏ ਨਾਲ ਹੀ ਪੈਦਾ ਹੁੰਦੀ ਹੈ।"

"ਸਾਨੂੰ ਜਿਹੜੀ ਚੀਜ਼ ਲਈ ਲੜਾਈ ਕਰਨ ਦੀ ਲੋੜ ਹੈ ... ਉਹ ਹੈ ਸਾਡੀ ਮਾਤਰ-ਭੂਮੀ ਦੀ ਆਜ਼ਾਦੀ, ਤਾਂਕਿ ਸਾਡੇ ਲੋਕ ਆਪਣਾ ਉਹ ਲਕਸ਼ (ਗੈਰ-ਆਰੀਅਨਾਂ ਦਾ ਸਫਾਇਆ) ਪੂਰਾ ਕਰਨ ਵਿਚ ਕਾਮਯਾਬ ਹੋ ਸਕਣ ਜੋ ਪੈਦਾ ਕਰਨ ਵਾਲੇ ਭਗਵਾਨ ਨੇ ਉਨ੍ਹਾਂ ਦੇ ਜਿੰਮੇ ਲਾਇਆ ਹੈ।"

"ਮੈਂ ਜਿਸ ਤਰ੍ਹਾਂ ਹੁਣ ਹਾਂ ਅਤੇ ਪਹਿਲਾਂ ਸਾਂ ਇਸੇ ਤਰ੍ਹਾਂ ਹਮੇਸ਼ਾ ਇਕ ਕੈਥੋਲਿਕ ਰਹਾਂਗਾ।"

"ਮੈਂ ਅੱਜ ਇਸ ਗੱਲ ਵਿਚ ਯਕੀਨ ਕਰਦਾ ਹਾਂ ਕਿ ਮੇਰਾ ਕੰਮ ਕਾਰ ਤੇ ਵਤੀਰਾ ਸਰਬਸ਼ਕਤੀਮਾਨ ਸਿਰਜਣਹਾਰੇ ਦੀ ਚਾਹ ਅਨੁਸਾਰ ਹੀ ਹੈ।"

## ਅਮੈਨਿਉਲ ਹਾਲਡਮੈਨ-ਜੁਲੀਅਸ (1889-1951)

*(ਅਮਰੀਕਨ ਸਮਾਜ ਸੁਧਾਰਕ ਅਤੇ ਗਰੀਬਾਂ ਦੇ ਪੜ੍ਹਨ ਲਈ ਸਸਤੀਆਂ ਕਿਤਾਬਾਂ ਛਾਪਣ ਵਾਲਾ ਪ੍ਰਕਾਸ਼ਕ)*

"ਆਸਤਿਕਤਾ ਬੰਦਿਆਂ ਨੂੰ ਦੱਸਦੀ ਹੈ ਕਿ ਉਹ ਰੱਬ ਦੇ ਗੁਲਾਮ ਹਨ। ਨਾਸਤਿਕਤਾ ਬੰਦਿਆਂ ਨੂੰ ਯਕੀਨ ਦਿਵਾਉਂਦੀ ਹੈ ਕਿ ਉਹ ਕੁਦਰਤ ਦੀ ਖੋਜ ਕਰਨ ਵਾਲੇ ਅਤੇ ਉਸ ਦੀ ਵਰਤੋਂ ਕਰਨ ਵਾਲੇ ਹਨ।"

"ਆਪਣੇ ਆਪ ਨੂੰ ਸ਼ੰਕਾਵਾਦੀ ਘੋਸ਼ਤ ਕਰਨਾ, ਸ਼ਾਇਦ ਕੁਝ ਲੋਕਾਂ ਨੂੰ ਜ਼ਿਆਦਾ ਸਤਿਕਾਰ ਯੋਗ ਤੇ ਸਾਵਧਾਨੀ ਵਾਲੀ ਗੱਲ ਲੱਗੇ, ਜਿਹੜੀ ਕਿ ਅਸਲ ਵਿਚ ਇਹ ਕਹਿਣਾ ਹੀ ਹੋਵੇਗਾ ਕਿ ਉਹਨੇ ਅਜੇ ਇਸ ਗੱਲ ਦਾ ਫੈਸਲਾ ਨਹੀਂ ਕੀਤਾ ਕਿ ਕਿਸ ਚੀਜ਼ ਵਿਚ ਯਕੀਨ ਕਰਨਾ ਹੈ।"

## ਜਵਾਹਰ ਲਾਲ ਨਹਿਰੂ (1889-1964)

*(ਭਾਰਤੀ ਆਗੂ ਤੇ ਸਿਆਸਤਦਾਨ। ਆਜ਼ਾਦ ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ)*

"ਇਸ ਤਮਾਸ਼ੇ ਨੇ, ਜਿਹਨੂੰ ਧਰਮ ਕਿਹਾ ਜਾਂਦਾ ਹੈ, ਜਾਂ ਘੱਟੋ ਘੱਟ ਜਥੇਬੰਦ ਧਰਮ, ਭਾਰਤ ਅਤੇ ਹੋਰ ਥਾਵੀਂ, ਸਾਨੂੰ ਦਹਿਸ਼ਤ ਨਾਲ ਭਰ ਦਿੱਤਾ ਹੈ, ਅਤੇ ਮੈਂ ਇਹਨੂੰ ਅਕਸਰ ਹੀ ਨਿੰਦਿਆ ਹੈ ਅਤੇ ਮੇਰੀ ਇੱਛਾ ਇਸ ਦਾ ਮੁੱਢੋ ਸੁੱਢੋਂ ਸਫਾਇਆ ਕਰਨ ਦੀ ਹੈ।"

"ਮੈਂ ਕਿਸੇ ਵੀ ਅਜਿਹੇ ਧਰਮ ਨਾਲ ਕੋਈ ਵਾਸਤਾ ਨਹੀਂ ਰੱਖਣਾ ਚਾਹੁੰਦਾ ਜਿਹੜਾ ਲੋਕਾਂ ਨੂੰ ਭੁੱਖ, ਗੰਦ, ਅਤੇ ਅਗਿਆਨਤਾ ਵਿਚ ਹੀ ਸੰਤੁਸ਼ਟ ਰੱਖਣ ਬਾਰੇ ਫਿਕਰਮੰਦ ਹੋਵੇ। ਮੈਂ ਅਜਿਹੇ ਕਿਸੇ ਵੀ ਪ੍ਰਬੰਧ ਨਾਲ, ਧਾਰਮਿਕ ਜਾਂ ਕੋਈ ਹੋਰ, ਕੋਈ ਵਾਸਤਾ ਨਹੀਂ ਰੱਖਣਾ ਚਾਹੁੰਦਾ ਜਿਹੜਾ ਲੋਕਾਂ ਨੂੰ ਇਹ ਨਾ ਸਿਖਾਏ ਕਿ ਉਹ ਇਸ ਧਰਤ 'ਤੇ ਹੋਰ ਖੁਸ਼ ਅਤੇ ਸਭਿਅਕ ਹੋਣ ਦੀ ਕਾਬਲੀਅਤ ਰੱਖਦੇ ਹਨ। ਉਹ ਅਸਲੀ ਇਨਸਾਨ ਬਣਨ ਦੀ, ਆਪਣੀ ਕਿਸਮਤ ਦੇ ਖੁਦ ਮਾਲਕ ਅਤੇ ਆਪਣੀ ਰੂਹ ਦੇ ਕਪਤਾਨ ਬਣਨ ਦੀ ਕਾਬਲੀਅਤ ਰੱਖਦੇ ਹਨ। ਇਹ ਹਾਸਿਲ ਕਰਨ ਲਈ ਮੈਂ ਪੁਜਾਰੀਆਂ ਨੂੰ ਕੰਮਾਂ 'ਤੇ ਲਾ ਦਿਆਂਗਾ ਅਤੇ ਮੰਦਰਾਂ ਨੂੰ ਸਕੂਲਾਂ 'ਚ ਬਦਲ ਦਿਆਂਗਾ।"

## ਚਾਰਲੀ ਚੈਪਲਿਨ (1889-1977)

*(ਇੰਗਲੈਂਡ ਦਾ ਜੰਮਪਲ਼ ਐਕਟਰ, ਨਿਰਦੇਸ਼ਕ ਤੇ ਨਿਰਮਾਤਾ)*

"ਆਮ ਸਮਝ ਨਾਲ ਹੀ ਮੈਂ ਰੱਬ ਵਿਚ ਯਕੀਨ ਨਹੀਂ ਕਰਦਾ, ਕਿਸੇ ਰੱਬ 'ਚ ਵੀ ਨਹੀਂ।"

"ਮੈਂ ਈਸਾ ਦਾ ਕਿਰਦਾਰ ਨਿਭਾਉਣਾ ਚਾਹੁੰਦਾ ਹਾਂ। ਮੈਂ ਹੀ ਸਹੀ ਚੋਣ ਹਾਂ। ਮੈਂ ਦੇਖਣ ਨੂੰ ਵੀ ਸਹੀ ਲੱਗਦਾ ਹਾਂ। ਤੇ ਮੈਂ ਇਕ ਨਕਲੀਆ ਵੀ ਹਾਂ... ਅਤੇ ਮੈਂ ਇਕ ਨਾਸਤਿਕ ਵੀ ਹਾਂ, ਇਸ ਕਰਕੇ ਮੈਂ ਕਿਰਦਾਰ ਨੂੰ ਨਿਰਪੱਖ ਹੋ ਕੇ ਦੇਖ ਸਕਦਾ ਹਾਂ। ਇੱਦਾਂ ਭਲਾ ਹੋਰ ਕੌਣ ਕਰ ਸਕਦਾ ਹੈ?"

## ਜਾਨ ਗੁਹੈਨੋ (1890-1978)

*(ਫਰਾਂਸੀਸੀ ਨਿਬੰਧਕਾਰ)*

"ਮੈਨੂੰ ਧਾਰਮਿਕ ਲੋਕਾਂ ਅਤੇ ਉਨ੍ਹਾਂ ਦੇ ਇੱਜੜਾਂ ਦੇ ਇਸ ਗੱਲ ਤੋਂ ਵਾਧੂ ਕੋਈ ਹੋਰ ਗੱਲ ਹੈਰਾਨ ਨਹੀਂ ਕਰਦੀ ਕਿ ਉਹ ਸਮਝਦੇ ਹਨ ਕਿ ਸਿਰਫ ਉਹ ਹੀ ਅਸਲੀ ਧਾਰਮਿਕ ਬੰਦੇ ਹਨ।"

## ਮਾਰਜਰੀ ਸਟੋਨਹੈਮ ਡੱਗਲਸ (1890-1998)

*(ਅਮਰੀਕਨ ਵਾਤਾਵਰਨ ਤੇ ਕੁਦਰਤੀ ਹਰਿਆਲੀ ਦੀ ਪ੍ਰਤਿਪਾਲਕ)*

"ਜ਼ਿੰਦਗੀ ਨੂੰ ਏਨਾ ਖੁੱਲ੍ਹ ਕੇ ਤੇ ਏਨੀ ਸ਼ਿੱਦਤ ਨਾਲ ਜੀਣਾ ਚਾਹੀਦਾ ਹੈ ਕਿ ਕਿਸੇ ਹੋਰ ਜੀਵਨ ਬਾਰੇ ਜਾਂ ਲੰਮੇ ਜੀਵਨ ਬਾਰੇ ਸੋਚਣ ਦੀ ਲੋੜ ਹੀ ਨਾ ਰਹੇ।"

## ਪਰਲ ਐਸ ਬੱਕ (1892-1973)

*(ਅਮਰੀਕਨ ਲੇਖਕਾ)*

"ਰੱਬਾਂ ਜਾਂ ਦੇਵਤਿਆਂ 'ਚ ਵਿਸ਼ਵਾਸ ਕਰਨ ਨਾਲ ਹਮੇਸ਼ਾ ਉਲਝਣ ਪੈਦਾ ਹੁੰਦੀ ਹੈ।"

"ਮੈਨੂੰ ਮਨੁੱਖਤਾ ਵਿਚ ਯਕੀਨ ਤੋਂ ਬਿਨਾਂ ਕਿਸੇ ਹੋਰ ਯਕੀਨ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ।"

"ਮੈਂ ਧਰਤੀ ਉੱਪਰਲੀਆਂ ਅਦਭੁੱਤ ਚੀਜ਼ਾਂ ਤੇ ਜੀਵਨ ਵਿਚ ਹੀ ਏਨੀ ਰੁੱਝੀ ਹੋਈ ਹਾਂ ਕਿ ਮੈਂ ਕਿਸੇ ਸਵਰਗ ਜਾਂ ਦੇਵੀ ਦੇਵਤਿਆਂ ਬਾਰੇ ਸੋਚ ਹੀ ਨਹੀਂ ਸਕਦੀ। ਇਸ ਜੀਵਨ ਵਾਸਤੇ ਮੇਰੇ ਕੋਲ ਬਹੁਤ ਕੁਝ ਹੈ।"

## ਜੋਮੋ ਕਨਿਆਟਾ (1892-1978)

*(ਕੀਨੀਆ ਦਾ ਰਾਸ਼ਟਰਪਤੀ। ਉਹਨੂੰ ਕੀਨੀਅਨ ਕੌਮ ਦਾ ਪਿਤਾਮਾ ਮੰਨਿਆਂ ਜਾਂਦਾ ਹੈ।)*

"ਜਦੋਂ ਇਸਾਈ ਮਿਸ਼ਨਰੀ ਆਏ ਤਾਂ ਅਫਰੀਕਨਾਂ ਕੋਲ ਜ਼ਮੀਨ ਸੀ ਤੇ ਮਿਸ਼ਨਰੀਆਂ ਕੋਲ ਬਾਈਬਲ ਸੀ। ਉਨ੍ਹਾਂ ਨੇ ਸਾਨੂੰ ਅੱਖਾਂ ਮੀਟ ਕੇ ਅਰਦਾਸ ਕਰਨੀ ਦੱਸੀ। ਜਦੋਂ ਅਸੀਂ ਅੱਖਾਂ ਖੋਲ੍ਹੀਆਂ ਤਾਂ ਉਨ੍ਹਾਂ ਕੋਲ ਸਾਡੀ ਜ਼ਮੀਨ ਸੀ ਤੇ ਸਾਡੇ ਕੋਲ ਬਾਈਬਲ।"

## ਅਲਡਸ ਹਕਸਲੇ (1894-1963)

*(ਅੰਗ੍ਰੇਜ਼ੀ ਨਾਵਲਕਾਰ, ਨਿਬੰਧਕਾਰ, ਆਲੋਚਕ ਤੇ ਕਵੀ)*

"ਅੱਖੋਂ ਉਹਲੇ ਕਰਨ ਨਾਲ ਤੱਤ ਖਤਮ ਨਹੀਂ ਹੋ ਜਾਂਦੇ।"

"ਸ਼ਾਇਦ ਇਹ ਦੁਨੀਆ ਕਿਸੇ ਹੋਰ ਸਿਤਾਰੇ ਦੇ ਲੋਕਾਂ ਦਾ ਨਰਕ ਹੈ।"

"ਤੁਸੀਂ ਕਦੇ ਵੀ ਜਾਨਵਰਾਂ ਨੂੰ ਜਾਦੂ ਤੇ ਧਰਮ ਦੀਆਂ ਬੇਤੁਕੀਆਂ ਤੇ ਡਰਾਉਣੀਆਂ ਬੇਵਕੂਫੀਆਂ ਕਰਦੇ ਨਹੀਂ ਦੇਖੋਗੇ... ਕੁੱਤੇ ਕਦੇ ਰਸਮੀ ਤਰੀਕੇ ਨਾਲ ਮੂਤਦੇ ਨਹੀਂ ਇਸ ਆਸ ਵਿਚ ਕਿ ਸੁਰਗਾਂ ਤੋਂ ਮੀਂਹ ਵਰੇਗਾ। ਖੋਤੇ ਕਦੇ ਬਿਨ-ਬੱਦਲੇ ਅਸਮਾਨ ਵੱਲ ਦੇਖ ਕੇ ਅਰਦਾਸਾਂ ਨਹੀਂ ਹੀਂਗਦੇ। ਨਾ ਹੀ ਕਦੇ ਬਿੱਲੀਆਂ, ਬਿੱਲੀਆਂ ਦੀਆਂ ਦੇਵੀਆਂ ਤੋਂ ਦਇਆ ਦੀ ਆਸ ਵਿਚ, ਆਪਣਾ ਮੀਟ ਖਾਣਾ ਛੱਡਦੀਆਂ ਹਨ। ਸਿਰਫ ਬੰਦਾ ਹੀ ਇਸ ਕਿਸਮ ਦੇ ਮੂਰਖਾਂ ਵਾਲੇ ਸ਼ੁਕਰਾਨੇ ਕਰਦਾ ਹੈ। ਇਹ ਕੀਮਤ ਉਸ ਨੂੰ ਬੌਧਿਕ ਹੋਣ ਕਰਕੇ, ਪਰ ਅਜੇ ਲੋੜ ਜਿੰਨਾ ਬੌਧਿਕ ਨਾ ਹੋਣ ਦੀ, ਚੁਕਾਉਣੀ ਪੈਂਦੀ ਹੈ।"

## ਜਾਨ ਰੌਸਟੈਂਡ (1894-1977)

*(ਫਰਾਂਸੀਸੀ ਬਾਇਓਲੋਜਿਸਟ ਤੇ ਦਾਰਸ਼ਨਿਕ )*

"ਇਕ ਬੰਦੇ ਨੂੰ ਮਾਰੋ ਤਾਂ ਤੁਸੀਂ ਕਾਤਿਲ ਹੁੰਦੇ ਹੋ। ਲੱਖਾਂ ਬੰਦਿਆਂ ਨੂੰ ਮਾਰੋ ਤਾਂ ਤੁਸੀਂ ਜੇਤੂ ਹੁੰਦੇ ਹੋ। ਸਾਰਿਆਂ ਨੂੰ ਮਾਰੋ ਤਾਂ ਤੁਸੀਂ ਰੱਬ ਹੁੰਦੇ ਹੋ।"

## ਜਸਟਿਨ ਬਰੁੱਕਸ ਐਟਕਿਨਜ਼ (1894-1984)

*(ਅਮਰੀਕਨ ਪੱਤਰਕਾਰ ਤੇ ਡਰਾਮਾ ਆਲੋਚਕ)*

"ਲੋਕ ਉਨ੍ਹਾਂ ਚੀਜ਼ਾਂ ਵਿਚ ਯਕੀਨ ਕਰਕੇ ਆਨੰਦ ਮਹਿਸੂਸ ਕਰਦੇ ਹਨ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਪਤਾ ਹੋਵੇ ਕਿ ਸੱਚ ਨਹੀਂ। ਇਸ ਨਾਲ ਉਹ ਖੁਦ ਸੋਚਣ ਤੋਂ ਅਤੇ ਖੁਦ ਜ਼ਿੰਮੇਵਾਰੀ ਲੈਣ ਤੋਂ ਬਚ ਜਾਂਦੇ ਹਨ।"

"ਸਭ ਤੋਂ ਖਤਰਨਾਕ ਭੁਲੇਖਾ ਕਿਸੇ ਪੱਕ ਚੁੱਕੇ ਨਜ਼ਰੀਏ ਦਾ ਹੁੰਦਾ ਹੈ। ਜੀਵਨ ਤਾਂ ਵਿਕਾਸ ਤੇ ਗਤੀਸ਼ੀਲ ਹੈ ਪੱਕ ਚੁੱਕਾ ਨਜ਼ਰੀਆ ਵਿਅਕਤੀ ਨੂੰ ਖਤਮ ਕਰ ਦਿੰਦਾ ਹੈ।"

## ਹੈਨਰੀ ਮੰਥਰਲੈਂਟ (1895–1977)

*(ਫਰਾਂਸੀਸੀ ਨਾਟਕਕਾਰ)*

"ਧਰਮ ਮਨੁੱਖਤਾ ਨੂੰ ਲੱਗਿਆ ਲਿੰਗ ਰੋਗ (ਵੀ. ਡੀ. ਵਿਨਰੀਅਲ ਡਿਜ਼ੀਜ਼) ਹੈ।"

## ਜੇ ਕ੍ਰਿਸ਼ਨਾਮੂਰਤੀ (1895–1986)

*(ਆਂਧਰਾ ਪ੍ਰਦੇਸ਼, ਭਾਰਤ ਦਾ ਜੰਮਪਲ, ਦਰਸ਼ਨ ਅਤੇ ਰੂਹਾਨੀਅਤ ਦਾ ਮਸ਼ਹੂਰ ਬੁਲਾਰਾ)*

"ਸਦੀਆਂ ਤੋਂ ਸਾਨੂੰ ਸਾਡੇ ਅਧਿਆਪਕਾਂ ਕੋਲੋਂ, ਤਾਕਤਵਰਾਂ ਕੋਲੋਂ, ਸਾਡੀਆਂ ਕਿਤਾਬਾਂ ਕੋਲੋਂ, ਸਾਡੇ ਸੰਤਾਂ ਕੋਲੋਂ ਸਭ ਕੁਝ ਬਣਿਆਂ ਬਣਾਇਆ ਮਿਲਿਆ ਹੈ। ਅਸੀਂ ਕਹਿੰਦੇ ਹਾਂ ਸਾਨੂੰ ਦੱਸੋ... ਅਤੇ ਅਸੀਂ ਉਨ੍ਹਾਂ ਦੀ ਵਿਆਖਿਆ ਨਾਲ ਸੰਤੁਸ਼ਟ ਹਾਂ...। ਅਸੀਂ ਵਰਤੀਆਂ ਹੋਈਆਂ ਚੀਜ਼ਾਂ ਵਾਲੇ ਲੋਕ ਹਾਂ।"

## ਆਂਡਰੇਅ ਬਰੈਟਨ (1896–1966)

*(ਫਰਾਂਸੀਸੀ ਪਰਾਯਥਾਰਥਵਾਦੀ)*

"ਮੈਂ ਹਮੇਸ਼ਾ ਰੱਬ ਨਾਲ ਆਢਾ ਲਿਆ ਹੈ... ਤੇ ਮੈਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਮੈਂ ਪੂਰੀ ਜਿੱਤ ਹਾਸਲ ਕੀਤੀ ਹੈ। ਉਹ ਹਰ ਚੀਜ਼ ਜਿਹੜੀ ਡਗਮਗਾਉਂਦੀ ਹੈ, ਟੀਰ ਮਾਰਦੀ ਹੈ, ਘਿਣਾਉਣੀ ਹੈ, ਪ੍ਰਦੂਸ਼ਤ ਤੇ ਕੁਢੰਗੀ ਹੈ ਉਹ ਸਭ ਕੁਝ ਮੇਰੇ ਲਈ ਇੱਕੋ ਸ਼ਬਦ ਵਿਚ ਸਮੋ ਜਾਂਦੀ ਹੈ: ਰੱਬ।"

## ਛਾਰਲਿੱਟ ਆਬਸਰਬਰ

*(1897 ਦਾ ਇਕ ਅਮਰੀਕਨ ਅਖਬਾਰ)*

"ਵਿੱਦਿਆ ਤੇ ਧਰਮ ਦੋ ਚੀਜ਼ਾਂ ਹਨ ਜਿਹੜੀਆਂ ਪੂਰਤੀ (ਸਪਲਾਈ) ਤੇ ਲੋੜ (ਡੀਮਾਂਡ) ਅਨੁਸਾਰ ਨਹੀਂ ਚਲਦੀਆਂ। ਲੋਕਾਂ ਕੋਲ ਇਹ ਜਿੰਨੀਆਂ ਘੱਟ ਹੋਣਗੀਆਂ ਉਹ ਉਸ ਤੋਂ ਵੀ ਘੱਟ ਚਾਹੁਣਗੇ।"

## ਬਰਤੌਲਤ ਬਰਿਖਤ (1898-1956)

*(ਜਰਮਨ ਨਾਟਕਕਾਰ ਤੇ ਕਵੀ)*

"ਥੁੜਾਂ ਘਾਟਾਂ ਵਾਲੇ ਜੀਵਨ ਤੋਂ ਡਰਨਾ ਚਾਹੀਦਾ ਹੈ, ਮੌਤ ਤੋਂ ਨਹੀਂ।"

"ਵਿਗਿਆਨ ਦਾ ਨਿਸ਼ਾਨਾ ਅਸੀਮ ਸਿਆਣਪ ਦਾ ਦਰਵਾਜ਼ਾ ਖੋਲ੍ਹਣਾ ਨਹੀਂ ਹੈ, ਸਗੋਂ ਅਸੀਮ ਗਲਤੀ ਦੀ ਸੀਮਾ ਤਹਿ ਕਰਨਾ ਹੈ।"

## ਡਾਕਟਰ ਇਬਰਾਹਿਮ ਕਾਵੂਰ (1898-1978)

*(ਕੈਰਲਾ, ਭਾਰਤ ਦਾ ਜੰਮਪਲ ਤਰਕਸ਼ੀਲ ਅਧਿਆਪਕ। ਡਾ: ਕਾਵੂਰ ਵਲੋਂ ਰੱਬ ਤੇ ਧਰਮ ਦੇ ਨਾਂਅ 'ਤੇ ਲੋਕਾਂ ਨੂੰ ਮੂਰਖ ਬਣਾ ਕੇ ਰੋਟੀ ਕਮਾਉਣ ਵਾਲੇ ਲੋਕਾਂ ਨੂੰ ਨੰਗਿਆਂ ਕੀਤਾ ਗਿਆ। ਉਨ੍ਹਾਂ ਵਲੋ ਪਾਖੰਡੀ ਲੋਕਾਂ ਨੂੰ ਦਿੱਤੀ ਵੰਗਾਰ ਨੇ ਭਾਰਤ ਅਤੇ ਸ੍ਰੀ ਲੰਕਾ ਵਿਚ (ਜਿੱਥੇ ਉਹ ਲੰਮਾ ਸਮਾਂ ਪੜ੍ਹਾਉਂਦੇ ਰਹੇ) ਤਰਕਸ਼ੀਲਤਾ ਦੀ ਵੱਡੀ ਲਹਿਰ ਨੂੰ ਜਨਮ ਦਿੱਤਾ। ਉਨ੍ਹਾਂ ਦੀਆਂ ਕਿਤਾਬਾਂ 'ਦੇਵ ਦੈਂਤ ਤੇ ਰੂਹਾਂ?'ਅਤੇ '...ਤੇ ਦੇਵ ਪੁਰਸ਼ ਹਾਰ ਗਏ' ਸਣੇ ਪੰਜਾਬੀ ਦੇ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਈਆਂ ਹਨ )*

"ਉਹ ਮਨੁੱਖ ਜਿਹੜਾ ਆਪਣੇ ਚਮਤਕਾਰਾਂ ਦੀ ਪੜਤਾਲ ਕਰਨ ਦੀ ਆਗਿਆ ਨਹੀਂ ਦਿੰਦਾ, ਧੋਖੇਬਾਜ਼ ਹੁੰਦਾ ਹੈ। ਜਿਸ ਵਿਚ ਚਮਤਕਾਰਾਂ ਦੀ ਪੜਤਾਲ ਕਰਨ ਦਾ ਹੌਂਸਲਾ ਨਹੀਂ ਹੁੰਦਾ, ਉਹ ਲਾਈਲੱਗ ਹੁੰਦਾ ਹੈ। ਜਿਹੜਾ ਬਗੈਰ ਪੜਤਾਲ ਕੀਤੇ ਤੋਂ ਵਿਸ਼ਵਾਸ ਕਰਦਾ ਹੈ, ਉਹ ਮੂਰਖ ਹੁੰਦਾ ਹੈ।"

"ਲਾਈ ਲੱਗ ਲੋਕਾਂ ਨਾਲੋਂ ਲਾਈ ਲੱਗ ਪੱਤਰਕਾਰ ਸਮਾਜ ਲਈ ਵੱਧ ਨੁਕਸਾਨਦਾਇਕ ਹੁੰਦੇ ਹਨ ਕਿਉਂਕਿ ਪੱਤਰਕਾਰ ਆਪਣੀਆਂ ਲਿਖਤਾਂ ਰਾਹੀਂ ਵੱਡੇ ਪੈਮਾਨੇ 'ਤੇ ਦਿਮਾਗੀ ਸੜਾਂਦ ਫੈਲਾ ਸਕਦੇ ਹਨ।"

"ਜਿਹੜਾ ਜੀਵ ਕਿਸੇ ਲਾਇਲਾਜ ਬਿਮਾਰੀ ਕਾਰਨ ਦੁੱਖ ਭੋਗ ਰਿਹਾ ਹੋਵੇ, ਉਸਦੀ ਜ਼ਿੰਦਗੀ ਖਤਮ ਕਰ ਦੇਣਾ ਦਿਆਲਤਾ ਭਰਿਆ ਕੰਮ ਹੈ। ਭਾਵੇਂ ਜਾਨਵਰਾਂ ਦੇ ਸਬੰਧ ਵਿਚ ਅਜਿਹੀ 'ਸੌਖੀ ਮੌਤ' ਦੇਣ ਬਾਰੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੁੰਦਾ ਪਰੰਤੂ ਮਨੁੱਖ ਦੇ ਸਬੰਧ ਵਿਚ ਅਜਿਹਾ ਕਰਨ ਦੀ ਪੂਰੀ ਮਨਾਹੀ ਹੈ। ਇਹ ਸਾਰਾ ਕੁਝ ਯਹੂਦੀਆਂ, ਇਸਾਈਆਂ ਅਤੇ ਮੁਸਲਮਾਨਾਂ ਦੇ ਭਰਮਾਊ ਵਿਸ਼ਵਾਸਾਂ ਦੇ ਸਦਕਾ ਹੀ ਹੈ। ... ਉਨ੍ਹਾਂ ਅਨੁਸਾਰ ਕੇਵਲ ਪ੍ਰਮਾਤਮਾ ਨੂੰ ਹੀ ਮਨੁੱਖ ਦੀ ਜ਼ਿੰਦਗੀ ਖੋਹਣ ਦਾ ਅਧਿਕਾਰ ਹੈ।"

## ਅਰਨਿਸਤ ਹੈਮਿੰਗਵੇ (1899-1961)

*(ਅਮਰੀਕਨ ਨਾਵਲਕਾਰ)*

"ਸੋਚਣ ਵਿਚਾਰਨ ਵਾਲੇ ਸਾਰੇ ਲੋਕ ਨਾਸਤਿਕ ਹੁੰਦੇ ਹਨ।"

"ਮੈਂ ਹਮੇਸ਼ਾ ਹੀ ਪਵਿੱਤਰ, ਮਹਾਨ, ਤੇ ਕੁਰਬਾਨੀ ਵਰਗੇ ਸ਼ਬਦਾਂ ਤੋਂ ਜਿੱਚ ਹੁੰਦਾ ਰਿਹਾ ਹਾਂ... ਮੈਂ ਕਦੇ ਕੁਝ ਪਵਿੱਤਰ ਨਹੀਂ ਦੇਖਿਆ, ਤੇ ਜਿਹੜੀਆਂ ਚੀਜ਼ਾਂ ਮਹਾਨ ਸਨ ਉਨ੍ਹਾਂ ਵਿਚ ਕੋਈ ਮਹਾਨਤਾ ਨਹੀਂ ਸੀ ... ਬਹੁਤ ਸਾਰੇ ਸ਼ਬਦ ਸਨ ਜਿਨ੍ਹਾਂ ਨੂੰ ਸੁਣਨਾ ਸੁਖਾਲਾ ਨਹੀਂ ਸੀ ਅਤੇ ਅਖੀਰ 'ਚ ਸਿਰਫ ਥਾਵਾਂ ਦੇ ਨਾਂ ਹੀ ਮਾਣ ਵਾਲੇ ਬਚੇ।"

## ਵਲਾਦੀਮੀਰ ਨੈਬੋਕੋਵ (1899-1977)

*(ਰੂਸ ਦਾ ਜੰਮਪਲ਼ ਅਮਰੀਕਨ ਨਾਵਲਕਾਰ)*

"ਆਜ਼ਾਦ ਬੰਦੇ ਨੂੰ ਰੱਬ ਦੀ ਲੋੜ ਨਹੀਂ ਹੁੰਦੀ।"

## ਜੈਕ ਪਰਿਚਿਡ (1899-1992)

*(ਬਰਤਾਨੀਆ ਦਾ ਫਰਨੀਚਰ ਡੀਜ਼ਾਈਨਰ)*

"ਧਰਮ ਵਾਇਰਸ ਦੀ ਤਰ੍ਹਾਂ ਹੈ ਜੋ ਆਪਣੇ ਮੀਜ਼ਬਾਨ 'ਤੇ ਇਸ ਤਰੀਕੇ ਨਾਲ ਅਸਰ ਕਰਦਾ ਹੈ ਕਿ ਅੱਗੇ ਤੋਂ ਅੱਗੇ ਵਧਦਾ ਹੀ ਜਾਂਦਾ ਹੈ।"

## ਐਰਿਕ ਫਰੱਮ (1900-1980)

*(ਅਮਰੀਕਨ ਮਨੋਵਿਗਿਆਨਕ)*

"ਜਦੋਂ ਕੋਈ ਸਿਧਾਂਤ, ਕਿੰਨਾ ਵੀ ਤਰਕਹੀਣ ਹੋਵੇ, ਕਿਸੇ ਸਮਾਜ ਵਿਚ ਤਾਕਤ ਫੜ੍ਹ ਲੈਂਦਾ ਹੈ ਤਾਂ ਕ੍ਰੋੜਾਂ ਲੋਕ ਉਹਨੂੰ ਮੰਨਣ 'ਚ ਹੀ ਭਲਾਈ ਸਮਝਣਗੇ ਤਾਂ ਕਿ ਉਹ ਸਮਾਜ 'ਚੋਂ ਛੇਕੇ ਹੋਏ ਜਾਂ ਕੱਢੇ ਹੋਏ ਮਹਿਸੂਸ ਨਾ ਕਰਨ।"

"ਧਰਮ-ਸ਼ਾਸਤਰੀ ਤੇ ਦਾਰਸ਼ਨਿਕ ਲੋਕ ਤਾਂ ਸਦੀ ਤੋਂ ਇਹ ਕਹਿ ਰਹੇ ਹਨ ਕਿ ਰੱਬ ਮਰ ਚੁੱਕਾ ਹੈ, ਪਰ ਜਿਹੜੀ ਸੰਭਾਵਨਾ ਸਾਨੂੰ ਸਾਹਮਣੇ ਦਿਸਦੀ ਹੈ ਉਹ ਹੈ ਕਿ ਸ਼ਾਇਦ ਬੰਦਾ ਮਰ ਗਿਆ ਹੈ, ਉਹ ਇਕ ਚੀਜ਼ ਵਿਚ ਬਦਲ ਗਿਆ ਹੈ, ਉਹ ਉਤਪਾਦਕ ਹੈ, ਖਪਤੀ ਹੈ, ਤੇ ਸ਼ਰਧਾਲੂ ਹੈ।"

## ਸਟੀਫਨ ਹੈਨਰੀ ਰੌਬਰਟਸ (1901-1971)

*(ਅਸਟ੍ਰੇਲੀਆ ਦਾ ਇਤਿਹਾਸਕਾਰ ਤੇ ਲੇਖਕ)*

"ਮੈਂ ਤੁਹਾਨੂੰ ਕਹਿੰਦਾ ਹਾਂ ਕਿ ਆਪਾਂ ਦੋਵੇਂ ਹੀ ਨਾਸਤਿਕ ਹਾਂ। ਮੈਂ ਤੁਹਾਡੇ ਨਾਲੋਂ ਸਿਰਫ ਇਕ ਘੱਟ ਰੱਬ 'ਚ ਯਕੀਨ ਕਰਦਾ ਹਾਂ। ਜਦੋਂ ਤੁਹਾਨੂੰ ਇਹ ਗੱਲ ਸਮਝ ਆ ਗਈ ਕਿ ਤੁਸੀਂ ਬਾਕੀ ਦੇ ਸਾਰੇ ਰੱਬ ਕਿਉਂ ਰੱਦ ਕਰ ਦਿੱਤੇ ਤਾਂ ਤੁਹਾਨੂੰ ਇਸ ਗੱਲ ਦੀ ਸਮਝ ਲੱਗ ਜਾਏਗੀ ਕਿ ਮੈਂ ਤੁਹਾਡੇ ਵਾਲੇ ਰੱਬ ਨੂੰ ਕਿਉਂ ਰੱਦ ਕੀਤਾ ਹੈ।"

## ਗੋਰਾ, ਗੋਪਾਰਾਜੂ ਰਾਮਚੰਦਰ ਰਾਓ (1902-1975)

*(ਭਾਰਤੀ ਨਾਸਤਿਕ, ਜਿਹਨੇ ਦੁਨੀਆ ਭਰ ਵਿਚ ਮਸ਼ਹੂਰ ਵਿਜੇਵਾੜਾ (ਆਂਧਰਾ ਪ੍ਰਦੇਸ਼) ਦਾ ਨਾਸਤਿਕ ਕੇਂਦਰ ਸਥਾਪਤ ਕੀਤਾ)*

"ਕਿਉਂਕਿ ਸਦਾਚਾਰ ਸਮਾਜਕ ਜ਼ਰੂਰਤ ਹੈ ਇਸ ਲਈ ਜਦੋਂ ਰੱਬ ਵਿਚੋਂ ਯਕੀਨ ਖਤਮ ਹੋ ਜਾਵੇ ਤਾਂ ਬੰਦੇ ਦਾ ਧਿਆਨ ਰੱਬ ਵਲੋਂ ਹਟ ਕੇ ਬੰਦੇ ਵਲ ਹੋ ਜਾਂਦਾ ਹੈ ਅਤੇ ਉਹ ਸਮਾਜਕ ਤੌਰ 'ਤੇ ਚੇਤੰਨ ਹੋ ਜਾਂਦਾ ਹੈ। ਧਾਰਮਿਕ ਯਕੀਨ ਨੇ ਬੰਦੇ ਦੇ ਯਥਾਰਥ ਵਿਕਾਸ ਨੂੰ ਰੋਕਿਆ ਹੋਇਆ ਸੀ। ਨਾਸਤਿਕਤਾ ਇਕ ਦਮ ਬੰਦੇ ਨੂੰ ਯਥਾਰਥਵਾਦੀ ਬਣਾ ਦਿੰਦੀ ਹੈ ਅਤੇ ਉਹਨੂੰ ਸਦਾਚਾਰ ਦੀਆਂ ਲੋੜਾਂ ਦਾ ਅਹਿਸਾਸ ਹੁੰਦਾ ਹੈ।"

## ਕਾਰਲ ਪੌਪਰ (1902-1994)

*(ਜਰਮਨ ਤੇ ਅੰਗ੍ਰੇਜ਼ੀ ਦਾਰਸ਼ਨਿਕ)*

"ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਚੇਤਾ ਹੈ ਕਿ ਪਿਆਰ ਅਤੇ ਸਾਊਪੁਣੇ ਦੇ ਧਰਮ ਲਈ ਕਿੰਨੀਆਂ ਧਾਰਮਿਕ ਜੰਗਾਂ ਲੜੀਆਂ ਗਈਆਂ ਹਨ; ਕਿੰਨੇ ਜਿਸਮਾਂ ਨੂੰ ਜੀਊਂਦਿਆਂ ਜਲਾਇਆ ਗਿਆ ਹੈ ਇਸ ਇਮਾਨਦਾਰ ਇਰਾਦੇ ਨਾਲ ਕਿ ਉਨ੍ਹਾਂ ਦੀ ਰੂਹ ਨੂੰ ਸਦਾ ਦੇ ਨਰਕੀ ਜੀਵਨ ਤੋਂ ਬਚਾਇਆ ਜਾ ਸਕੇ।"

## ਰਿਚਰਡ ਰੌਬਿਨਸਨ (1902-1996)

*(ਆਕਸਫੋਰਡ ਤੇ ਕਾਰਨਲ ਯੂਨੀਵਰਸਿਟੀਆਂ ਦਾ ਪ੍ਰੋਫੈਸਰ)*

"ਵਿਸ਼ਵਾਸ ਨੂੰ ਖਤਮ ਕਰਨਾ ਕਿਸੇ ਤਰ੍ਹਾਂ ਵੀ ਕੋਈ ਬੁਰਾ ਕੰਮ ਨਹੀਂ ਹੈ, ਇਹ ਕਰਨਾ ਤਾਂ ਫਰਜ਼ ਹੈ। ਅਸੀਂ ਜੋ ਵੀ ਕਰ ਸਕਦੇ ਹੋਈਏ ਸਾਨੂੰ ਕਰਨਾ ਚਾਹੀਦਾ ਹੈ ਤਾਂਕਿ ਬਿਨਾਂ ਕਿਸੇ ਸਬੂਤ ਦੇ ਵਿਸ਼ਵਾਸ ਕਰਨ ਦੀ ਖੋਟੀ ਆਦਤ ਨੂੰ ਖਤਮ ਕੀਤਾ ਜਾ ਸਕੇ।"

## ਜੌਰਜ ਓਰਵੈਲ (1903-1950)

*(ਭਾਰਤ ਦਾ ਜੰਮਪਲ਼ ਅੰਗ੍ਰੇਜ਼ੀ ਨਾਵਲਕਾਰ)*

"ਰੱਬ ਤੇ ਬੰਦੇ ਵਿੱਚੋਂ ਇਕ ਨੂੰ ਚੁਣਨਾ ਜ਼ਰੂਰੀ ਹੈ, ਅਤੇ ਸਾਰੇ 'ਗਰਮਦਲੀਏ', 'ਅਗਾਂਹਵਧੂ' ਨਰਮ ਲਿਬਰਲ ਖਿਆਲਾਂ ਵਾਲਿਆਂ ਤੋਂ ਲੈ ਕੇ ਅਤਿ ਦੇ ਅਰਾਜਕਤਾਵਾਦੀਆਂ ਤੱਕ ਨੇ ਅਸਲ ਵਿਚ ਬੰਦੇ ਨੂੰ ਚੁਣਿਆ ਹੈ।"

"ਸਾਰੇ ਸੰਤਾਂ (ਸੇਂਟਜ਼) ਨੂੰ ਹਮੇਸ਼ਾ ਕਸੂਰਵਾਰ ਮੰਨਿਆ ਜਾਣਾ ਚਾਹੀਦਾ ਹੈ ਜਿੰਨਾ ਚਿਰ ਇਹ ਸਾਬਤ ਨਾ ਹੋਵੇ ਕਿ ਉਹ ਕਸੂਰਵਾਰ ਨਹੀਂ।"

"ਜੇ ਆਜ਼ਾਦੀ ਦਾ ਕੋਈ ਵੀ ਅਰਥ ਹੈ, ਇਸ ਦਾ ਅਰਥ ਹੈ ਲੋਕਾਂ ਨੂੰ ਉਹ ਕੁਝ ਕਹਿ ਸਕਣਾ ਜਿਹੜਾ ਉਹ ਸੁਣਨਾ ਨਾ ਚਾਹੁੰਦੇ ਹੋਣ।"

## ਜੋਸਿਫ ਕੈਂਪਬਲ (1904-1987)

*(ਅਮਰੀਕਨ ਮਾਨਵ ਵਿਗਿਆਨੀ)*

"ਪਾਦਰੀ ਕਿਹਾ ਕਰਦੇ ਸਨ ਕਿ ਵਿਸ਼ਵਾਸ ਪਹਾੜ ਹਿਲਾ ਸਕਦਾ ਹੈ ਤਾਂ ਉਨ੍ਹਾਂ ਦਾ ਕੋਈ ਯਕੀਨ ਨਹੀਂ ਸੀ ਕਰਦਾ। ਅੱਜ ਜਦੋਂ ਵਿਗਿਆਨੀ ਕਹਿੰਦੇ ਹਨ ਕਿ ਉਹ ਪਹਾੜ ਨੂੰ ਪੱਧਰਾ ਕਰ ਸਕਦੇ ਹਨ ਤਾਂ ਕੋਈ ਉਨ੍ਹਾਂ 'ਤੇ ਸ਼ੱਕ ਨਹੀਂ ਕਰਦਾ।"

## ਅਰਨਸਟ ਮਾਇਅਰ (1904-2005)

*(ਹਾਰਵਰਡ ਦਾ ਵਿਗਿਆਨੀ ਅਧਿਆਪਕ)*

"ਆਧੁਨਿਕ ਲੇਖਕ ਵਾਸਤੇ ਵਿਕਾਸ ਦਾ ਸਿਧਾਂਤ (ਐਵੋਲਿਉਸ਼ਨ) ਹੁਣ ਸਿਰਫ ਇਕ ਥਿਊਰੀ ਨਹੀਂ; ਇਹ ਉਸੇ ਕਿਸਮ ਦੀ ਸਚਾਈ ਹੈ ਜਿਸ ਤਰ੍ਹਾਂ ਧਰਤੀ ਸੂਰਜ ਦੁਆਲੇ ਘੁੰਮਦੀ ਹੈ।"

## ਪ੍ਰੋ: ਮੋਹਨ ਸਿੰਘ (1905-1978)

*(ਪੰਜਾਬੀ ਕਵੀ)*

"ਰੱਬ ਇਕ ਗੁੰਝਲਦਾਰ ਬੁਝਾਰਤ / ਰੱਬ ਇਕ ਗੋਰਖ ਧੰਦਾ

ਖੋਲ੍ਹਣ ਲੱਗਿਆਂ ਪੇਚ ਏਸ ਦੇ / ਕਾਫਰ ਹੋ ਜਾਏ ਬੰਦਾ

ਕਾਫਰ ਹੋਣੋ ਡਰ ਕੇ ਜੀਵੇਂ / ਖੋਜੋਂ ਮੂਲ ਨਾ ਖੁੰਝੀਂ

ਲਾਈ ਲੱਗ ਮੋਮਨ ਦੇ ਨਾਲੋਂ / ਖੋਜੀ ਕਾਫਰ ਚੰਗਾ

## ਇਲਕਾ ਚੇਜ਼ (1905-1978)

*(ਅਮਰੀਕਨ ਅਦਾਕਾਰਾ ਅਤੇ ਲੇਖਿਕਾ)*

“ਆਮ ਤੌਰ ’ਤੇ ਬੰਦੇ ਜਦੋਂ ਆਪਣੀ ਧਾਰਮਿਕਤਾ ਦੇ ਸਿਖਰ ’ਤੇ ਹੋਣ ਉਦੋਂ ਉਹ ਬਹੁਤ ਘੱਟ ਅਕਲ ਨਾਲ ਅਤੇ ਵੱਧ ਤੋਂ ਵੱਧ ਜ਼ਾਲਮਾਨਾ ਤਰੀਕੇ ਨਾਲ ਵਰਤਾ ਕਰਦੇ ਹਨ।” ❦

## ਆਇਨ ਰੈਂਡ (1905-1982)

*(ਅਮਰੀਕਨ ਨਾਵਲਕਾਰਾ ਤੇ ਦਾਰਸ਼ਨਿਕ)*

“ਆਂਡਰੇ, ਕੀ ਤੂੰ ਰੱਬ ਵਿਚ ਯਕੀਨ ਰੱਖਦਾ ਏਂ?

ਨਹੀਂ।

ਮੈਂ ਵੀ ਨਹੀਂ। ਪਰ ਇਹ ਮੇਰਾ ਮਨਭਾਉਂਦਾ ਸਵਾਲ ਹੈ। ਤੈਨੂੰ ਪਤਾ, ਇਹ ਉਲਟਾ ਸਵਾਲ ਹੈ।

ਕੀ ਮਤਲਬ?

ਜੇ ਮੈਂ ਲੋਕਾਂ ਨੂੰ ਇਹ ਪੁੱਛਾਂ ਕਿ ਕੀ ਉਹ ਜੀਵਨ ਵਿਚ ਯਕੀਨ ਰੱਖਦੇ ਹਨ ਤਾਂ ਉਨ੍ਹਾਂ ਨੂੰ ਕਦੀ ਸਮਝ ਨਾ ਆਵੇ ਮੇਰਾ ਕੀ ਮਤਲਬ ਹੈ। ਇਹ ਬਹੁਤ ਬੁਰਾ ਸਵਾਲ ਹੈ। ਇਸ ਦੇ ਬਹੁਤ ਸਾਰੇ ਅਰਥ ਹੋ ਸਕਦੇ ਹਨ, ਏਨੇ ਕਿ ਕੋਈ ਅਰਥ ਹੀ ਨਾ ਰਹੇ। ਇਸ ਲਈ ਮੈਂ ਉਨ੍ਹਾਂ ਨੂੰ ਪੁੱਛਦੀ ਹਾਂ ਕਿ ਕੀ ਉਹ ਰੱਬ ਵਿਚ ਯਕੀਨ ਰੱਖਦੇ ਹਨ। ਜੇ ਉਹ ਕਹਿਣ ਕਿ ਉਹ ਰੱਖਦੇ ਹਨ - ਤਾਂ ਫੇਰ ਮੈਨੂੰ ਪਤਾ ਲੱਗ ਜਾਂਦਾ ਹੈ ਕਿ ਉਹ ਜੀਵਨ ਵਿਚ ਯਕੀਨ ਨਹੀਂ ਰੱਖਦੇ।

ਕਿਉਂ?

ਗੱਲ ਇੱਦਾਂ ਆ ਕਿ ਰੱਬ - ਜਿਹੜੀ ਵੀ ਚੀਜ਼ ਨੂੰ ਕੋਈ ਰੱਬ ਕਹਿਣਾ ਚਾਹੇ - ਜਿਹੜਾ ਕਿ ਸਭ ਤੋਂ ਉੱਚਾ ਸੰਕਲਪ ਹੈ। ਤੇ ਜਿਹੜਾ ਵੀ ਕੋਈ ਆਪਣੀਆਂ ਸੰਭਾਵਨਾਵਾਂ ਤੋਂ ਉੱਤੇ ਉੱਠ ਕੇ ਰੱਬ ਬਾਰੇ ਸੋਚਦਾ ਹੈ ਉਹ ਆਪਣੇ ਬਾਰੇ ਤੇ ਆਪਣੇ ਜੀਵਨ ਬਾਰੇ ਬਹੁਤ ਘੱਟ ਸੋਚਦਾ ਹੈ। ਇਹ ਗੱਲ ਕੋਈ ਕੋਈ ਹੀ ਕਰਦਾ ਹੈ ਕਿ ਉਹ ਹੁਣ ਏਥੇ ਧਰਤੀ ’ਤੇ ਆਪਣੇ ਜੀਵਨ ਬਾਰੇ ਸਤਿਕਾਰ ਨਾਲ ਤੇ ਜੀਵਨ ਨੂੰ ਵਧੀਆ ਬਣਾਉਣ ਦੀ ਆਸ ਵਿਚ ਵੱਧ ਤੋਂ ਵੱਧ ਉੱਚਾ ਸੋਚੇ।” ❦

“ਗਿਆਨ ਤੱਕ ਛੋਟੇ ਰਾਹ ਤੇਜ਼ੀ ਨਾਲ (ਸ਼ਾਰਟ-ਕੱਟ) ਪਹੁੰਚਣ ਦਾ ਤਥਾ-ਕਥਿੱਤ ਤਰੀਕਾ ਵਿਸ਼ਵਾਸ ਹੈ, ਜਿਹੜਾ ਕਿ ਅਸਲ ਵਿਚ ਦਿਮਾਗ ਨੂੰ ਤਬਾਹ ਕਰਨ ਦਾ ਰਾਹ ਹੈ ਜਾਣੀ ਕਿ ਸ਼ਾਰਟ ਸਰਕਿਟ ਹੈ।” ❦

"ਆਪਣੇ ਆਪ ਨੂੰ ਸਵਾਲ ਕਰੋ ਕਿ ਕੀ ਸਵਰਗ ਅਤੇ ਮਹਾਨਤਾ ਦਾ ਤੁਹਾਡਾ ਸੁਪਨਾ ਤੁਹਾਨੂੰ ਕਬਰ ਵਿਚ ਪਿਆਂ ਨੂੰ ਉਡੀਕਦਾ ਹੋਣਾ ਚਾਹੀਦਾ ਹੈ ਜਾਂ ਇਹ ਏਥੇ ਹੁਣ ਇਸ ਧਰਤੀ 'ਤੇ ਸਾਡਾ ਹੋਣਾ ਚਾਹੀਦਾ ਹੈ।"

## ਐਸ਼ਲੀ ਮੌਨਟੈਗੂ (1905-1999)

*(ਬਰਤਾਨਵੀ ਮਾਨਵਵਿਗਿਆਨੀ)*

"ਵਿਗਿਆਨ ਕੋਲ ਸਬੂਤ ਹੈ ਵਿਸ਼ਵਾਸ ਨਹੀਂ। ਪ੍ਰਮਾਮਤਾ ਦੀ ਸਿਰਜਣਾ 'ਚ ਯਕੀਨ ਰੱਖਣ ਵਾਲਿਆਂ (ਕ੍ਰੀਏਸ਼ਨਿਸਟ) ਕੋਲ ਸਬੂਤ ਨਹੀਂ ਸਿਰਫ ਵਿਸ਼ਵਾਸ ਹੈ।"

## ਐਲਫਰਿੱਡ ਵਿਟਨੀ ਗਰਿੱਸਵੌਲਡ (1906-1963)

*(ਅਮਰੀਕਨ ਇਤਿਹਾਸਕਾਰ ਤੇ ਸਿੱਖਿਅਕ)*

"ਕਿਤਾਬਾਂ ਬੈਨ ਕੀਤੀਆਂ ਨਹੀਂ ਰਹਿਣਗੀਆਂ। ਉਹ ਸੜਨਗੀਆਂ ਵੀ ਨਹੀਂ। ਸੋਚ ਜੇਲ੍ਹੀਂ ਬੰਦ ਨਹੀਂ ਹੋਵੇਗੀ।"

## ਸੈਮੁਅਲ ਬੈਕਿਟ (1906-1989)

*(ਅਮਰੀਕਨ ਇਤਿਹਾਸਕਾਰ ਤੇ ਸਿੱਖਿਅਕ)*

"ਹਰਾਮੀ! ਹੈ ਈ ਨਹੀਂ।"

## ਹੈਨੀ ਯੰਗਮੈਨ (1906-1998)

*(ਬਰਤਾਨੀਆ ਦਾ ਜੰਮਪਲ਼ ਕਮੇਡੀਅਨ ਅਤੇ ਵਾਇਲਿਨ-ਵਾਦਕ)*

"ਮੈਂ ਨਾਸਤਿਕ ਬਣਨਾ ਚਾਹੁੰਦਾ ਸੀ ਪਰ ਫੇਰ ਖਿਆਲ ਛੱਡ ਦਿੱਤਾ। ਉਨ੍ਹਾਂ ਦੇ ਤਾਂ ਕੋਈ ਛੁੱਟੀ ਹੀ ਨਹੀਂ ਹੁੰਦੀ।"

## ਭਗਤ ਸਿੰਘ (1907-1931)

*(ਭਾਰਤੀ ਇਨਕਲਾਬੀ ਤੇ ਚਿੰਤਕ - ਜਿਹਨੂੰ ਬਰਤਾਨਵੀ ਸਾਮਰਾਜ ਨੇ 23 ਸਾਲ ਦੀ ਉਮਰ ਵਿਚ ਫਾਂਸੀ ਦੇ ਦਿੱਤਾ ਸੀ) ਭਗਤ ਸਿੰਘ ਦੇ ਮਸ਼ਹੂਰ ਲੇਖ ਮੈਂ ਨਾਸਤਿਕ ਕਿਉਂ ਹਾਂ? ਵਿੱਚੋਂ:*

"ਕੁਝ ਪੁਲਿਸ ਅਫਸਰ ਦੋਵੇਂ ਵੇਲੇ ਰੱਬ ਦਾ ਨਾਂ ਲੈਣ ਲਈ ਮੈਨੂੰ ਪ੍ਰੇਰਨ ਲੱਗ ਪਏ। ਮੈਂ ਤਾਂ ਨਾਸਤਿਕ ਸਾਂ। ਮੈਂ ਆਪਣੇ ਨਾਲ ਫੈਸਲਾ ਕਰਨਾ ਚਾਹੁੰਦਾ ਸਾਂ ਕਿ ਕੀ ਮੈਂ ਸਿਰਫ ਅਮਨ ਚੈਨ ਤੇ ਖੁਸ਼ੀ ਦੇ ਦਿਨਾਂ ਵਿਚ ਹੀ ਨਾਸਤਿਕ ਹੋਣ ਦੀ ਫੜ੍ਹ ਮਾਰ ਸਕਦਾ ਹਾਂ ਜਾਂ ਇਹੋ ਜਿਹੀ ਔਖੀ ਘੜੀ ਵਿਚ ਵੀ ਆਪਣੇ ਅਸੂਲਾਂ ਉੱਤੇ ਸਾਬਤ ਕਦਮ ਰਹਿ ਸਕਦਾ ਹਾਂ। ਬੜੀ ਸੋਚ-ਵਿਚਾਰ ਮਗਰੋਂ ਫੈਸਲਾ ਕੀਤਾ ਕਿ ਮੈਂ ਰੱਬ ਵਿਚ ਯਕੀਨ ਨਹੀਂ ਕਰ ਸਕਦਾ ਅਤੇ ਨਾ ਹੀ ਅਰਦਾਸ ਕਰ ਸਕਦਾ ਹਾਂ। ਮੈਂ ਕਦੇ ਵੀ ਅਰਦਾਸ ਨਾ ਕੀਤੀ।

"ਮੈਨੂੰ ਪਤਾ ਹੈ ਕਿ ਜੇ ਮੈਂ ਆਸਤਿਕ ਹੁੰਦਾ ਤਾਂ ਹੁਣ ਦੀਆਂ ਹਾਲਤਾਂ ਵਿਚ ਮੇਰੀ ਜ਼ਿੰਦਗੀ ਹੁਣ ਨਾਲੋਂ ਆਸਾਨ ਹੋਣੀ ਸੀ ਅਤੇ ਮੇਰਾ ਬੋਝ ਘੱਟ ਹੋਣਾ ਸੀ ਅਤੇ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਕਰਕੇ ਹਾਲਾਤ ਬਹੁਤ ਹੀ ਅਣਸੁਖਾਵੇਂ ਹੋ ਗਏ ਹਨ ਤੇ ਇਸ ਤੋਂ ਵੀ ਭੈੜੇ ਹੋ ਸਕਦੇ ਹਨ। ਥੋੜ੍ਹਾ ਜਿੰਨਾ ਰਹੱਸਵਾਦ ਇਸ ਹਾਲਤ ਨੂੰ ਸ਼ਾਇਰਾਨਾ ਬਣਾ ਸਕਦਾ ਹੈ। ਪਰ ਮੈਨੂੰ ਆਪਣੇ ਅੰਤ ਵਾਸਤੇ ਕਿਸੇ ਨਸ਼ੇ ਦੀ ਮਦਦ ਦੀ ਲੋੜ ਨਹੀਂ ਹੈ। ਮੈਂ ਯਥਾਰਥਵਾਦੀ ਹਾਂ।

"ਸਮਾਜ ਨੇ ਜਿਵੇਂ ਬੁੱਤਪੂਜਾ ਤੇ ਧਰਮ ਦੇ ਤੰਗਨਜ਼ਰ ਸੰਕਲਪ ਵਿਰੁੱਧ ਲੜਾਈ ਲੜੀ ਸੀ ਉਸੇ ਤਰ੍ਹਾਂ ਸਮਾਜ ਨੂੰ ਰੱਬ ਦੇ ਵਿਸ਼ਵਾਸ ਵਿਰੁੱਧ ਲੜਨਾ ਪੈਣਾ ਹੈ। ਇਸੇ ਤਰ੍ਹਾਂ ਜਦ ਬੰਦਾ ਆਪਣੇ ਪੈਰੀਂ ਹੋਣ ਦੀ ਕੋਸ਼ਸ਼ ਕਰਨ ਲੱਗਾ ਤੇ ਯਥਾਰਥਵਾਦੀ ਹੋਣ ਲੱਗਾ ਤਾਂ ਉਹਨੂੰ ਰੱਬ ਦਾ ਵਿਸ਼ਵਾਸ ਲਾਂਭੇ ਸੁੱਟਣਾ ਪਵੇਗਾ ਅਤੇ ਹਰ ਮੁਸ਼ਕਲ, ਹਰ ਆਫਤ ਤੇ ਹਰ ਤਰ੍ਹਾਂ ਦੀ ਹਾਲਤ ਦਾ ਡਟ ਕੇ ਮੁਕਾਬਲਾ ਕਰਨਾ ਪਏਗਾ। ਇਸ ਵੇਲੇ ਮੇਰੀ ਹਾਲਤ ਬਿਲਕੁਲ ਇਹੀ ਹੈ। ਮੇਰੇ ਦੋਸਤੋ, ਮੇਰਾ ਇਹ ਕੋਈ ਅਹੰਕਾਰ ਨਹੀਂ ਹੈ। ਮੈਂ ਆਪਣੀ ਸੋਚ ਵਿਧੀ ਨਾਲ ਹੀ ਨਾਸਤਿਕ ਬਣਿਆਂ ਹਾਂ। ਮੇਰਾ ਖਿਆਲ ਨਹੀਂ ਕਿ ਰੱਬ ਵਿਚ ਵਿਸ਼ਵਾਸ ਕਰਨ ਨਾਲ ਤੇ ਹਰ ਰੋਜ਼ ਅਰਦਾਸ ਕਰਨ ਨਾਲ (ਜਿਹੜਾ ਕਿ ਮੈਂ ਮਨੁੱਖ ਦਾ ਸਭ ਤੋਂ ਵੱਧ ਖੁਦਗਰਜ਼ੀ ਵਾਲਾ ਤੇ ਘਟੀਆ ਕੰਮ ਸਮਝਦਾ ਹਾਂ) ਮੇਰਾ ਕੁਝ ਸੌਰ ਸਕਦਾ ਹੈ ਜਾਂ ਇਹਦੇ ਨਾਲ ਮੇਰੀ ਹਾਲਤ ਹੋਰ ਵੀ ਭੈੜੀ ਹੋ ਜਾਵੇਗੀ। ਮੈਂ ਉਨ੍ਹਾਂ ਨਾਸਤਿਕਾਂ ਬਾਰੇ ਪੜ੍ਹਿਆ ਹੈ, ਜਿਨ੍ਹਾਂ ਨੇ ਬਹੁਤ ਡਟ ਕੇ ਸਾਰੀਆਂ ਮੁਸ਼ਕਲਾਂ ਦਾ ਮੁਕਾਬਲਾ ਕੀਤਾ ਸੀ। ਇਸੇ ਲਈ ਮੈਂ ਅਖੀਰ ਤਕ, ਫਾਂਸੀ ਦੇ ਤਖਤੇ 'ਤੇ ਵੀ ਮਰਦ ਵਾਂਗ ਸਿਰ ਤਾਣ ਕੇ ਸਾਬਤ ਕਦਮ ਰਹਿਣ ਦੀ ਕੋਸ਼ਸ਼ ਕਰ ਰਿਹਾ ਹਾਂ।"

## ਡਬਲਿਊ ਐਚ ਆਡਨ (1907-1973)

*(ਐਂਗਲੋ ਅਮਰੀਕਨ ਕਵੀ)*

"ਪਰੋਟੈਸਟੈਂਟ ਤੇ ਕੈਥੋਲਿਕਾਂ ਵਲੋਂ ਸਾਰੀ ਦੁਨੀਆ 'ਤੇ ਕਬਜ਼ਾ ਕਰਨ ਦੇ ਇਰਾਦੇ ਨੂੰ ਛੱਡਣ ਦਾ ਇੱਕੋ ਇੱਕ ਕਾਰਨ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਹੁਣ ਉਹ ਅਜਿਹਾ ਕਰਕੇ ਬਚ ਨਹੀਂ ਸਕਣਗੇ।"

## ਰੌਬਰਟ ਏ ਹੇਨਲੀਨ (1907-1988)

*(ਅਮਰੀਕਨ ਵਿਗਿਆਨ ਗਲਪ (ਸਾਇੰਸ ਫਿਕਸ਼ਨ) ਲੇਖਕ)*

"ਬੰਦੇ ਕਦੇ ਹੀ (ਜੇ ਕਦੇ ਕਰਨ ਵੀ ਤਾਂ) ਆਪਣੇ ਨਾਲੋਂ ਬੇਹਤਰ ਰੱਬ ਦਾ ਸੁਪਨਾ ਲੈਣ ਵਿਚ ਕਾਮਯਾਬ ਹੁੰਦੇ ਹਨ। ਬਹੁਤੇ ਰੱਬਾਂ ਦੇ ਤੌਰ ਤਰੀਕੇ ਬਿਗੜੇ ਹੋਏ ਬੱਚਿਆਂ ਵਰਗੇ ਹੁੰਦੇ ਹਨ।"

"ਇਕ ਬੰਦੇ ਦਾ ਧਰਮ ਦੂਜੇ ਲਈ ਹਾਸੇ ਦੀ ਸ਼ੈਅ ਹੈ।"

"ਧਰਮ ਉਨ੍ਹਾਂ ਲੋਕਾਂ ਲਈ ਫੌੜੀਆਂ ਦਾ ਕੰਮ ਦਿੰਦਾ ਹੈ ਜੋ ਅਣਜਾਣੇ ਸਾਹਮਣੇ ਮਦਦ ਬਿਨਾਂ ਖੜ੍ਹਨ ਜੋਗੀ ਤਾਕਤ ਨਹੀਂ ਰੱਖਦੇ। ਪਰ ਜਿੱਦਾਂ ਬਹੁਤੇ ਲੋਕਾਂ ਦੇ ਸਿਰ 'ਚ ਕਰ ਪਈ ਹੁੰਦੀ ਹੈ ਉਦਾਂ ਹੀ ਉਨ੍ਹਾਂ ਦਾ ਧਰਮ ਵੀ ਜ਼ਰੂਰ ਹੁੰਦਾ ਹੈ। ਆਪਣੇ ਧਰਮ ਲਈ ਉਹ ਪੈਸਾ ਤੇ ਸਮਾਂ ਖਰਚ ਕਰਦੇ ਹਨ ਅਤੇ ਲਗਦਾ ਹੈ ਕਿ ਉਹ ਇਹਦੇ ਨਾਲ ਖੇਡ ਕੇ ਬੜਾ ਆਨੰਦ ਲੈਂਦੇ ਹਨ।"

"ਕਿਸੇ ਵੀ ਪਾਦਰੀ ਜਾਂ ਕਿਸੇ ਕਿਸਮ ਦੇ ਪੁਜਾਰੀ ਨੂੰ ਉਨਾਂ ਚਿਰ ਕਸੂਰਵਾਰ ਮੰਨਿਆ ਜਾਣਾ ਚਾਹੀਦਾ ਹੈ ਜਿੰਨਾ ਚਿਰ ਉਹ ਬੇਕਸੂਰ ਸਾਬਤ ਨਾ ਕਰ ਦਿੱਤਾ ਜਾਵੇ।"

"ਜਿਹੜੇ ਧਾਰਮਿਕ ਵਿਸ਼ਵਾਸ ਵਿਚ ਮੇਰੀ ਪਾਲਣਾ ਪੋਸਣਾ ਹੋਈ ਹੈ ਉਸ ਨੇ ਮੈਨੂੰ ਯਕੀਨ ਦਿਵਾਇਆ ਸੀ ਕਿ ਮੈਂ ਦੂਜੇ ਲੋਕਾਂ ਨਾਲੋਂ ਹਰ ਪੱਖੋਂ ਬੇਹਤਰ ਹਾਂ। ਮੈਨੂੰ ਬਚਾਅ ਲਿਆ ਗਿਆ ਹੈ ਅਤੇ ਦੂਜੇ ਨਰਕਾਂ ਨੂੰ ਜਾਣਗੇ... ਸਾਡੇ ਧਾਰਮਿਕ ਸ਼ਬਦ-ਗਾਣ ਹੈਂਕੜ ਨਾਲ ਭਰੇ ਪਏ ਸਨ - ਖੁਦ ਨੂੰ ਸ਼ਾਬਾਸ਼ੇ ਦੇਣ ਵਾਲੇ ਕਿ ਅਸੀਂ ਸਰਬਸ਼ਕਤੀਮਾਨ ਦੇ ਕਿੰਨੇ ਨਜ਼ਦੀਕ ਸਾਂ ਅਤੇ ਉਹਦੇ ਮਨ ਵਿਚ ਸਾਡੇ ਲਈ ਕਿੰਨੇ ਉੱਚੇ ਵਿਚਾਰ ਸਨ, ਕਿਆਮਤ ਵਾਲੇ ਦਿਨ ਕਿਸ ਤਰ੍ਹਾਂ ਬਾਕੀ ਸਾਰਿਆਂ ਨੂੰ ਨਰਕ ਮਿਲੇਗਾ।"

"ਮਾਨਵਜਾਤੀ ਵਲੋਂ ਜਿਹੜਾ ਸਭ ਤੋਂ ਵੱਧ ਹਾਸੋਹੀਣਾ ਸੰਕਲਪ ਪੇਦਾ ਕਰਨ ਦੀ ਭੁੱਲ ਕੀਤੀ ਗਈ ਹੈ ਉਹ ਹੈ ਕਿ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਕਰਨ ਵਾਲਾ, ਸਾਰੇ ਵਿਸ਼ਵ ਨੂੰ ਰੂਪਮਾਨ ਕਰਨ ਵਾਲਾ ਤੇ ਉਸ 'ਤੇ ਰਾਜ ਕਰਨ ਵਾਲਾ ਸਰਬਸ਼ਕਤੀ ਮਾਨ ਪ੍ਰਮਾਤਮਾ ਆਪਣੀ ਸਿਰਜਣਾ ਬਦਲੇ ਮਿੱਠੀਆਂ ਸ਼ਰਧਾ ਭਾਵਨਾਵਾਂ ਦੀ ਮੰਗ ਕਰਦਾ ਹੈ ਅਤੇ ਉਸ ਨੂੰ ਅਰਦਾਸਾਂ ਨਾਲ ਮੰਨਾਇਆ ਜਾ ਸਕਦਾ ਹੈ ਅਤੇ ਜੇ ਉਸ ਦੀ ਇਸ ਤਰ੍ਹਾਂ ਚਾਪਲੂਸੀ ਨਾ ਕੀਤੀ ਜਾਵੇ ਤਾਂ ਉਹ ਖਿੱਝ ਜਾਂਦਾ ਹੈ ਚਿੜਚਿੜਾ ਹੋ ਜਾਂਦਾ ਹੈ। ਪਰ ਇਹ ਅਜੀਬ ਹਾਸੋਹੀਣਾ ਸੰਕਲਪ, ਜਿਸ ਦਾ ਕੋਈ ਰੱਤੀ ਭਰ ਵੀ ਸਬੂਤ ਨਹੀਂ ਮਿਲਦਾ, ਦੁਨੀਆ ਦੇ ਇਤਿਹਾਸ ਵਿਚ ਸਭ ਤੋਂ ਪੁਰਾਣੀ, ਵੱਡੀ ਅਤੇ ਸਭ ਤੋਂ ਘੱਟ ਸਾਰਥਿਕਤਾ ਵਾਲੀ ਸਨਅਤ ਕਾਇਮ ਕਰਨ ਦਾ ਕਾਰਨ ਬਣਿਆਂ ਹੈ।"

## ਜੇਮਜ਼ ਏ। ਮਿਚਨਰ (1907-1997)

*(ਅਮਰੀਕਨ ਨਾਵਲਕਾਰ)*

"ਧਾਰਮਿਕ ਨਫਰਤ ਨੂੰ ਫੈਲਾਉਣ ਨਹੀਂ ਦਿੱਤਾ ਜਾਣਾ ਚਾਹੀਦਾ, ਖਾਸ ਤੌਰ 'ਤੇ ਟੈਕਸ-ਛੋਟ ਦੇ ਆਧਾਰ 'ਤੇ।"

## ਕੈਥਰੀਨ ਹੈਪਬਰਨ (1907-2003)

*(ਅਮਰੀਕਨ ਅਦਾਕਾਰਾ)*

"ਮੈਂ ਸਿਰਫ ਤੇ ਸਿਰਫ ਨਾਸਤਿਕ ਹਾਂ। ਮੈਂ ਯਕੀਨ ਕਰਦੀ ਹਾਂ ਕਿ ਅਸੀਂ ਬਹੁਤ ਕੁਝ ਨਹੀਂ ਜਾਣ ਸਕਦੇ ਸਿਵਾਏ ਇਸ ਦੇ ਕਿ ਸਾਨੂੰ ਇਕ ਦੂਜੇ ਨਾਲ ਦਇਆ ਕਰਨੀ ਚਾਹੀਦੀ ਹੈ ਅਤੇ ਦੂਜਿਆਂ ਵਾਸਤੇ ਅਸੀਂ ਜੋ ਵੀ ਕਰ ਸਕੀਏ ਕਰਨਾ ਚਾਹੀਦਾ ਹੈ।"

## ਸਾਈਮਨ ਡੀ ਬੁਵੀਅਰ (1908-1986)

*(ਫਰਾਂਸੀਸੀ ਲੇਖਕਾ ਤੇ ਸਿਆਸੀ ਕਾਰਕੁੰਨ - ਐਕਟਿਵਿਸਟ)*

"ਮੈਂ ਪ੍ਰਾਮਤਮਾ 'ਤੇ ਗੁੱਸਾ ਨਹੀਂ ਕਰ ਸਕਦੀ, ਮੈਨੂੰ ਤਾਂ ਉਸ ਦੇ ਹੋਣ 'ਤੇ ਯਕੀਨ ਹੀ ਨਹੀਂ ਹੈ।"

## ਕੁਇਨਟਨ ਕਰਿਸਪ (1908-1999)

*(ਅੰਗ੍ਰੇਜ਼ੀ ਲੇਖਕ)*

"ਜਦੋਂ ਮੈਂ ਉੱਤਰੀ ਆਇਰਲੈਂਡ ਦੇ ਲੋਕਾਂ ਨੂੰ ਦੱਸਿਆ ਕਿ ਮੈਂ ਨਾਸਤਿਕ ਹਾਂ, ਤਾਂ ਸ੍ਰੋਤਿਆਂ ਵਿੱਚੋਂ ਇਕ ਔਰਤ ਉੱਠ ਕੇ ਕਹਿਣ ਲੱਗੀ, "ਠੀਕ ਹੈ, ਪਰ ਕੀ ਤੂੰ ਕੈਥੋਲਿਕਾਂ ਦੇ ਰੱਬ ਨੂੰ ਨਹੀਂ ਮੰਨਦੀ ਜਾਂ ਪਰੋਟੈਸਟੈਂਟਾਂ ਦੇ ਰੱਬ ਨੂੰ?"

## ਮਦਰ ਟੈਰਿੱਸਾ (1910-1997)

*(ਅਲਬੇਨੀਆ ਦੀ ਜੰਮਪਲ਼ ਕੈਥੋਲਿਕ ਨੱਨ)*

"ਗਰੀਬਾਂ ਵਲੋਂ ਆਪਣੀ ਸਥਿਤੀ ਨੂੰ ਮੰਨ ਲੈਣਾ ਕਿੰਨੀ ਸੁੰਦਰ ਗੱਲ ਹੈ। ਗਰੀਬਾਂ ਦੇ ਨਰਕ ਭੋਗਣ ਨਾਲ ਸਾਰੀ ਦੁਨੀਆ ਨੂੰ ਸੁੱਖ ਮਿਲਦਾ ਹੈ।"

## ਜਿਪਸੀ ਰੋਜ਼ ਲੀ (1911-1970)

*(ਅਮਰੀਕਨ ਅਦਾਕਾਰਾ ਤੇ ਲੇਖਕਾ)*

"ਅਰਦਾਸ ਕਰਨੀ ਤਾਂ ਝੂਲੇ 'ਚ ਬੈਠਣ ਵਾਲੀ ਗੱਲ ਹੈ, ਤੁਸੀਂ ਹਿੱਲੀ ਜਾਂਦੇ ਹੋ ਪਰ ਪਹੁੰਚਦੇ ਕਿਤੇ ਨਹੀਂ।"

## ਐਰਿਕ ਯੁਸਟੇਸ ਵਿਲੀਅਮਜ਼ (1911-1981)

*(ਉਹ ਤ੍ਰਿਨਦੈਦ ਤੇ ਤੋਬੈਗੋ ਦਾ ਪਹਿਲਾ ਪ੍ਰਾਈਮ ਮਨਿਸਟਰ ਸੀ। ਉਹ ਜ਼ਿਕਰਯੋਗ ਕੈਰੀਬੀਅਨ ਇਤਿਹਾਸਕਾਰ ਵੀ ਸੀ)*

"ਧਰਮ ਇਨਸਾਨਾਂ ਦੀ ਉਸੇ ਤਰ੍ਹਾਂ ਸੇਵਾ ਕਰਦਾ ਹੈ ਜਿੱਦਾਂ ਘੋੜੇ ਦੇ ਲੱਗੇ ਹੋਏ ਖੋਪੇ ਕਰਦੇ ਹਨ।"

## ਬਟਰਫਲਾਈ ਮਕੁਈਨ (1911-1995)

*(ਅਮਰੀਕਨ ਕਾਲ਼ੀ ਅਦਾਕਾਰਾ ਤੇ ਲੇਖਕਾ)*

"ਜਿਸ ਤਰ੍ਹਾਂ ਮੇਰੇ ਵਡੇਰੇ ਗੁਲਾਮੀ ਤੋਂ ਆਜ਼ਾਦ ਹੋਏ ਉਸੇ ਤਰ੍ਹਾਂ ਮੈਂ ਧਾਰਮਿਕ ਗੁਲਾਮੀ ਤੋਂ ਆਜ਼ਾਦ ਹੋਈ ਹਾਂ।"

## ਬਰਨਾਰਡ ਕਾਟਜ਼ (1911-2003)

*(ਜਰਮਨੀ ਦਾ ਜੀਵ-ਭੌਤਿਕ ਵਿਗਿਆਨੀ)*

"ਜਥੇਬੰਦ ਧਰਮ: ਦੁਨੀਆ ਦੀ ਸਭ ਤੋਂ ਵੱਡੀ ਪਿਰਾਮਿਡ ਸਕੀਮ (ਧੋਖੇ ਨਾਲ ਪੈਸੇ ਬਣਾਉਣ ਦੀ ਸਕੀਮ) ਹੈ।"

## ਯੂਜੀਨ ਇਨੈਸਕੋ (1912-1994)

*(ਰੁਮਾਨੀਆਂ ਦਾ ਜੰਮਪਲ਼ ਫਰਾਂਸੀਸੀ ਨਾਟਕਕਾਰ)*

"ਇੱਦਾਂ ਦਾ ਕੋਈ ਧਰਮ ਨਹੀਂ ਜਿਸ ਵਿਚ ਨਿੱਤ ਦਿਨ ਦਾ ਜੀਵਨ ਇਕ ਕੈਦ ਨਾ ਸਮਝਿਆ ਜਾਵੇ ... ।"

"ਧਰਮ ਦੇ ਨਾਂਅ 'ਤੇ ਤਸੀਹੇ ਦਿੱਤੇ ਜਾਂਦੇ ਹਨ, ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ, ਚਿਖਾਵਾਂ ਬਣਾਈਆਂ ਜਾਂਦੀਆਂ ਹਨ।"

## ਮਿਗਨੌਨ ਮੈਕਲਾਗਲਿਨ (1913-2003)

*(ਅਮਰੀਕਨ ਪੱਤਰਕਾਰ ਤੇ ਲੇਖਕ)*

"ਬਹੁਤੀਆਂ ਪ੍ਰਚਾਰਕ ਕਥਾਵਾਂ ਮੈਨੂੰ ਇਸ਼ਤਿਹਾਰਬਾਜ਼ੀ ਹੀ ਲਗਦੀਆਂ ਹਨ – ਪਰ ਮੈਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਰੱਬ ਇਸ਼ਤਿਹਾਰ ਦੇਣ ਵਾਲਾ ਹੈ ਜਾਂ ਉਹ ਇਸ਼ਤਿਹਾਰ ਵਿਚਲੀ ਸ਼ੈਅ ਹੈ।"

## ਵਿਲੀਅਮ ਐਸ ਬੋਰੋਜ਼ (1914-1997)

*(ਅਮਰੀਕਨ ਨਾਵਲਕਾਰ, ਨਿਬੰਧਕਾਰ ਤੇ ਆਲੋਚਕ)*

"ਬੇਟਾ, ਕਦੇ ਵੀ ਕਿਸੇ ਪਾਦਰੀ ਜਾਂ ਪੁਲਸੀਏ ਦੀ ਗੱਲ ਨਾ ਮੰਨੀ ... ਉਨ੍ਹਾਂ ਕੋਲ ਸਿਰਫ ਗੰਦ ਦੀ ਕੁੰਜੀ ਹੁੰਦੀ ਹੈ ਹੋਰ ਕੁਛ ਨਹੀਂ।"

## ਰੂਥ ਹਰਮਿੰਨਸ ਗਰੀਨ (1915-1981)

*(ਅਮਰੀਕਨ ਲੇਖਕਾ)*

"ਇਕ ਸਮਾਂ ਸੀ ਜਦੋਂ ਸਾਰੇ ਲੋਕ ਰੱਬ 'ਚ ਵਿਸ਼ਵਾਸ ਰੱਖਦੇ ਸਨ ਅਤੇ ਚਰਚ ਰਾਜ ਕਰਦਾ ਸੀ। ਉਸ ਸਮੇਂ ਨੂੰ ਹਨੇਰੇ ਦਾ ਯੁੱਗ ਕਿਹਾ ਜਾਂਦਾ ਹੈ।"

"ਮੈਨੂੰ ਇਹ ਕਹਿਣਾ ਚੰਗਾ ਲੱਗਦਾ ਹੈ ਕਿ ਬਾਈਬਲ ਪੜ੍ਹਨ ਨਾਲ ਹੀ ਮੈਂ ਨਾਸਤਿਕ ਬਣੀ ਹਾਂ।"

## ਅਜ਼ੀਜ਼ ਨਸੀਨ (1915-1995)

*(ਤੁਰਕੀ ਦਾ ਲੇਖਕ ਤੇ ਕਾਰਕੁੰਨ )*

"ਮੈਨੂੰ ਖੁਦਾ ਦੀ ਲੋੜ ਨਹੀਂ ਕਿਉਂਕਿ ਨਾ ਤਾਂ ਮੈਨੂੰ ਸਵਰਗ ਚਾਹੀਦਾ ਹੈ ਤੇ ਨਾ ਹੀ ਨਰਕ।"

## ਚਾਰਲਜ਼ ਟੈਂਪਲਟਨ (1915-2001)

*(ਕਨੇਡੀਅਨ ਪੱਤਰਕਾਰ, ਲੇਖਕ ਤੇ ਕਾਰਟੂਨਕਾਰ)*

*ਚਾਰਲਜ਼ ਟੈਂਪਲਟਨ ਨੇ ਪੱਤਰਕਾਰੀ ਕਰਨ ਦੇ ਨਾਲ ਨਾਲ ਕਈ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚੋਂ 'ਫੇਅਰਵੈੱਲ ਟੂ ਗੌਡ' ਕਾਫੀ ਜਾਣੀ ਜਾਂਦੀ ਹੈ। ਇਸ ਵਿਚ ਉਸ ਨੇ ਰੱਬ ਵਿਚ ਵਿਸ਼ਵਾਸ ਸਬੰਧੀ ਕੁਝ ਸਵਾਲ ਦਰਜ ਕੀਤੇ ਹਨ ਅਤੇ ਸੁਝਾਅ ਦਿੱਤਾ ਹੈ ਕਿ ਹਰ ਕਿਸੇ ਨੂੰ ਇਹ ਸਵਾਲ ਆਪਣੇ ਵਿਸ਼ਵਾਸ ਬਾਰੇ ਖੁਦ ਨੂੰ ਪੁੱਛਣੇ ਚਾਹੀਦੇ ਹਨ। ਸਿੱਧੇ ਤੌਰ 'ਤੇ ਇਹ ਸਵਾਲ ਬਹੁਤੇ ਇਸਾਈ ਮੱਤ ਤੇ ਬਾਈਬਲ ਨਾਲ ਸਬੰਧਤ ਹਨ ਪਰ ਇਹ ਕਿਸੇ ਵੀ ਧਾਰਮਿਕ ਮੱਤ ਅਤੇ ਧਾਰਮਿਕ ਪੁਸਤਕ ਬਾਰੇ ਹੋ ਸਕਦੇ ਹਨ।*

* "ਕੀ ਇਹ ਗੱਲ ਨਹੀਂ ਲਗਦੀ ਕਿ ਜੇ ਤੁਸੀਂ ਕਾਇਰੋ ਵਿਚ ਪੈਦਾ ਹੋਏ ਹੁੰਦੇ ਤਾਂ ਤੁਸੀਂ ਇਕ ਮੁਸਲਮਾਨ ਹੋਣਾ ਸੀ, ਜਿਸ ਤਰ੍ਹਾਂ ਅੱਠ ਨੌ ਸੌ ਮਿਲੀਅਨ ਲੋਕ ਵਿਸ਼ਵਾਸ ਕਰਦੇ ਹਨ, ਤੁਸੀਂ ਵੀ ਵਿਸ਼ਵਾਸ ਕਰਨਾ ਸੀ ਕਿ "ਅੱਲਾ ਤੋਂ ਬਿਨ੍ਹਾਂ ਹੋਰ ਕੋਈ ਸ਼ਕਤੀ ਨਹੀਂ ਅਤੇ ਮੁਹੰਮਦ ਉਹਦਾ ਦੂਤ ਹੈ?"

* "ਜੇ ਤੁਸੀਂ ਕਲਕੱਤੇ ਜੰਮੇ ਹੁੰਦੇ ਤਾਂ ਬਹੁਤੀਆਂ ਹਾਲਤਾਂ ਵਿਚ ਤੁਸੀਂ ਹਿੰਦੂ ਹੋਣਾ ਸੀ ਤੇ ਜਿਸ ਤਰ੍ਹਾਂ ਛੇ ਸੱਤ ਸੌ ਮਿਲੀਅਨ ਲੋਕ ਵਿਸ਼ਵਾਸ ਕਰਦੇ ਹਨ ਤੁਸੀਂ ਵੀ ਵੇਦਾਂ ਤੇ ਉਪਨਿਸ਼ਦਾਂ ਨੂੰ ਪਵਿੱਤਰ ਪੁਸਤਕਾਂ ਮੰਨਣਾ ਸੀ ਤੇ ਭਵਿੱਖ ਵਿਚ ਸਵਰਗ ਵਿਚ ਵਸਣ ਦੀ ਆਸ ਰੱਖਣੀ ਸੀ?"

* "ਜੇ ਤੁਸੀਂ ਯੁਰੋਸਲਮ ਵਿਚ ਜੰਮੇ ਹੁੰਦੇ ਤਾਂ ਸੰਭਵ ਹੈ ਕਿ ਤੁਸੀਂ ਜਹੂਦੀ ਹੁੰਦੇ ਤੇ ਜਿਸ ਤਰ੍ਹਾਂ ਤੇਰ੍ਹਾਂ ਚੌਦਾਂ ਮਿਲੀਅਨ ਲੋਕ ਮੰਨਦੇ ਹਨ ਤੁਸੀਂ ਵੀ ਮੰਨਣਾ ਸੀ ਕਿ ਯਾਹਵੇਅ ਰੱਬ ਹੈ ਅਤੇ ਤੁਰਾਹ ਰੱਬ ਦਾ ਸ਼ਬਦ?"

* "ਜੇ ਤੁਸੀਂ ਬੀਜਿੰਗ ਵਿਚ ਜੰਮੇ ਹੁੰਦੇ ਤਾਂ ਤੁਸੀਂ ਉਨ੍ਹਾਂ ਕ੍ਰੋੜਾਂ ਲੋਕਾਂ ਵਿਚੋਂ ਇਕ ਹੋਣਾ ਸੀ ਜਿਹੜੇ ਬੁੱਧ ਜਾਂ ਕੰਨਿਫਿਊਸ਼ੀਅਸ ਜਾਂ ਲਾਓ-ਤਸੇਅ ਦੇ ਵਿਚਾਰਾਂ ਨੂੰ ਮੰਨਦੇ ਹਨ ਤੇ ਉਨ੍ਹਾਂ ਦੇ ਵਿਚਾਰਾਂ ਅਤੇ ਉਨ੍ਹਾਂ ਵਲੋਂ ਪੇਸ਼ ਕੀਤੀ ਉਦਾਹਰਨ ਅਨੁਸਾਰ ਚੱਲਣ ਦੀ ਕੋਸ਼ਸ਼ ਕਰਨੀ ਸੀ?"

* "ਕੀ ਇਸ ਗੱਲ ਦੀ ਸੰਭਾਵਨਾ ਨਹੀਂ ਕਿ ਤੁਸੀਂ, ਪਾਠਕ ਜੀ, ਇਸਾਈ ਮੱਤ ਦੇ ਧਾਰਨੀ ਇਸ ਕਰਕੇ ਹੋ ਕਿਉਂਕਿ ਤੁਹਾਥੋਂ ਪਹਿਲਾਂ ਤੁਹਾਡੇ ਮਾਪੇ ਇਸਾਈ ਸਨ?"

* "ਜੇ ਕੋਈ ਪਿਆਰ ਕਰਨ ਵਾਲਾ ਰੱਬ ਹੈ ਤਾਂ ਉਹ ਕਿਉਂ ਅਜਿਹੀਆਂ ਗੱਲਾਂ ਹੋਣ ਦਿੰਦਾ ਹੈ - ਆਪ ਕਰਨ ਕਰਾਉਣ ਦੀ ਤਾਂ ਗੱਲ ਹੀ ਹੋਰ ਹੈ - ਜਿਵੇਂ ਕਿ ਭੁਚਾਲ, ਸੋਕਾ, ਹੜ੍ਹ, ਤੂਫਾਨ ਅਤੇ ਹੋਰ ਕੁਦਰਤੀ ਆਫਤਾਂ ਜਿਹੜੀਆਂ ਹਰ ਵਰ੍ਹੇ ਹਜ਼ਾਰਾਂ ਲੱਖਾਂ ਬੇਕਸੂਰ ਮਰਦਾਂ ਔਰਤਾਂ ਤੇ ਬੱਚਿਆਂ ਨੂੰ ਮੌਤ ਦੇ ਘਾਟ ਉਤਾਰਦੀਆਂ ਹਨ?"

* “ਇਕ ਪਿਆਰ ਕਰਨ ਵਾਲਾ ਸਰਵ ਸ਼ਕਤੀਮਾਨ ਪਰਮਾਤਮਾ ਇਹ ਕਿਸ ਤਰ੍ਹਾਂ ਹੋਣ ਦਿੰਦਾ ਹੈ – ਆਪ ਕਰਨ ਕਰਾਉਣ ਦੀ ਤਾਂ ਗੱਲ ਹੀ ਹੋਰ ਹੈ – – – ਸਿਰਿਬਰਲਿ ਪਾਲਿਸੀ, ਦਿਮਾਗ ਦੀ ਕੈਂਸਰ, ਕੋੜ੍ਹ, ਅਲਜ਼ਾਈਮਰ ਅਤੇ ਹੋਰ ਬੇਇਲਾਜ ਬੀਮਾਰੀਆਂ ਜਿਹੜੀਆਂ ਕ੍ਰੋੜਾਂ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਲੱਗਦੀਆਂ ਹਨ ਜਿਨ੍ਹਾਂ ’ਚੋਂ ਬਹੁਤੇ ਬੜੇ ਸਾਊ ਲੋਕ ਹੁੰਦੇ ਹਨ?”

* “ਇਕ ਪਿਆਰ ਕਰਨ ਵਾਲਾ ਸਵਰਗਾਂ ’ਚ ਵਸਣ ਵਾਲਾ ਪਿਓ ਇਕ ਨਾ ਖਤਮ ਹੋਣ ਵਾਲਾ ਨਰਕ ਕਿਸ ਤਰ੍ਹਾਂ ਪੈਦਾ ਕਰ ਸਕਦਾ ਹੈ ਅਤੇ ਸਦੀਆਂ ਤੋਂ ਕ੍ਰੋੜਾਂ ਲੋਕਾਂ ਨੂੰ ਇਸ ਦੀ ਸਜ਼ਾ ਦੇ ਸਕਦਾ ਹੈ ਕਿਉਂਕਿ ਉਹ ਕਿਸੇ ਵਿਸ਼ੇਸ਼ ਧਾਰਮਿਕ ਵਿਸ਼ਵਾਸ ਵਿਚ ਯਕੀਨ ਨਹੀਂ ਕਰਦੇ ਜਾਂ ਕਰ ਨਹੀਂ ਸਕਦੇ? ਅਤੇ ਉਹ ਕਿਸ ਤਰ੍ਹਾਂ ਉਨ੍ਹਾਂ ਨੂੰ ਸਦਾ ਸਦਾ ਲਈ ਤਸੀਹੇ ਦੇ ਸਕਦਾ ਹੈ?”

* “ਇਸਾਈ ਮੱਤ ਦੀਆਂ ਸੈਂਕੜੇ ਵੱਖਰੀਆਂ ਵੱਖਰੀਆਂ ਸੰਸਥਾਵਾਂ ਤੇ ਆਜ਼ਾਦ ਸ਼ਾਖਾਂ ਕਿਉਂ ਹਨ ਜਦ ਕਿ ਉਹ ਸਾਰੀਆਂ ਹੀ ਆਪਣੇ ਵਿਸ਼ਵਾਸ ਦੀ ਟੇਕ ਬਾਈਬਲ ’ਤੇ ਰੱਖਦੀਆਂ ਹਨ ਅਤੇ ਉਨ੍ਹਾਂ ’ਚੋਂ ਬਹੁਤੇ ਇਹ ਗੱਲ ਪੱਕੀ ਤਰ੍ਹਾਂ ਮੰਨਦੇ ਹਨ ਕਿ ਬਾਕੀ ਸਾਰੇ ਕਿਸੇ ਨਾ ਕਿਸੇ ਤਰ੍ਹਾਂ ਗਲਤ ਹਨ?”

* “ਜੇ ਸਾਰੇ ਇਸਾਈ ਇੱਕੋ ਰੱਬ ਦੀ ਪੂਜਾ ਕਰਦੇ ਹਨ ਤਾਂ ਕਿਉਂ ਨਹੀਂ ਉਹ ਆਪਣੇ ਧਾਰਮਿਕ ਵੱਖਰੇਵੇਂ ਭੁਲਾ ਕੇ ਇਕ ਦੂਜੇ ਨਾਲ ਰਲ਼ ਮਿਲ ਕੇ ਰਹਿ ਸਕਦੇ?”

* “ਜੇ ਰੱਬ ਇਕ ਪਿਆਰ ਕਰਨ ਵਾਲ ਪਿਓ ਹੈ ਤਾਂ ਉਹ ਕਿਉਂ ਆਪਣੇ ਲੋੜਵੰਦ ਬੱਚਿਆਂ ਦੀਆਂ ਦੁਆਵਾਂ ਦਾ ਜਵਾਬ ਨਹੀਂ ਦਿੰਦਾ?”

* “ਕੋਈ ਬਾਈਬਲ ਵਿਚ ਦੱਸੀ ਕਹਾਣੀ ਨੂੰ ਕਿਸ ਤਰ੍ਹਾਂ ਸੱਚ ਮੰਨ ਸਕਦਾ ਹੈ ਕਿ ਦੁਨੀਆ ਦੀ ਸਿਰਜਣਾ ਛੇ ਦਿਨਾਂ ਵਿਚ ਕੀਤੀ ਗਈ ਸੀ ਜਦ ਕਿ ਹਰ ਮੰਨਿਆਂ ਪ੍ਰਮੰਨਿਆਂ ਭੌਤਿਕ ਵਿਗਿਆਨੀ ਇਸ ਗੱਲ ਨਾਲ ਸਹਿਮਤ ਹੈ ਕਿ ਸਾਰੇ ਜੀਵ ਲੱਖਾਂ ਕ੍ਰੋੜਾਂ ਸਾਲਾਂ ਤੋਂ ਐਵੋਲਿਉਸ਼ਨ ਰਾਹੀਂ ਵਿਕਾਸ ਕਰਕੇ ਏਥੇ ਪਹੁੰਚੇ ਹਨ?”

* “ਕੀ ਇਕ ਚੇਤਨ ਆਦਮੀ ਜਾਂ ਔਰਤ ਲਈ ਸੰਭਵ ਹੈ ਕਿ ਉਹ ਇਸ ਗੱਲ ਦਾ ਯਕੀਨ ਕਰ ਲੈਣ ਕਿ ਰੱਬ ਨੇ ਪਹਿਲਾਂ ਬੰਦਾ ਇਕ ਮੁੱਠੀ ਮਿੱਟੀ ਤੋਂ ਬਣਾਇਆ ਤੇ ਫੇਰ ਉਹਦੀ ਪਸਲੀ ਤੋਂ ਔਰਤ ਪੈਦਾ ਕੀਤੀ?”

* “ਕੀ ਇਹ ਯਕੀਨ ਕਰਨਾ ਸੰਭਵ ਹੈ ਕਿ ਵਿਸ਼ਵ ਦਾ ਸਿਰਜਣਹਾਰਾ ਫਸਲਸਤੀਨ ਦੀ ਇਕ ਕੁਆਰੀ ਕੁੜੀ ਨੂੰ ਖ਼ੁਦ ਇਸ ਲਈ ਗਰਭਵਤੀ ਬਣਾਵੇ ਕਿ ਇਸ ਤਰੀਕੇ ਨਾਲ ਉਹ ਆਪਣੇ ਪੁੱਤਰ ਨੂੰ ਇਸ ਦੁਨੀਆ ਵਿਚ ਪਹੁੰਚਾਉਣ ਦਾ ਵਸੀਲਾ ਬਣਾ ਸਕੇ?

* “ਬਾਈਬਲ ਕਹਿੰਦੀ ਹੈ ਕਿ “ਲੌਰਡ ਤੇਰਾ ਰੱਬ ਇਕ ਈਰਖਾ ਕਰਨ ਵਾਲਾ ਰੱਬ ਹੈ।” ਪਰ ਜੇ ਤੂੰ ਸਰਬਸ਼ਕਤੀਮਾਨ, ਸਰਬਗਿਆਤਾ, ਸਰਬਵਿਆਪੀ, ਸਦੀਵੀ ਅਤੇ ਹਰ ਚੀਜ਼ ਨੂੰ ਪੈਦਾ ਕਰਨ ਵਾਲਾ ਹੈਂ, ਤਾਂ ਤੈਨੂੰ ਕਿਹਦੇ ਨਾਲ ਈਰਖਾ ਹੋ ਸਕਦੀ ਹੈ?”

* “ਇਹ ਕਿਉਂ ਹੈ ਕਿ ਅਜਿਹੀ ਦੁਨੀਆ ਜਿਹੜੀ ਦੁੱਖਾਂ ਤਕਲੀਫਾਂ ਤੇ ਭੁੱਖਮਰੀ ਨਾਲ ਭਰੀ ਪਈ ਹੈ ਉਸ ਵਿਚ ਇਸਾਈ ਗਰੀਬਾਂ ਤੇ ਲੋੜਵੰਦਾਂ ਵਾਸਤੇ ਬਹੁਤ ਥੋੜ੍ਹਾ ਖਰਚ ਕਰਦੇ ਹਨ ਜਦ ਕਿ ਵੱਡੇ ਵੱਡੇ ਗਿਰਜੇ ਤੇ ਧਰਮ-ਅਸਥਾਨ ਬਣਾਉਣ ’ਤੇ ਕ੍ਰੋੜਾਂ ਡਾਲਰ ਖਰਚਦੇ ਹਨ।

* “ਇਹ ਕਿਉਂ ਹੈ ਕਿ ਇਕ ਸਰਬਸ਼ਕਤੀਮਾਨ, ਜਿਹਨੂੰ ਇਸ ਗੱਲ ਦਾ ਪਤਾ ਹੋਵੇ ਕਿ ਹਜ਼ਾਰਾਂ ਲੱਖਾਂ ਮਰਦ, ਔਰਤਾਂ, ਅਤੇ ਬੱਚੇ ਕਿਸੇ ਔੜ ਮਾਰੀ ਧਰਤੀ ’ਤੇ ਭੁੱਖੇ ਮਰ ਰਹੇ ਹਨ ਪਰ ਉਹ ਉਨ੍ਹਾਂ ਨੂੰ ਸੜਨ ਦੇਵੇ, ਮਰਨ ਦੇਵੇ ਜਦ ਕਿ ਸਿਰਫ ਥੋੜ੍ਹੇ ਜਿਹੇ ਮੀਂਹ ਦੀ ਲੋੜ ਹੋਵੇ?”

* “ਇਹ ਕਿਉਂ ਹੈ ਕਿ ਸਾਰੀ ਮਨੁੱਖਤਾ ਦਾ ਪਿਓ ਹੋਣ ਦੇ ਬਾਵਜੂਦ ਉਹਦੇ ਕੋਈ ਜ਼ਿਆਦਾ ਚਹੇਤੇ ਲੋਕ ਹੋਣ ਤੇ ਉਹ ਦੁਨੀਆ ਦੇ ਬਾਕੀ ਲੋਕਾਂ ਨਾਲੋਂ ਉਨ੍ਹਾਂ ਨਾਲ ਵਧੀਆ ਵਿਹਾਰ ਕਰੇ?”

* “ਇਹ ਕਿਉਂ ਹੈ ਕਿ ਕੋਈ ਰੱਬ ਜਿਹੜਾ “ਵਿਅਕਤੀਆਂ ਦੀ ਇੱਜ਼ਤ ਨਾ ਕਰਨ ਵਾਲਾ”, ਵਿਭਚਾਰ (ਆਪਣੇ ਤੋਂ ਬਿਨਾਂ ਦੂਜੇ ਮਰਦ ਜਾਂ ਔਰਤ ਨਾਲ ਸੰਭੋਗ) ਦੀ ਤਾਂ ਇਜਾਜ਼ਤ ਨਾ ਦੇਵੇ ਪਰ ਇਕ ਸ਼ਕਤੀਸ਼ਾਲੀ ਰਾਜੇ ਨੂੰ ਜਿਹਦੀਆਂ ਸੱਤ ਸੌ ਰਾਣੀਆਂ ਤੇ ਤਿੰਨ ਸੌ ਰਖੇਲਾਂ ਹੋਣ ਅਸ਼ੀਰਵਾਦ ਦੇਵੇ ਤੇ ਇੱਜ਼ਤ ਮਾਣ ਵੀ?”

* “ਇਹ ਕਿਉਂ ਹੈ ਕਿ ਇਸਾਈਆਂ ਦਾ ਸੱਭ ਤੋਂ ਵੱਡਾ ਅਦਾਰਾ (ਰੋਮਨ ਕੈਥੋਲਿਕ) ਪੂਰੀ ਤਰ੍ਹਾਂ ਆਦਮੀਆਂ ਦੇ ਕੰਟਰੋਲ ਥੱਲੇ ਹੋਵੇ, ਜਿੱਥੇ ਕਿਸੇ ਵੀ ਔਰਤ ਨੂੰ - ਭਾਵੇਂ ਔਰਤ ਜਿੰਨੀ ਮਰਜੀ ਪਵਿੱਤਰ ਤੇ ਸਿਆਣੀ ਹੋਵੇ - ਪਾਦਰੀ (ਪ੍ਰੀਸਟ), ਮੌਨਸੀਨੋਰ, ਬਿਸ਼ਪ, ਆਰਚੀਬਿਸ਼ਪ, ਕਾਰਡੀਨਲ ਜਾਂ ਪੋਪ ਬਣਨ ਦੀ ਆਗਿਆ ਨਾ ਹੋਵੇ?”

* “ਈਸਾ ਦੇ ਆਪਣੇ ਚੇਲਿਆ ਵਾਸਤੇ ਅਖੀਰਲੇ ਸ਼ਬਦ ਸਨ “ਤੁਸੀਂ ਸਾਰੀ ਦੁਨੀਆ ਵਿਚ ਜਾਓ ਤੇ ਰੱਬ ਬਾਰੇ (ਗੌਸਪਲ) ਸਾਰੀ ਦੁਨੀਆ ਨੂੰ ਸਿਖਾਓ। ਤੇ ਮੈਂ ਹਮੇਸ਼ਾ ਤੁਹਾਡੇ ਨਾਲ ਹੋਵਾਂਗਾ।” ਪਰ ਇਸ ਦੇ ਬਾਵਜੂਦ ਅੱਜ ਤੱਕ - ਦੋ ਹਜ਼ਾਰ ਸਾਲ ਬਾਅਦ - ਅਰਬਾਂ ਲੋਕ ਅਜਿਹੇ ਹਨ ਜਿਨ੍ਹਾਂ ਨੇ ਕਦੇ ਗੌਸਪਲ ਦਾ ਨਾਂ ਤੱਕ ਨਹੀਂ ਸੁਣਿਆ?”

## ਖੁਸ਼ਵੰਤ ਸਿੰਘ (1915 – )

*(ਭਾਰਤੀ ਪੱਤਰਕਾਰ, ਲੇਖਕ ਤੇ ਇਤਿਹਾਸਕਾਰ)*

"ਮੈਂ ਸਮਝਦਾ ਹਾਂ ਕਿ ਇਸ ਗੱਲ ਉੱਤੇ ਵਿਚਾਰ ਕਰਨਾ ਕਿ ਅਸੀਂ ਕਿੱਥੋਂ ਆਏ ਹਾਂ ਅਤੇ ਮੌਤ ਤੋਂ ਬਾਅਦ ਕਿੱਥੇ ਜਾਵਾਂਗੇ, ਸਮਾਂ ਬਰਬਾਦ ਕਰਨ ਵਾਂਗ ਹੈ। ... ਸਾਡਾ ਸਰੋਕਾਰ ਇਸ ਗੱਲ ਨਾਲ ਹੋਣਾ ਚਾਹੀਦਾ ਹੈ ਕਿ ਅਸੀਂ ਇਸ ਧਰਤੀ ਉੱਤੇ ਆਪਣੀ ਜ਼ਿੰਦਗੀ ਵਿਚ ਕੀ ਕਰਦੇ ਹਾਂ। "

"ਕਿਸੇ ਵਿਅਕਤੀ ਅਤੇ ਸਥਾਨ ਨੂੰ ਪਰਖਣ ਦੇ ਮੇਰੇ ਕੁਝ ਆਪਣੇ ਨਿਯਮ ਹਨ। ਜਦੋਂ ਮੈਂ ਕਿਸੇ ਨਵੇਂ ਸ਼ਹਿਰ ਵਿਚ ਜਾਂਦਾ ਹਾਂ ਤਾਂ ਪੁੱਛਦਾ ਹਾਂ ਕਿ ਉੱਥੇ ਕਿੰਨੇ ਸਿਨਮਾਘਰ, ਲਾਇਬ੍ਰੇਰੀਆਂ ਅਤੇ ਕਾਲਜ ਹਨ। ਇਸੇ ਤਰ੍ਹਾਂ ਮੈਂ ਧਰਮ ਸਬੰਧੀ ਵਿਸ਼ਿਆਂ ਉੱਤੇ ਰੇਡੀਓ ਪ੍ਰਸਾਰਨਾ ਵਿਚ ਦਿੱਤੇ ਜਾਣ ਵਾਲੇ ਸਮੇਂ ਦੀ ਤੁਲਨਾ ਕਰਦਾ ਹਾਂ। ਜੇ ਇਹ ਦਿਨ ਵਿਚ ਦੋ ਘੰਟਿਆਂ ਤੋਂ ਵੱਧ ਹੈ ਤਾਂ ਮੈਂ ਉਸ ਨੂੰ ਪ੍ਰਗਤੀ ਨਾ ਕਰ ਸਕਣ ਵਾਲੇ ਦੇਸ਼ ਦੇ ਰੂਪ ਵਿਚ ਨਕਾਰ ਦਿੰਦਾ ਹਾਂ।"

"ਕਿਸੇ ਚੀਜ਼ ਨੂੰ ਪਰਖਣ ਦਾ ਇਕ ਹੋਰ ਵਧੀਆ ਢੰਗ ਇਹ ਹੈ ਕਿ ਇਹ ਵੇਖਿਆ ਜਾਵੇ ਕਿ ਕਿਸੇ ਦੇਸ਼ ਵਿਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਨਕ ਮੈਗਜ਼ੀਨ ਕਿੰਨੇ ਹਨ ਅਤੇ ਉਨ੍ਹਾਂ ਦੀ ਛਪਣ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਦੀ ਤੁਲਨਾ ਉਨ੍ਹਾਂ ਮੈਗਜ਼ੀਨਾਂ ਨਾਲ ਕੀਤੀ ਜਾਵੇ ਜਿਹੜੇ ਭਵਿੱਖਬਾਣੀ ਦੇ ਗੋਰਖ ਧੰਦਿਆਂ ਵਿਚ ਰੁੱਝੇ ਰਹਿੰਦੇ ਹਨ। ਇਸ ਪੈਮਾਨੇ ਨਾਲ ਮੈਂ ਨਾਪ ਸਕਦਾ ਹਾਂ ਕਿ ਭਾਰਤ ਨੇ ਹਾਲੇ ਬਹੁਤ ਵੱਡਾ ਪੈਂਡਾ ਤਹਿ ਕਰਨਾ ਹੈ।"

## ਇੰਦਰਾ ਗਾਂਧੀ (1917–1984)

*(ਭਾਰਤੀ ਨੇਤਾ ਤੇ ਜਵਾਹਰਲਾਲ ਨਹਿਰੂ ਦੀ ਧੀ)*

"ਭਾਰਤ ਵਿਚ ਅਜਿਹਾ ਕੋਈ ਵੀ ਹੌਂਸਲੇ ਵਾਲਾ ਸਿਆਸੀ ਆਗੂ ਨਹੀਂ ਜਿਹੜਾ ਲੋਕਾਂ ਨੂੰ ਇਹ ਗੱਲ ਸਮਝਾਉਣ ਦੀ ਕੋਸ਼ਸ਼ ਕਰੇ ਕਿ ਗਊਆਂ ਖਾਧੀਆਂ ਜਾ ਸਕਦੀਆਂ ਹਨ ।"

## ਦਰਸ਼ਨ ਸਿੰਘ ਕਨੇਡੀਅਨ (1917-1986)

*(ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਤ ਕੌਮਿਨਿਸਟ ਆਗੂ। ਉਹਨੇ ਆਪਣੇ ਕਨੇਡਾ ਵਿਚਲੇ ਦਸ ਸਾਲਾਂ - 1937-1947 - ਦੌਰਾਨ ਮਜ਼ਦੂਰਾਂ ਅਤੇ ਕਨੇਡਾ ਵਿਚਲੇ ਭਾਰਤੀ ਭਾਈਚਾਰੇ ਦੇ ਘੋਲਾਂ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਪੰਜਾਬ ਵਿਚ ਸਿੱਖ ਵੱਖਵਾਦ ਦੀ ਵਿਰੋਧਤਾ ਕਰਨ ਬਦਲੇ ਉਹਨੂੰ ਵੱਖਵਾਦੀਆਂ ਵਲੋਂ ਕਤਲ ਕਰ ਦਿੱਤਾ ਗਿਆ ਸੀ।)*

"ਜਦੋਂ ਧਾਰਮਿਕ ਕਟੜਵਾਦ ਵਿਅਕਤੀ 'ਤੇ ਭਾਰੂ ਹੋ ਜਾਂਦਾ ਹੈ, ਉਹ ਤਰਕ ਵਿਹੂਣਾ ਹੋ ਜਾਂਦਾ ਹੈ। ਉਹ ਸਿਰਫ ਇੱਕੋ ਗੱਲ 'ਤੇ ਹੀ ਜ਼ੋਰ ਦਿੰਦਾ ਹੈ: 'ਮੇਰਾ ਧਰਮ; ਮੇਰਾ ਦੇਸ; ਅਸੀਂ ਹੀ ਦੁਨੀਆਂ ਭਰ ਵਿਚ ਮਹਾਨ ਲੋਕ ਹਾਂ; ਬਾਕੀ ਸਭ ਕੂੜਾ ਕਰਕਟ ਹਨ'। ਸਾਨੂੰ ਸੋਚਣਾ ਚਾਹੀਦਾ ਹੈ ਕਿ ਅਸੀਂ ਧਰਮ ਤੋਂ ਪਹਿਲਾਂ ਇਨਸਾਨ ਹਾਂ।"

"ਉਨ੍ਹਾਂ ਲੋਕਾਂ ਨੂੰ, ਜਿਹੜੇ ਕਹਿੰਦੇ ਹਨ ਕਿ ਉਹ ਬੇਕਸੂਰੇ ਲੋਕਾਂ ਨੂੰ ਮਾਰ ਕੇ ਆਪਣੇ ਧਰਮ ਦੀ ਸੇਵਾ ਕਰ ਰਹੇ ਹਨ, ਮੈਂ ਪੁੱਛਦਾ ਹਾਂ, ਉਹ ਆਪਣੇ ਧਰਮ ਦੀ ਕਿਸ ਕਿਸਮ ਦੀ ਸੇਵਾ ਕਰ ਰਹੇ ਹਨ?"

"ਅੱਜ ਦੇ ਜ਼ਮਾਨੇ ਵਿਚ ਧਰਮ ਤੇ ਸਿਆਸਤ ਕੱਠੇ ਨਹੀਂ ਚੱਲ ਸਕਦੇ। ਸਆਡੇ ਕੋਲ ਸਾਡਾ ਵਿਧਾਨ ਹੈ ਅਤੇ ਜੇ ਉਹ ਸਾਨੂੰ ਮਨਜ਼ੂਰ ਨਹੀਂ ਤਾਂ ਉਸ ਨੂੰ ਬਦਲਿਆ ਜਾ ਸਕਦਾ ਹੈ ਜਾਂ ਨਵਾਂ ਵੀ ਤਿਆਰ ਕੀਤਾ ਜਾ ਸਕਦਾ ਹੈ। ਜੇ ਹੁਣ ਅਸੀਂ ਧਰਮ ਤੇ ਸਿਆਸਤ ਨੂੰ ਕੱਠ ਕਰਨ ਦੀ ਕੋਸ਼ਸ਼ ਕੀਤੀ ਤਾਂ ਨਤੀਜੇ ਬਹੁਤ ਭਿਆਨਕ ਹੋਣਗੇ।"

## ਐਨਥਨੀ ਬਰਗਿੱਸ (1917-1993)

*(ਬਰਤਾਨਵੀ ਨਾਵਲਕਾਰ ਤੇ ਆਲੋਚਕ)*

"ਰੋਮ ਵੀ ਦੂਜਿਆਂ ਸ਼ਹਿਰਾਂ ਵਰਗਾ ਹੀ ਸ਼ਹਿਰ ਹੈ। ਮੇਰਾ ਵਿਚਾਰ ਹੈ ਕਿ ਇਹਦੀ ਮਹੱਤਤਾ ਬੇਲੋੜੀ ਵਧਾਈ ਹੋਈ ਹੈ। ਇਹ ਵੀ ਵਿਸ਼ਵਾਸ ਦੇ ਸਿਰ 'ਤੇ ਉਸੇ ਤਰ੍ਹਾਂ ਧੰਦਾ ਕਰਦਾ ਹੈ ਜਿਸ ਤਰ੍ਹਾਂ ਸਟਰੈਟਫੋਰਡ ਸ਼ੇਕਸਪੀਅਰ ਤੇ ਨਾਂ 'ਤੇ ਪੈਸੇ ਕਮਾਉਂਦਾ ਹੈ।"

## ਵਿਲੀਅਮ ਜੇ ਬਰੈਨਨ, ਜੂਨੀਅਰ (1917-1997)

*(ਅਮਰੀਕਨ ਕਾਨੂੰਨਦਾਨ)*

"ਧਾਰਮਿਕ ਲੜਾਈਆਂ ਸਭ ਤੋਂ ਵੱਧ ਖ਼ੂਨੀ ਤੇ ਹੈਂਸਿਆਰੀਆਂ ਹੋ ਸਕਦੀਆਂ ਹਨ ਜਿਹੜੀਆਂ ਲੋਕਾਂ ਨੂੰ ਜਨੂੰਨੀ ਬਣਾ ਦਿੰਦੀਆਂ ਹਨ।"

## ਆਰਥਰ ਸੀ ਕਲਾਰਕ (1917-2008)

*(ਬਰਤਾਨੀਆ ਦਾ ਵਿਗਿਆਨ ਗਲਪ ਲੇਖਕ)*

"ਮਨੁੱਖਤਾ ਦੀ ਇਕ ਬਹੁਤ ਵੱਡੀ ਤ੍ਰਾਸਦੀ ਇਹ ਹੈ ਕਿ ਧਰਮ ਨੇ ਨੈਤਕਿਤਾ ਨੂੰ ਹਾਈਜੈਕ ਕਰ ਲਿਆ ਹੈ।"

## ਦੇਬੀਪ੍ਰਸਾਦ ਚੱਟੋਪਾਧਿਆਏ (1918-1993)

*(ਬੰਗਾਲ ਦਾ ਜੰਮਪਲ਼, ਭਾਰਤ ਦਾ ਮਾਰਕਸੀ ਦਾਰਸ਼ਨਿਕ)*

"ਭਾਰਤੀ ਸੰਦਰਭ ਵਿਚ, ਰੱਬ ਨੂੰ ਇਸੇ ਸੁਨਿਸ਼ਚਿੱਤ ਭਾਵ (ਸਟਰਿਕਟ ਸੈਂਸ) ਨਾਲ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਉਹ ਦੁਨੀਆ ਨੂੰ ਸਿਰਜਣ ਵਾਲਾ ਤੇ ਇਸ ਦਾ ਸਦਾਚਾਰਕ ਮੁਖੀ (ਮੌਰਲ ਗਵਰਨਰ) ਹੈ ਅਤੇ ਆਸਤਿਕਤਾ ਦਾ ਅਰਥ ਇਸ ਨੂੰ ਮੰਨਣਾ ਹੈ। ... ਤੇ ਇਸ ਸੁਨਿਸ਼ਚਿੱਤ ਭਾਵ ਅਨੁਸਾਰ ਭਾਰਤੀ ਦਾਰਸ਼ਨਿਕਾਂ ਦੀ ਵੱਡੀ ਗਿਣਤੀ ਨਾਸਤਿਕ ਸਨ। ਉਨ੍ਹਾਂ ਵਾਸਤੇ ਰੱਬ ਇਕ ਸਧਾਰਨ ਅੰਧ-ਵਿਸ਼ਵਾਸ ਹੈ, ਇਕ ਖਾਲੀ ਮਨੌਤ, ਇਕ ਗਲਤ ਦਿਸ਼ਾਵੀ ਸਤਿਕਾਰ ਦਾ ਪਾਤਰ।"

"ਸਾਡੇ ਸਾਰੇ ਵੱਡੇ ਦਰਸ਼ਨਾਂ ਵਿੱਚੋ, ਸਿਰਫ ਵੇਦਾਂਤ (ਕੁਝ ਸ਼ਰਤਾਂ ਸਮੇਤ) ਅਤੇ ਵਿਸ਼ੇਸ਼ ਕਰਕੇ ਨਇਆ-ਵੇਸਿਸੀਕਾ ਦੇ ਮਗਰਲੇ ਕਥਨ ਆਸਤਿਕ ਸਨ। ਇਸ ਦੇ ਮੁਕਾਬਲੇ, ਬੁੱਧ, ਜੈਨ, ਪੂਰਬ-ਮਿਮਾਸਾ, ਸਮੀਖਿਆ, ਲੋਕਾਇਤਾ ਅਤੇ ਨਇਆ-ਵੇਸਿਸੀਕਾ ਆਪਣੇ ਮੁੱਢਲੇ ਰੂਪ ਵਿਚ ਸਾਰੇ ਦਰਸ਼ਨ ਨਾਸਤਿਕਤਾ ਵੱਲ ਪ੍ਰਤੀਬੱਧ ਸਨ। ਇਸ ਕਰਕੇ ਭਾਰਤੀ ਸੋਚ ਵਿਚ ਨਾਸਤਿਕਤਾ ਦੀ ਇਸ ਅਥਾਹ ਮਹੱਤਤਾ 'ਤੇ ਕਿੰਤੂ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਇਸ ਦੀ ਪ੍ਰਤੀਨਿੱਧਤਾ ਕਰ ਰਹੇ ਵੱਡੀ ਗਿਣਤੀ ਭਾਰਤੀ ਦਾਰਸ਼ਨਿਕਾਂ ਨੂੰ ਅੱਖੋਂ ਉਹਲੇ ਕੀਤਾ ਜਾਵੇ।"

## ਮੈਡਾਲਿਨ ਮਰੇਅ ਓ'ਹੇਅਰ (1919-1995)

*(ਅਮਰੀਕਨ ਨਾਸਤਿਕ, ਆਰਗੇਨਾਈਜ਼ੇਸ਼ਨ ਆਫ ਅਮਰੀਕਨ ਏਥੀਅਸਟ ਦੀ ਬਾਨੀ)*

"ਨਾਸਤਿਕ ਦਾ ਵਿਸ਼ਵਾਸ ਹੈ ਕਿ ਚਰਚ ਦੀ ਥਾਂ ਹਸਪਤਾਲ ਬਣੇ। ਨਾਸਤਿਕ ਦਾ ਵਿਸ਼ਵਾਸ ਹੈ ਅਰਦਾਸ ਕਰਨ ਦੀ ਥਾਂ ਕੰਮ ਕੀਤਾ ਜਾਣਾ ਚਾਹੀਦਾ ਹੈ। ਨਾਸਤਿਕ ਜੀਵਨ ਵਿਚ ਸ਼ਾਮਲ ਹੋਣ ਲਈ ਤਤਪਰ ਹੁੰਦਾ ਹੈ ਨਾ ਕਿ ਭੱਜ ਕੇ ਮੌਤ ਵਲ ਜਾਣ ਨੂੰ। ਉਹ ਚਾਹੁੰਦਾ ਹੈ ਕਿ ਬਿਮਾਰੀ 'ਤੇ ਜਿੱਤ ਪਾਈ ਜਾਵੇ, ਗਰੀਬੀ ਤੇ ਜੰਗ ਦਾ ਖਾਤਮਾ ਹੋਵੇ।"

"ਨਾਸਤਿਕ ਕਿਸੇ ਰੱਬ ਨੂੰ ਪਿਆਰ ਕਰਨ ਦੀ ਥਾਂ ਖੁਦ ਨੂੰ ਪਿਆਰ ਕਰਦਾ ਹੈ ਤੇ ਆਪਣੇ ਸਾਥੀ ਬੰਦੇ ਨੂੰ ਪਿਆਰ ਕਰਦਾ ਹੈ। ਨਾਸਤਿਕ ਨੂੰ ਪਤਾ ਹੈ ਕਿ ਸਵਰਗ ਉਹ ਚੀਜ਼ ਹੈ ਜਿਹਦੇ ਵਾਸਤੇ ਸਾਨੂੰ ਹੁਣ ਕੰਮ ਕਰਨਾ ਚਾਹੀਦਾ ਹੈ - ਏਥੇ ਧਰਤੀ 'ਤੇ - ਸਾਰੀ ਮਨੁੱਖਤਾ ਦੇ ਆਨੰਦ ਵਾਸਤੇ।"

"ਮੇਰੇ ਪੁੱਤ ਬਿੱਲ, ਨੇ ਮੈਨੂੰ ਇਸ ਗੱਲ ਬਾਰੇ ਸ਼ਰਮ ਮਹਿਸੂਸ ਕਰਵਾਈ, ਉਹ 1960 ਵਿਚ ਮੇਰੇ ਕੋਲ ਆਇਆ - ਉਦੋਂ ਉਹ 14 ਵਰ੍ਹਿਆ ਦਾ ਸੀ - ਉਹਨੇ ਕਿਹਾ: "ਮਾਂ ਤੂੰ ਬਹੁਤ ਲੰਮੇ ਸਮੇਂ ਤੋਂ ਮੈਨੂੰ ਕਹਿ ਰਹੀ ਏਂ ਕਿ ਤੂੰ ਨਾਸਤਿਕ ਏਂ। ਮੈਂ ਵੀ ਰੱਬ ਵਿਚ ਯਕੀਨ ਨਹੀਂ ਕਰਦਾ, ਪਰ ਸਕੂਲ ਵਿਚ ਹਰ ਰੋਜ਼ ਮੈਨੂੰ ਅਰਦਾਸਾਂ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ, ਤੇ ਮੈਂ ਇਕ ਦੰਭੀ ਵਾਂਗ ਮਹਿਸੂਸ ਕਰਦਾ ਹਾਂ। ਮੈਨੂੰ ਕਿਉਂ ਮੇਰੇ ਯਕੀਨ ਤੋਂ ਉਲਟ ਕੰਮ ਕਰਨ ਲਈ ਮਜਬੂਰ ਕੀਤਾ ਜਾਵੇ?" ਮੈਂ ਉਹਨੂੰ ਕੋਈ ਜਵਾਬ ਨਾ ਦੇ ਸਕੀ। ਉਹਨੇ ਪੁਰਾਣੀ ਕਹਾਵਤ ਸੁਣਾਈ: "ਤੁਸੀਂ ਉਨ੍ਹਾਂ ਨੂੰ ਕਹੇ ਸ਼ਬਦਾਂ ਤੋਂ ਨਹੀਂ ਕੀਤੇ ਕੰਮਾਂ ਤੋਂ ਜਾਣੋਗੇ" - ਉਹਨੇ ਸੰਕੇਤ ਦਿੱਤਾ ਕਿ ਜੇ ਮੈਂ ਅਸਲੀ ਨਾਸਤਿਕ ਹੋਵਾਂ, ਤਾਂ ਮੈਂ ਅਮਰੀਕਾ ਦੇ ਪਬਲਿਕ ਸਕੂਲਾਂ ਨੂੰ ਇਸ ਗੱਲ ਦੀ ਆਗਿਆ ਨਾ ਦੇਵਾਂ ਕਿ ਉਹ ਉਹਦੀ ਇੱਛਾ ਵਿਰੁੱਧ ਉਹਨੂੰ ਬਾਈਬਲ ਪੜ੍ਹਨ

ਤੇ ਅਰਦਾਸ ਕਰਨ ਲਈ ਮਜਬੂਰ ਕਰਨ। ਉਹ ਸਹੀ ਸੀ। ਕਰਮ ਤੋਂ ਬਿਨਾਂ ਸ਼ਬਦ ਬੇਮਾਇਨੇ ਤੇ ਦੰਭੀ ਹੁੰਦੇ ਹਨ। ਸੋ ਅਸੀਂ ਕੇਸ ਕਰ ਦਿੱਤਾ। ਅਖੀਰ 'ਚ ਅਸੀਂ ਜਿੱਤ ਗਏ। ਮੈਨੂੰ ਇਸ ਗੱਲ ਦਾ ਤਾਂ ਪਤਾ ਸੀ ਕਿ ਇਸ ਨਾਲ ਮੈਂ ਬਾਲਟੀਮੋਰ ਵਿਚ ਕੋਈ ਬਹੁਤੀ ਹਰਮਨ ਪਿਆਰੀ ਨਹੀਂ ਬਣਾਂਗੀ ਪਰ ਮੈਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਜ਼ਹਿਰੀਲੀ, ਬਦਲੇਖੋਰੀ, ਮਾਰੂ ਨਫਰਤ ਦੀ ਛੱਲ ਮੇਰੇ ਅਤੇ ਮੇਰੇ ਪਰਿਵਾਰ ਵਲ ਖੌਰੂ ਪਾਉਂਦੀ ਆ ਰਹੀ ਸੀ।"

"ਸਾਨੂੰ ਇਹ ਕੁਝ ਸਹਿਣਾ ਪਿਆ: "ਤੈਨੂੰ ਗੋਲ਼ੀ ਮਾਰ ਦੇਣੀ ਚਾਹੀਦੀ ਹੈ!" "... ਤੂੰ ਆਪਣਾ ਇਹ ਗੰਦਾ ਸੌਦਾ ਰਸ਼ੀਆ 'ਚ ਜਾ ਕੇ ਕਿਉਂ ਨਹੀਂ ਵੇਚਦੀ?" "... ਤੂੰ ਦੁਸ਼ਟ ਜਾਨਵਰ" ... "ਮੈਂ ਤੈਨੂੰ ਮੌਤ ਦੇ ਘਾਟ ਉਤਾਰ ਦਿਆਂਗਾ" ... "ਕੌਮੀ (ਕਮਿਉਨਿਸਟ), ਕੌਮੀ, ਕੌਮੀ" ... ਤੇਰੇ ਮੋਟੇ ਚਿੱਤੜਾਂ ਵਿਚ ਦੀ ਕਿਸੇ ਨੇ ਗੋਲ਼ੀ ਲੰਘਾ ਦੇਣੀ ਹੈ, ਤੂੰ ਗੰਦੀ ਚੀਜ਼, ਤੂੰ

ਸਮਲਿੰਗੀ ਕੁੱਤੀ" ... "ਤੈਨੂੰ ਛੇਤੀ ਹੀ ਕੋਈ ਸੋਧ ਦੇਵੇਗਾ।" "ਜਾਂ ਤੇਰੇ ਨਿੱਕੇ ਜਿਹੇ ਨਿਆਣੇ ਨੂੰ ਕੋਈ ਮਾਰ ਮੁਕਾਏਗਾ" ... "ਹਰਾਮੀ ਦੇਖਣ ਨੂੰ ਕਿੰਨਾ ਅਜੀਬ ਲਗਦਾ ਹੈ" ... "ਤੂੰ ਕੁੱਤੀ ਏਂ ਤੇ ਤੇਰਾ ਪੁੱਤ ਹਰਾਮਦਾ ਹੈ" ... "ਕੰਜਰੀ!, ਕੰਜਰੀ!, ਕੰਜਰੀ! ਕੁੱਤੀ ਕੰਜਰੀ, ਸ਼ੈਤਾਨ ਦੀ ਔਲਾਦ!" ਇਸ ਨਾਲ ਤੁਹਾਨੂੰ ਕੁਝ ਕੁਝ ਪਤਾ ਲੱਗ ਜਾਵੇਗਾ ਕਿ ਮੇਰੇ ਨਾਲ ਕੀ ਹੋਇਆ।"

"ਧਰਮ ਮਨੁੱਖ ਦੇ ਵਿਕਾਸ ਦੇ ਹਰ ਪੜਾਅ 'ਤੇ ਕਿਸੇ ਵੀ ਹੋਰ ਇਕੱਲੇ ਵਿਚਾਰ ਨਾਲੋਂ ਸਾਰੀ ਮਨੁੱਖਤਾ ਵਾਸਤੇ ਵੱਧ ਦੁੱਖ ਦਾ ਕਾਰਨ ਬਣਿਆ ਹੈ।"

"ਹੁਣ ਨਾਸਤਿਕ ਪੱਕੇ ਏਥੇ ਰਹਿਣਗੇ। ਅਸੀਂ ਸਾਰੀ ਮਨੁੱਖਤਾ ਦੇ ਫਾਇਦੇ ਲਈ ਸਭਿਆਚਾਰ ਦੀ ਸੰਭਾਲ ਕਰਾਂਗੇ ਅਤੇ ਇਸ ਨੂੰ ਅੱਗੇ ਲੈ ਕੇ ਜਾਵਾਂਗੇ। ਧਰਮ ਹਮੇਸ਼ਾ ਇਨਸਾਨ ਵਿਰੋਧੀ, ਔਰਤ ਵਿਰੋਧੀ, ਜੀਵਨ ਵਿਰੋਧੀ, ਸ਼ਾਂਤੀ ਵਿਰੋਧੀ, ਤਰਕ ਵਿਰੋਧੀ ਅਤੇ ਵਿਗਿਆਨ ਵਿਰੋਧੀ ਰਿਹਾ ਹੈ। ਰੱਬ ਦਾ ਵਿਚਾਰ ਸਿਰਫ ਮਨੁੱਖਤਾ ਹੀ ਲਈ ਨਹੀਂ ਧਰਤੀ ਲਈ ਵੀ ਫੈਸਲਾਕੁੰਨ ਰਿਹਾ ਹੈ। ਹੁਣ ਸਮਾਂ ਆ ਗਿਆ ਹੈ ਤਰਕ, ਵਿਦਿਆ ਅਤੇ ਵਿਗਿਆਨ ਵਲੋਂ ਡੋਰ ਸੰਭਾਲਣ ਦਾ।"

## ਆਈਜ਼ਕ ਅਸੀਮੋਵ (1920-1992)

*(ਰੂਸ ਦਾ ਜੰਮਪਲ਼ ਅਮਰੀਕਨ ਵਿਗਿਆਨੀ ਤੇ ਲੇਖਕ)*

"ਅਗਿਆਨਤਾ ਅੱਗੇ ਗੋਡੇ ਟੇਕ ਦੇਣੇ ਤੇ ਇਹਨੂੰ ਰੱਬ ਕਹਿ ਦੇਣਾ ਹਮੇਸ਼ਾ ਬਚਗਾਨਾ ਗੱਲ ਰਹੀ ਹੈ ਤੇ ਇਹ ਅੱਜ ਵੀ ਬਚਗਾਨਾ ਹੀ ਹੈ।"

"ਮੈਂ ਅੰਦਰੋਂ ਬਾਹਰੋਂ ਪੂਰੀ ਤਰ੍ਹਾਂ ਨਾਸਤਿਕ ਹਾਂ। ਮੈਨੂੰ ਇਹ ਕਹਿਣ ਵਿਚ ਬਹੁਤ ਲੰਮਾ ਸਮਾਂ ਲੱਗਾ ਹੈ। ਮੈਂ ਬਹੁਤ ਸਾਲਾਂ ਤੋਂ ਨਾਸਤਿਕ ਰਿਹਾ ਹਾਂ, ਪਰ ਕਿਸੇ ਕਾਰਨ ਮੈਂ ਇਹ ਮਹਿਸੂਸ ਕਰਦਾ ਰਿਹਾ ਕਿ ਇਹ ਕਹਿਣਾ ਕਿ ਮੈਂ ਨਾਸਤਿਕ ਹਾਂ, ਬੌਧਿਕ ਪੱਖੋਂ ਕੋਈ ਬਹੁਤੀ ਇੱਜ਼ਤਦਾਰ ਗੱਲ ਨਹੀਂ ਸੀ, ਕਿਉਂਕਿ ਇਸ ਦਾ ਅਰਥ ਸੀ ਕਿ ਤੁਸੀਂ ਉਹ ਗਿਆਨ ਫਰਜ਼ ਕਰ ਰਹੇ ਜੋ ਤੁਹਾਡੇ ਕੋਲ ਨਹੀਂ ਹੈ (ਰੱਬ ਦੇ ਨਾ ਹੋਣ ਦਾ ਸਬੂਤ)। ਇਸ ਕਰਕੇ ਆਪਣੇ ਆਪ ਨੂੰ ਮਨੁੱਖਵਾਦੀ ਕਹਿਣਾ ਜਾਂ ਸ਼ੰਕਾਵਾਦੀ ਕਹਿਣਾ ਬੇਹਤਰ ਸੀ। ਮੈਂ ਅਖੀਰ ਵਿਚ ਇਹ ਫੈਸਲਾ ਕੀਤਾ ਕਿ ਮੈਂ ਅਜਿਹਾ ਪ੍ਰਾਣੀ ਹਾਂ ਜੋ ਜਜ਼ਬਾਤੀ ਵੀ ਹੈ ਪਰ ਨਾਲ ਹੀ ਤਰਕਸ਼ੀਲ ਵੀ। ਮੇਰੇ ਕੋਲ ਕੋਈ ਸਬੂਤ ਤਾਂ ਨਹੀਂ ਕਿ ਮੈਂ ਸਾਬਤ ਕਰ ਸਕਾਂ ਕਿ ਰੱਬ ਦੀ ਕੋਈ ਹੋਂਦ ਨਹੀਂ, ਪਰ ਮੈਂ ਬਹੁਤ ਸ਼ਿੱਦਤ ਨਾਲ ਸੋਚਦਾ ਹਾਂ ਕਿ ਉਹ ਹੈ ਨਹੀਂ ਇਸ ਲਈ ਇਸ ਪਾਸੇ ਮੈਂ ਕੋਈ ਵਕਤ ਨਹੀਂ ਬਰਬਾਦ ਕਰਨਾ ਚਾਹੁੰਦਾ।"

"ਭਾਵੇਂ ਮੇਰੇ ਲਈ ਮੌਤ ਦਾ ਸਮਾਂ ਨੇੜੇ ਢੁੱਕ ਰਿਹਾ ਹੈ ਪਰ ਮੈਨੂੰ ਮਰਨ ਦਾ ਡਰ ਨਹੀਂ ਅਤੇ ਨਾ ਹੀ ਨਰਕ ਦਾ ਡਰ ਹੈ ਤੇ ਨਾ ਹੀ ਲੋਕਾਂ ਵਲੋਂ ਪਸੰਦ ਕੀਤੇ ਜਾਂਦੇ ਸਵਰਗ (ਜਿਹੜਾ ਕਿ ਮੁਕਾਬਲੇ 'ਚ ਸਗੋਂ ਬੁਰਾ ਹੋਵੇਗਾ) ਦਾ ਚਾਅ। ਮੌਤ ਅਸਲ ਵਿਚ ਕੁਝ ਵੀ ਨਹੀਂ ਹੋਵੇਗੀ ਅਤੇ ਮੈਨੂੰ ਅਜਿਹੇ ਸਾਰੇ ਡਰਾਂ ਤੋਂ ਮੁਕਤ ਕਰਾਉਣ ਲਈ ਮੈਂ ਨਾਸਤਿਕਤਾ ਦਾ ਬਹੁਤ ਧੰਨਵਾਦੀ ਹਾਂ।"

"ਸ਼ਕਤੀਸ਼ਾਲੀ ਸਿਆਸੀ, ਆਰਥਿਕ ਜਾਂ ਧਾਰਮਿਕ ਸਥਾਪਤੀ ਵਿਰੁੱਧ ਬਾਗੀ ਹੋਣਾ ਬਹੁਤ ਖਤਰਨਾਕ ਹੁੰਦਾ ਹੈ ਤੇ ਬਹੁਤ ਥੋੜ੍ਹੇ ਲੋਕ ਅਜਿਹਾ ਕਰਦੇ ਹਨ, ਸ਼ਾਇਦ ਇਕ ਧਾੜ ਦਾ ਹਿੱਸਾ ਹੋ ਕੇ ਕਰਦੇ ਹੋਣ। "ਵਿਗਿਆਨਕ" ਸਥਾਪਤੀ ਵਿਰੁੱਧ ਬਾਗੀ ਹੋਣਾ ਦੁਨੀਆ ਵਿਚ ਸਭ ਤੋਂ ਸੁਖਾਲੀ ਗੱਲ ਹੈ ਅਤੇ ਕੋਈ ਵੀ ਕਰ ਸਕਦਾ ਹੈ ਤੇ ਆਪਣੇ ਆਪ ਨੂੰ ਬੇਹੱਦ ਬਹਾਦਰ ਸਮਝ ਸਕਦਾ ਹੈ, ਬਿਨਾਂ ਇਕ ਕੰਡਾ ਵੀ ਲੱਗਣ ਦਾ ਖਤਰਾ ਸਹੇੜੇ ਤੋਂ। ਜੋਤਿਸ਼ ਵਿਦਿਆ 'ਚ ਯਕੀਨ ਕਰਨ ਵਾਲੀ ਬਹੁਤ ਵੱਡੀ ਗਿਣਤੀ ਸਮਝਦੀ ਹੈ ਕਿ ਸਿਤਾਰਿਆਂ ਨੂੰ ਹੋਰ ਕੋਈ ਕੰਮ ਨਹੀਂ ਸਿਵਾਏ ਸੂਚੀ ਬਣਾਉਣ ਦੇ ਜਿਹੜੀ ਮੰਨਣ ਵਾਲਿਆਂ ਨੂੰ ਦੱਸੇ ਕਿ ਕੱਲ੍ਹ ਨੂੰ ਉਨ੍ਹਾਂ ਵਾਸਤੇ ਆਪਣਾ ਵਪਾਰਿਕ ਫੈਸਲਾ ਕਰਨ ਲਈ ਦਿਨ ਚੰਗਾ ਹੈ ਜਾਂ ਨਹੀਂ। ਜਦੋਂ ਪੁਲਾੜ ਵਿਗਿਆਨੀਆਂ ਦਾ ਕੋਈ ਸਮੂਹ ਇਸ ਗੰਦ ਮੰਦ ਦੀ ਨਿੰਦਾ ਕਰ ਦੇਵੇ ਤਾਂ ਇਹ ਬਹੁਤ ਚਾਮਲ੍ਹਦੇ ਹਨ।"

## ਜੀਨ ਰੌਡਨਬੈਰੀ (1921-1991)

*(ਅਮਰੀਕਨ ਸਕਰੀਨ ਰਾਈਟਰ, ਨਿਰਮਾਤਾ ਤੇ ਭਵਿੱਖਵਾਦੀ)*

"ਸਾਨੂੰ ਅਜਿਹੇ ਰੱਬ ਦੀ ਕਹਾਣੀ ਦੇ ਤਰਕ 'ਤੇ ਸਵਾਲ ਕਰਨਾ ਚਾਹੀਦਾ ਹੈ ਜੋ ਸਰਬ-ਗਿਆਨੀ ਹੈ, ਸਰਬਸ਼ਕਤੀਮਾਨ ਹੈ ਅਤੇ ਜੋ ਮਾੜੇ ਮਨੁੱਖ ਪੈਦਾ ਕਰਦਾ ਹੈ ਤੇ ਫੇਰ ਆਪਣੀ ਗਲਤੀ ਲਈ ਉਨ੍ਹਾਂ ਮਨੁੱਖਾਂ ਨੂੰ ਹੀ ਕਸੂਰਵਾਰ ਕਹਿੰਦਾ ਹੈ।"

"ਜੇ ਤੁਹਾਡਾ ਰੱਬ ਇਹ ਹੈ ਤਾਂ ਕੋਈ ਬਹੁਤਾ ਪ੍ਰਭਾਵਸ਼ਾਲੀ ਨਹੀਂ। ਉਹਦੀਆਂ ਅਣਗਿਣਤ ਮਨੋਵਿਗਿਆਨਕ ਸਮੱਸਿਆਵਾਂ ਹਨ; ਉਹ ਬੇਹੱਦ ਅਸੁਰੱਖਿਅਤ ਹੈ। ਉਹ ਹਰ ਸੱਤਾਂ ਦਿਨਾਂ ਬਾਅਦ *(ਕਈ ਵਾਰੀ ਰੋਜ਼ ਤੇ ਕਈ ਵਾਰੀ ਦਿਹਾੜੀ ਵਿਚ ਪੰਜ ਸੱਤ ਵਾਰ ਵੀ)* ਪੂਜਾ ਕਰਵਾਉਣੀ ਚਾਹੁੰਦਾ ਹੈ। ਉਹ ਖ਼ੁਦ ਨੁਕਸ ਵਾਲੇ ਮਨੁੱਖ ਪੈਦਾ ਕਰਕੇ ਫੇਰ ਆਪਣੀ ਗਲਤੀ ਲਈ ਉਨ੍ਹਾਂ ਨੂੰ ਹੀ ਕਸੂਰਵਾਰ ਦੱਸਦਾ ਹੈ। ਪਰਮਾਤਮਾ ਵਜੋਂ ਉਹ ਬੜਾ ਨਿਰਧਨ ਜਿਹਾ ਹੈ।"

## ਸਟੀਵ ਐਲਨ (1921-2000)

*(ਅਮਰੀਕਨ ਕਮੇਡੀਅਨ)*

"ਜੇ ਤੁਸੀਂ ਲੰਮਾ ਸਮਾਂ ਮੀਂਹ ਲਈ ਅਰਦਾਸ ਕਰਦੇ ਰਹੋ ਤਾਂ ਮੀਂਹ ਪੈ ਹੀ ਜਾਂਦਾ ਹੈ। ਜੇ ਤੁਸੀਂ ਹੜ੍ਹਾਂ ਦੇ ਪਾਣੀਆਂ ਨੂੰ ਉੱਤਰਨ ਲਈ ਅਰਦਾਸ ਕਰੋ ਤਾਂ ਉਹ ਵੀ ਹੌਲੀ ਹੌਲੀ ਲਹਿ ਹੀ ਜਾਂਦੇ ਹਨ। ਅਰਦਾਸ ਤੋਂ ਬਿਨਾਂ ਵੀ ਇਸੇ ਤਰ੍ਹਾਂ ਹੁੰਦਾ ਹੈ।"

## ਪੀਟਰ ਅਸਤੀਨੋਵ (1921-2004)

*(ਰੂਸ ਦਾ ਜੰਮਪਲ਼ ਅਮਰੀਕਨ ਵਿਗਿਆਨੀ ਤੇ ਲੇਖਕ)*

"ਵਿਸ਼ਵਾਸ ਲੋਕਾਂ ਨੂੰ ਪਾੜਦੇ ਹਨ। ਸ਼ੱਕਾਂ ਲੋਕਾਂ ਨੂੰ ਜੋੜਦੀਆਂ ਹਨ।"

"ਜਦੋਂ ਅਸੀਂ ਇਕ ਵਾਰ ਆਪਣਾ ਸਾਰਾ ਜੀਵਨ ਆਪਣੇ ਦਿਮਾਗ ਦੀ ਕੈਦ ਵਿਚ ਕੱਟਣ ਦਾ ਇਰਾਦਾ ਕਰ ਲਈਏ, ਫੇਰ ਸਾਡਾ ਇੱਕੋ ਇਕ ਫਰਜ਼ ਇਸ ਆਪ ਸਿਰਜੀ ਕੈਦ ਨੂੰ ਸਜਾਉਣਾ ਹੀ ਰਹਿ ਜਾਂਦਾ ਹੈ।"

## ਚਾਰਲਜ਼ ਸੁਲਜ਼ (1922-2000)

*(ਅਮਰੀਕਨ ਕਾਰਟੂਨਕਾਰ, ਪੀਨੱਟਸ ਦਾ ਰਚੇਤਾ)*

"ਕੱਲ੍ਹ ਨੂੰ (ਅਮਰੀਕਾ ਵਿਚ) ਦੁਨੀਆ ਦੇ ਖਤਮ ਹੋਣ ਬਾਰੇ ਫਿਕਰ ਨਾ ਕਰ, ਅਸਟ੍ਰੇਲੀਆ ਵਿਚ ਤਾਂ ਕੱਲ੍ਹ ਹੋ ਵੀ ਗਿਆ ਹੈ।"

## ਕੈਥਰੀਨ ਫਾਹਰਿੰਗਰ (1922-2008)

*(ਚਰਚ ਤੇ ਰਾਜ ਨੂੰ ਵੱਖ ਵੱਖ ਰੱਖਣ ਲਈ ਅਮਰੀਕਨ ਕਾਰਕੁੰਨ )*

"ਅਸੀਂ ਹੁਣ ਨਾਲੋਂ 1500 ਸਾਲ ਅੱਗੇ ਹੋਣਾ ਸੀ ਜੇ ਚਰਚ (ਧਰਮ) ਵਿਗਿਆਨ ਦਾ ਝੱਗਾ ਫੜ੍ਹ ਕੇ ਪਿੱਛੇ ਨਾ ਖਿੱਚਦਾ ਰਹਿੰਦਾ ਤੇ ਸਾਡੇ ਵਧੀਆ ਦਿਮਾਗਾਂ ਨੂੰ ਖੰਭਿਆ ਨਾਲ ਬੰਨ੍ਹ ਬੰਨ੍ਹ ਨਾ ਲੂੰਹਦਾ।"

## ਡੀ ਡੀ ਬਨਦਿਸਤੇ (1923 -)

*(ਭਾਰਤੀ ਤਰਕਵਾਦੀ; ਪਹਿਲਾਂ ਆਰ ਆਰ ਐਸ ਦਾ ਰਹਿ ਚੁੱਕਾ ਕਾਰਕੁੰਨ ਜਿਹੜਾ ਗਾਂਧੀ ਦੀ ਹੱਤਿਆ ਤੋਂ ਬਾਅਦ ਪੰਜਾਂ ਸਾਲਾਂ ਲਈ ਕੈਦ 'ਚ ਰਿਹਾ। ਉਹਨੇ 1953 ਵਿਚ ਬਨਾਰਸ ਹਿੰਦੂ ਯੂਨੀਵਰਸਿਟੀ 'ਚ ਦਾਖਲਾ ਲਿਆ ਤੇ ਸਾਰੇ ਧਰਮਾਂ ਦੇ ਦਰਸ਼ਨ ਦਾ ਅਧਿਅਨ ਕੀਤਾ। ਇਸ ਗਿਆਨ ਨਾਲ ਲੈਸ ਹੋ ਕੇ ਉਹ ਨਾਸਤਿਕ ਬਣਿਆਂ)*

"ਹਰ ਧਰਮ ਹੀ ਇਸ ਕਿਸਮ ਦੀਆਂ ਚੰਗੀਆਂ ਗੱਲਾਂ ਲਾਗੂ ਕਰਨ ਲਈ ਕਹਿੰਦਾ ਹੈ ਜਿਵੇਂ ਕਿ ਚੋਰੀ ਨਾ ਕਰੋ, ਝੂਠ ਨਾ ਬੋਲੋ ਆਦਿ। ਇਹ ਤਾਂ ਕਿਸੇ ਵੀ ਸਭਿਅਕ ਸਮਾਜ ਦੀਆਂ ਆਮ ਗੱਲਾਂ ਹਨ ਤੇ ਇਨ੍ਹਾਂ ਨੂੰ ਕਿਸੇ ਵੀ ਧਰਮ ਨਾਲ ਨੱਥੀ ਨਹੀਂ ਕੀਤਾ ਜਾਣਾ ਚਾਹੀਦਾ।"

"ਬਹੁਤ ਸਾਰੀਆਂ ਲੜਾਈਆਂ ਝਗੜਿਆਂ ਤੋਂ ਬਚਿਆ ਜਾ ਸਕਦਾ ਹੈ ਜੇ ਆਪਣੇ ਕੰਮਾਂ ਕਾਰਾਂ ਵਿਚ "ਰੱਬ" ਸ਼ਬਦ ਨੂੰ ਨਾ ਲਿਆਂਦਾ ਜਾਵੇ।"

"ਅਧਿਅਨ ਨੇ ਮੈਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਸਾਰੇ ਧਰਮ ਬਹੁਤ ਸੰਕੀਰਣ, ਝੂਠੇ ਅਤੇ ਵੇਲਾ ਵਿਹਾ ਚੁੱਕੇ ਹਨ ਤੇ ਰੱਬ ਦਾ ਸਾਰਾ ਸੰਕਲਪ ਹੀ ਮਿੱਥ ਹੈ।"

"ਧਰਮ ਹੌਲੀ ਹੌਲੀ ਲੋਕਾਂ ਤੋਂ ਆਪਣਾ ਦਾਬਾ ਗੁਆ ਰਿਹਾ ਹੈ ਅਤੇ ਲੋਕ ਹੌਲੀ ਹੌਲੀ ਨਾਸਤਿਕ ਹੋ ਰਹੇ ਹਨ ... ਜਿੱਦਾਂ ਵੀ ਹੈ, ਮੈਂ ਹੌਲੀ ਹੌਲੀ ਤੋਂ ਏਨਾ ਨਿਰਾਸ਼ ਨਹੀਂ।"

## ਲੈਨੀ ਬਰੂਸ (1925-1966) )

*(ਅਮਰੀਕਨ ਵਿਅੰਗ ਲੇਖਕ)*

"ਜੇ ਜੀਸਸ ਨੂੰ ਅੱਜ ਤੋਂ ਵੀਹ ਸਾਲ ਪਹਿਲਾਂ ਮਾਰਿਆ ਹੁੰਦਾ ਤਾਂ ਕੈਥੋਲਿਕ ਸਕੂਲੀ ਬੱਚਿਆਂ ਦੇ ਗਲ਼ਾਂ 'ਚ ਕਰਾਸ ਦੀ ਥਾਂ ਛੋਟੀਆਂ ਛੋਟੀਆਂ ਬਿਜਲਈ ਕੁਰਸੀਆਂ (ਇਲੈਕਟਰਿਕ ਚੇਅਰ ਜਿਹਦੇ ਨਾਲ ਦੋਸ਼ੀ ਨੂੰ ਮਾਰਿਆ ਜਾਂਦਾ ਹੈ) ਲਟਕਦੀਆਂ ਹੋਣੀਆਂ ਸਨ।"

## ਰੌਡ ਸਟਾਈਗਰ (1925-2002)

*(ਅਮਰੀਕਨ ਅਦਾਕਾਰ)*

"ਧਰਮ ਸਿਰਫ ਏਨੀ ਗੱਲ ਹੀ ਹੈ - ਕੁਝ ਅਸੂਲ ਜਿਨ੍ਹਾਂ 'ਚ ਤੁਹਾਨੂੰ ਯਕੀਨ ਹੈ ... ਬੰਦੇ ਨੇ ਕਿਤੇ ਜ਼ਿਆਦਾ ਕਾਰਨਾਮੇ ਕੀਤੇ ਹਨ ਉਸ ਰੱਬ ਨਾਲੋਂ ਜਿਸ ਨੂੰ ਇਸ ਨੇ ਖੁਦ ਘੜਿਆ ਸੀ। ਇਹ ਕਿੰਨੀ ਦੁੱਖ ਦੀ ਗੱਲ ਹੈ ਕਿ ਆਪੇ ਆਪਣੇ ਰੱਬ ਨੂੰ ਘੜੋ ਤੇ ਫੇਰ ਉਹਨੂੰ ਰਾਜਾ ਬਣਾ ਕੇ ਉਹਦੇ ਥੱਲੇ ਦੁੱਖ ਝੱਲੋ।"

## ਗੋਰ ਵੀਡੈਲ (1925-)

*(ਅਮਰੀਕਨ ਲੇਖਕ)*

"ਦੁਨੀਆ ਭਰ ਦੇ ਇਤਿਹਾਸ ਵਿਚ ਕਿਸੇ ਵੀ ਹੋਰ ਬੰਦੇ ਦੇ ਨਾਂ ਤੋਂ ਵੱਧ ਲੋਕ ਈਸਾ ਦੇ ਨਾਂ 'ਤੇ ਮਾਰੇ ਗਏ ਹਨ।"

## ਜੌਹਨ ਫਾਉਲਜ਼ (1926-2005)

*(ਅੰਗ੍ਰੇਜ਼ੀ ਨਾਵਲਕਾਰ, ਕਵੀ ਤੇ ਨਿਬੰਧਕਾਰ)*

"ਨਾਸਤਿਕ ਹੋਣਾ ਕੋਈ ਸਦਾਚਾਰਕ ਚੋਣ ਦੀ ਗੱਲ ਨਹੀਂ, ਇਹ ਤਾਂ ਮਨੁੱਖਤਾ ਵਲ ਬਣਦਾ ਫਰਜ਼ ਹੈ।"

## ਐਨ ਨਿਕੋਲ ਗੇਅਲਰ (1926-)

*(ਅਮਰੀਕਨ, ਫਰੀਡਮ ਫਰੌਮ ਰਿਲੀਜਨ ਫਾਉਂਡੇਸ਼ਨ ਦੇ ਬਾਨੀਆਂ ਵਿੱਚੋਂ।*

"ਕੋਈ ਰੱਬ, ਸ਼ੈਤਾਨ, ਦੇਵਤੇ, ਸਵਰਗ ਜਾਂ ਨਰਕ ਨਹੀਂ ਹੈ। ਸਿਰਫ ਸਾਡੀ ਕੁਦਰਤੀ ਦੁਨੀਆ ਹੈ। ਧਰਮ ਇਕ ਮਿੱਥ ਤੇ ਅੰਧ-ਵਿਸ਼ਵਾਸ ਹੈ ਜਿਹੜਾ ਦਿਲਾਂ ਨੂੰ ਪੱਥਰ ਬਣਾ ਦਿੰਦਾ ਹੈ ਤੇ ਦਿਮਾਗਾਂ ਨੂੰ ਗੁਲਾਮ।"

## ਕਾਇ ਨੀਲਸਨ (1926-)

*(ਕਨੇਡੀਅਨ ਦਾਰਸ਼ਨਿਕ)*

"ਅਜੋਕੇ ਸਭਿਆਚਾਰ ਵਿਚ ਬੁੱਧੀ ਜੀਵੀਆਂ ਵਾਸਤੇ ਧਰਮ ਵੱਖਰਾ ਸਥਾਨ ਰੱਖਦਾ ਹੈ। ਜਿਸ ਤਰ੍ਹਾਂ ਦਾ ਸਾਡਾ ਸਭਿਆਚਾਰ ਹੈ, ਬੁੱਧੀ ਜੀਵੀਆਂ ਵਾਸਤੇ ਧਰਮ ਬਹੁਤੀ ਵਾਰੀ ਬੜੀ ਵੱਖਰੀ ਦੁਨੀਆ ਹੁੰਦੀ ਹੈ। ਅਸੀਂ ਪਰਾ-ਗਿਆਨ (ਪੋਸਟ-ਇਨਲਾਈਟਿਨਮੈਂਟ) ਸਮੇਂ ਜੀਅ ਰਹੇ ਹਾਂ ਅਤੇ ਸਾਡੇ ਲਈ ਧਰਮ ਨੂੰ ਸੰਜੀਦਗੀ ਨਾਲ ਲੈਣਾ ਮੁਸ਼ਕਲ ਹੈ। ਧਰਮ ਦਾ ਸੰਕਲਪ ਹੀ ਸਾਨੂੰ ਬੜਾ ਵਿਲੱਖਣ ਕਾਲਪਨਿਕ ਲਗਦਾ ਹੈ ... ਕਿ ਇਸ ਸਮੇਂ ਵਿਚ ਵੀ ਲੋਕ ਯਕੀਨ ਕਰਦੇ ਹਨ ਕਿ ਉਨ੍ਹਾਂ ਦਾ ਰੱਬ ਦੇ ਨਾਲ ਜਾਤੀ ਪੱਧਰ 'ਤੇ ਮੇਲ ਹੋਇਆ ਹੈ, ਉਹ ਯਕੀਨ ਕਰ ਸਕਦੇ ਹਨ ਕਿ ਉਨ੍ਹਾਂ ਨੂੰ "ਰੱਬ ਨਾਲ ਰਹੱਸਮਈ ਤਜਰਬਾ ਹੋਇਆ ਹੈ" ਇਸ ਲਈ ਉਨ੍ਹਾਂ ਦਾ ਹੋਲੀ ਸਪਿਰਟ 'ਚ ਦੁਬਾਰਾ ਜਨਮ ਹੋਇਆ ਹੈ। ਇਹ ਗੱਲ ਮਨੁੱਖੀ ਤਰਕਹੀਣਤਾ ਦਾ ਤੇ ਯਥਾਰਥ ਦੀ ਪਕੜ ਨਾ ਹੋਣ ਦਾ ਸਬੂਤ ਦਿੰਦੀ ਹੈ।"

## ਐਡਵਰਡ ਐਬੀ (1927-1989)

*(ਅਮਰੀਕਨ ਲੇਖਕ)*

"ਦੈਵੀ ਸ਼ਕਤੀ 'ਚ ਯਕੀਨ ਕਲਪਨਾ ਦੀ ਨਾਕਾਮਯਾਬੀ ਦਾ ਵਿਖਾਵਾ ਹੈ।"

"ਜੋ ਕੁਝ ਵੀ ਸਾਨੂੰ ਸੁਖਾਲਿਆਂ ਸਮਝ ਨਹੀਂ ਪੈਂਦਾ ਉਹਨੂੰ ਅਸੀਂ ਰੱਬ ਕਹਿ ਦਿੰਦੇ ਹਾਂ; ਇਸ ਨਾਲ ਦਿਮਾਗ ਦੇ ਟਿਸ਼ੂ ਟੁੱਟ-ਭੱਜ ਤੋਂ ਬਚ ਜਾਂਦੇ ਹਨ।"

"ਰੱਬ ਲੋਕਾਂ ਦੀ ਕੱਢੀ ਹੋਈ ਉਹ ਆਵਾਜ਼ ਹੈ ਜਦੋਂ ਥਕਾਵਟ ਕਾਰਨ ਉਹ ਹੋਰ ਕੁਝ ਸੋਚ ਨਾ ਸਕਣ।"

## ਫੀਡਲ ਕਾਸਟਰੋ (1927-)

*(ਕਿਊਬਾ ਦਾ ਇਨਕਲਾਬੀ ਆਗੂ)*

"ਜਦੋਂ ਮੈਂ ਛੋਟਾ ਜਿਹਾ ਮੁੰਡਾ ਸੀ ਤਾਂ ਮੇਰੇ ਪਿਓ ਨੇ ਮੈਨੂੰ ਸਿਖਾਇਆ ਸੀ ਕਿ ਜਦੋਂ ਵੀ ਕਦੇ ਮੇਰੇ ਮਨ ਵਿਚ ਕਿਸੇ ਕੁੜੀ ਲਈ ਕੋਈ ਗੰਦੇ ਵਿਚਾਰ ਆਉਣ ਤਾਂ ਇਕ ਚੰਗਾ ਕੈਥੋਲਿਕ ਹੋਣ ਲਈ ਮੈਨੂੰ ਚਰਚ ਵਿਚ ਜਾ ਕੇ ਆਪਣਾ ਪਾਪ ਸਵੀਕਾਰ ਕਰਨਾ ਪੈਣਾ ਹੈ। ਉਸੇ ਸ਼ਾਮ ਮੈਨੂੰ ਦੌੜ ਕੇ ਚਰਚ ਜਾਣਾ ਪਿਆ ਆਪਣਾ ਪਾਪ ਸਵੀਕਾਰ ਕਰਨ। ਫੇਰ ਅਗਲੀ ਸ਼ਾਮ ਨੂੰ ਵੀ, ਫੇਰ ਅਗਲੀ ਨੂੰ ਵੀ। ਹਫਤੇ ਬਾਅਦ ਮੈਂ ਫੈਸਲਾ ਕਰ ਲਿਆ ਇਹ ਧਰਮ ਦਾ ਚੱਕਰ ਮੇਰੇ ਲਈ ਨਹੀਂ ਹੈ।"

## ਡਾ: ਜੇਮਜ਼ ਵਾਟਸਨ (1928-)

*(ਅਮਰੀਕਨ ਜੀਵ ਵਿਗਿਆਨੀ)*

"ਰੱਬ 'ਚ ਯਕੀਨ ਕਰਨ ਦਾ ਸੱਭ ਤੋਂ ਵੱਡਾ ਫਾਇਦਾ ਤਾਂ ਇਹੀ ਹੈ ਕਿ ਤੁਹਾਨੂੰ ਕੁਛ ਵੀ ਸਮਝਣ ਦੀ ਲੋੜ ਨਹੀਂ ਹੈ, ਨਾ ਭੌਤਿਕ ਵਿਗਿਆਨ ਨਾ ਜੀਵ ਵਿਗਿਆਨ...।"

## ਨੋਮ ਚਾਮਸਕੀ (1928-)

*(ਅਮਰੀਕਨ ਭਾਸ਼ਾ ਵਿਗਿਆਨੀ ਅਤੇ ਚਿੰਤਕ)*

"ਅਮਰੀਕਾ ਦੀ ਜਨਸੰਖਿਆ ਦਾ ਤਿੰਨ ਚੌਥਾਈ (75%) ਹਿੱਸਾ ਧਾਰਮਿਕ ਚਮਤਕਾਰਾਂ ਵਿਚ ਯਕੀਨ ਰੱਖਦਾ ਹੈ। ਹੈਰਾਨਕੁੰਨ ਗਿਣਤੀ ਸ਼ੈਤਾਨ (ਡੈਵਿਲ), ਕਿਆਮਤ, ਤੇ ਰੱਬ ਵਲੋਂ ਇਹ ਜਾਂ ਉਹ ਕਰ ਸਕਣ ਵਿਚ ਯਕੀਨ ਕਰਦੀ ਹੈ। ਸਨਅਤੀ ਤੌਰ 'ਤੇ ਵਿਕਸਤ ਮੁਲਕਾਂ ਵਿਚ ਕਿਤੇ ਵੀ ਹੋਰ ਇਸ ਕਿਸਮ ਦੀ ਗਿਣਤੀ ਨਹੀਂ ਹੈ। ਏਦਾਂ ਦੀ ਗਿਣਤੀ ਦੇਖਣ ਲਈ ਤੁਹਾਨੂੰ ਜਾਂ ਤਾਂ ਇਰਾਨ ਦੀ ਕਿਸੇ ਮਸਜਦ ਵਿਚ ਜਾ ਕੇ ਖੋਜ ਕਰਨੀ ਪਵੇਗੀ ਜਾਂ ਸਿਸਲੀ ਦੀਆਂ ਸਿਆਣੀ ਉਮਰ ਦੀਆਂ ਔਰਤਾਂ ਕੋਲੋਂ ਪੁੱਛਣਾ ਪਵੇਗਾ। ਤੇ ਇਹ ਹਨ ਅਮਰੀਕਾ ਦੇ ਲੋਕ।"

## ਰੌਬਰਟ ਪਿਰਸਿਗ (1928-)

*(ਅਮਰੀਕਨ, ਜੈਨ ਮੱਤ ਦਾ ਦਾਰਸ਼ਨਿਕ)*

"ਜਦੋਂ ਇਕ ਵਿਅਕਤੀ ਭੁਲੇਖੇ ਦਾ ਸ਼ਿਕਾਰ ਹੋਵੇ ਤਾਂ ਉਹਨੂੰ ਦਿਮਾਗੀ ਬਿਮਾਰੀ ਕਿਹਾ ਜਾਂਦਾ ਹੈ। ਜਦੋਂ ਬਹੁਤ ਸਾਰੇ ਲੋਕ ਕਿਸੇ ਭੁਲੇਖੇ ਦਾ ਸ਼ਿਕਾਰ ਹੋਣ ਤਾਂ ਉਹਨੂੰ ਧਰਮ ਕਿਹਾ ਜਾਂਦਾ ਹੈ।"

"ਅਧਿਆਤਮਵਾਦ ਉਹ ਰੈਸਟੋਰੈਂਟ ਹੈ ਜਿੱਥੇ ਉਹ ਤੁਹਾਨੂੰ ਤੀਹ ਹਜ਼ਾਰ ਸਫੇ ਦੀ ਖਾਣਿਆਂ ਦੀ ਸੂਚੀ (ਮੈਨਿਊ) ਫੜਾ ਦਿੰਦੇ ਹਨ ਪਰ ਖਾਣ ਲਈ ਕੁਝ ਨਹੀਂ ਮਿਲਦਾ।"

## ਜੇਮਜ਼ ਰੈਂਡੀ (1928 - )

*(ਅਮਰੀਕਨ, ਜਿਹੜਾ ਜਾਦੂ ਮੰਤਰ ਵਰਤ ਕੇ ਦੁੱਖ ਦੂਰ ਕਰਨ ਵਾਲੇ ਢੋਂਗੀਆ ਦੇ ਪਰਦੇ ਫਾਸ਼ ਕਰਦਾ ਹੈ)*

"ਵੱਧ ਵਿਸ਼ਵਾਸ ਕਰਨ ਨਾਲ ਕੋਈ ਚੀਜ਼ ਅਸਲੀ ਨਹੀਂ ਹੋ ਜਾਂਦੀ।"

"ਮੈਂ ਬੜੇ ਅਜੀਬ ਜਿਹੇ ਧੰਦੇ 'ਚ ਹਾਂ: ਮੈਂ ਸਾਰੀ ਦੁਨੀਆ ਵਿਚ ਘੁੰਮ ਕੇ ਲੋਕਾਂ ਨੂੰ ਉਹ ਕੁਝ ਦੱਸਦਾ ਹਾਂ (ਅੰਧ ਵਿਸ਼ਵਾਸਾਂ ਤੇ ਜਾਦੂ-ਟੂਣਿਆਂ ਬਾਰੇ) ਜੋ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਹੋਣਾ ਚਾਹੀਦਾ ਹੈ।"

## ਐਡਵਰਡ ਓ ਵਿਲਸਨ (1929 –)

*(ਅਮਰੀਕਨ ਦਾਰਸ਼ਨਿਕ)*

"ਧਾਰਮਿਕ ਜਕੜ ਬਾਰੇ ਫਿਕਰ ਕਰਨ ਵਾਲੇ ਵਿਗਿਆਨੀਆਂ ਅਤੇ ਹੋਰ ਲੋਕਾਂ ਨੂੰ ਮੇਰਾ ਕਹਿਣਾ ਹੈ ਕਿ ਰੌਸ਼ਨੀ ਦੇਣ ਵਾਲੀ ਮੋਮਬੱਤੀ ਜਗਾਈ ਜਾਵੇ ਅਤੇ ਹਨੇਰੇ ਨੂੰ ਪਿੱਛੇ ਧੱਕੀ ਜਾਵੋ।"

## ਜਾਹਨ ਰੀਮੈਨ (1930 –)

*(ਬਰਤਾਨੀਆ ਦੀ ਲੇਬਰ ਪਾਰਟੀ ਦਾ ਸਾਬਕਾ ਮੈਂਬਰ ਪਾਰਲੀਆਮੈਂਟ)*

"ਸਾਡੀ ਮੌਤ ਬਾਅਦ ਕੀ ਹੁੰਦਾ ਹੈ? ਵਿਡੰਬਣਾ ਇਹ ਹੈ ਕਿ ਸਾਡੇ ਸਾਰੇ ਸਵਾਲਾਂ ਦਾ ਜਵਾਬ ਮਰਨ ਤੋਂ ਬਾਅਦ ਮਿਲੇਗਾ। ਅਸੀਂ ਆਪਣਾ ਸਾਰਾ ਜੀਵਨ ਸੱਚ ਦੀ ਭਾਲ ਕਰਦੇ ਗੁਜ਼ਾਰਦੇ ਹਾਂ ਤੇ ਸੱਚ ਨੂੰ ਜਾਨਣ ਦਾ ਇੱਕੋ ਇਕ ਰਾਹ ਹੈ ਕਿ ਅਸੀਂ ਬੱਸ ਦੀ ਟੱਕਰ 'ਚ ਮਾਰੇ ਜਾਈਏ। ਤੇ ਧਰਮ ਸਾਨੂੰ ਇੱਕੋ ਰਾਹਤ ਪ੍ਰਦਾਨ ਕਰਦਾ ਹੈ ਕਿ ਰੱਬ ਉਹ ਬੱਸ ਚਲਾ ਰਿਹਾ ਹੋਵੇਗਾ।"

## ਨਥਾਨੀਅਲ ਬਰੈਂਡਨ (1930 –)

*(ਕਨੇਡੀਅਨ ਮਨੋਵਿਗਿਆਨੀ)*

"ਜਿਸ ਕਿਸੇ ਦਾ ਵੀ ਮਨੋ ਚਿਕਿਤਸਾ (ਸਾਈਕੋਥੈਰਾਪੀ) ਨਾਲ ਵਾਹ ਪੈਂਦਾ ਹੈ ਉਸ ਨੂੰ ਹਰ ਰੋਜ਼ ਉਸ ਤਬਾਹੀ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਹੜੀ ਧਰਮ ਦੀ ਸਿੱਖਿਆ ਨਾਲ ਪੈਦਾ ਹੁੰਦੀ ਹੈ।"

## ਪੈਟ ਰੌਬਰਟਸਨ (1930 –)

*(ਅਮਰੀਕਨ ਕੱਟੜਵਾਦੀ ਇਸਾਈ)*

*ਪੈਟ ਰੌਬਰਟਸਨ ਤੇ ਉਸ ਦੀ ਕੋਹੋਸਟ ਕਰਿਸਟੀ ਵਾਟਸ ਵਿਚਕਾਰ ਹੇਤੀ ਵਿਚ ਆਏ ਭਿਆਨਕ ਭੁਚਾਲ ਬਾਰੇ 13 ਜਨਵਰੀ 2010 ਨੂੰ ਟੈਲੀਵਿਯਨ 'ਤੇ ਕੀਤੀ ਗਈ ਗੱਲਬਾਤ*

ਪੈਟ ਰੌਬਰਟਸਨ:"ਤੇ ਤੈਨੂੰ ਪਤਾ ਕਰਿਸਟੀ, ਬਹੁਤ ਚਿਰ ਪਹਿਲਾਂ ਹੇਤੀ ਵਿਚ ਕੁਝ ਵਾਪਰਿਆ ਸੀ, ਲੋਕ ਸ਼ਾਇਦ ਇਹਦੇ ਬਾਰੇ ਗੱਲਬਾਤ ਨਾ ਕਰਨੀ ਚਾਹੁਣ। ਉਹ ਫਰਾਂਸੀਸੀਆਂ ਦੀ ਅੱਡੀ ਥੱਲੇ ਸਿਗੇ। ਤੈਨੂੰ ਪਤਾ ਹੀ ਹੈ ਨਿਪੋਲੀਅਨ ਤੀਜਾ ਤੇ ਜੋ ਵੀ ਹੋਰ ਕੋਈ। ਉਨ੍ਹਾਂ ਨੇ ਕੱਠੇ ਹੋ ਕੇ ਸ਼ੈਤਾਨ (ਡੈਵਿਲ) ਨਾਲ ਇਕ ਸਮਝੌਤੇ 'ਤੇ ਸੌਂਹ ਚੁੱਕੀ। ਉਨ੍ਹਾਂ ਨੇ ਕਿਹਾ, "ਅਸੀਂ ਤੇਰੀ ਗੁਲਾਮੀ ਕਰਾਂਗੇ ਜੇ ਤੂੰ ਸਾਨੂੰ ਫਰਾਂਸੀਸੀਆਂ ਤੋਂ ਆਜ਼ਾਦ ਕਰਵਾ ਦੇਵੇਂ"। ਇਹ ਸੱਚੀ ਕਹਾਣੀ ਹੈ। ਤੇ ਫੇਰ, ਸ਼ੈਤਾਨ ਨੇ ਕਿਹਾ, "ਠੀਕ ਹੈ, ਓ ਕੇ, ਪੱਕਾ ਸਮਝੌਤਾ ਹੋਇਆ।"

ਅਤੇ ਉਨ੍ਹਾਂ ਨੇ ਫਰਾਂਸੀਸੀਆਂ ਨੂੰ ਬਾਹਰ ਕੱਢ ਦਿੱਤਾ। ਤੈਨੂੰ ਪਤਾ ਹੀ ਹੈ ਕਿ ਹੇਤੀਅਨਾਂ ਨੇ ਵਿਦਰੋਹ ਕੀਤਾ ਤੇ ਆਪਣੇ ਆਪ ਨੂੰ ਆਜ਼ਾਦ ਕਰਵਾ ਲਿਆ। ਪਰ ਉਦੋਂ ਤੋਂ ਲੈ ਕੇ, ਉਹ ਹਰ ਕਿਸਮ ਦੇ ਸਰਾਪ ਥੱਲੇ ਹਨ। ਬੇਹੱਦ ਗਰੀਬੀ। ਉਹ ਟਾਪੂ, ਹਿਸਪੈਨੀਓਲਾ ਇਕ ਟਾਪੂ ਹੈ। ਉਹਨੂੰ ਅੱਧ ਵਿੱਚੋਂ ਵੰਡਿਆਂ ਹੋਇਆ ਹੈ ਇਕ ਪਾਸੇ ਹੇਤੀ ਹੈ; ਦੂਜੇ ਪਾਸੇ ਡੁਮੀਨੀਕਨ ਰੀਪਬਲਿਕ ਹੈ। ਡੁਮੀਨੀਕਨ ਰੀਪਬਲਿਕ ਬੜਾ ਖੁਸ਼ਹਾਲ ਹੈ, ਸਿਹਤਮੰਦ, ਹਰ ਕਿਸਮ ਦੇ ਸੋਮਿਆਂ ਨਾਲ ਭਰਪੂਰ, ਆਦਿ ਆਦਿ। ਹੇਤੀ ਘੋਰ ਗਰੀਬੀ ਵਿਚ ਹੈ। ਇਕੋ ਟਾਪੂ। ਉਨ੍ਹਾਂ ਦੀ ਲੋੜ ਹੈ, ਤੇ ਸਾਨੂੰ ਉਨ੍ਹਾਂ ਲਈ ਅਰਦਾਸ ਕਰਨੀ ਚਾਹੀਦੀ ਹੈ, ਕਿ ਰੱਬ ਵੱਲ ਮੁੜਨ। ਅਤੇ ਇਸ ਤ੍ਰਾਸਦੀ ਵਿਚੋਂ, ਮੈਨੂੰ ਪੂਰੀ ਆਸ ਹੈ ਕਿ ਕੁਝ ਨਾ ਕੁਝ ਚੰਗਾ ਜ਼ਰੂਰ ਨਿਕਲੇਗਾ। ਪਰ ਇਸ ਵੇਲੇ, ਅਸੀਂ ਪੀੜਤ ਲੋਕਾਂ ਦੀ ਮਦਦ ਕਰ ਰਹੇ ਹਾਂ ਤੇ ਉਨ੍ਹਾਂ ਦੇ ਦੁੱਖਾਂ ਬਾਰੇ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ।"

ਕਰਿਸਟੀ ਵਾਟਸ (ਕੋਹੋਸਟ): "ਬਿਲਕੁਲ ਪੱਕੀ ਗੱਲ ਹੈ ਪੈਟ।"

## ਟੌਮ ਵੌਲਫ (1931 -)

*(ਅਮਰੀਕਨ ਨਾਵਲਕਾਰ)*

"ਸੰਪਰਦਾਇ (ਕਲਟ) ਉਹ ਧਰਮ ਹੁੰਦਾ ਹੈ ਜਿਸ ਕੋਲ ਸਿਆਸੀ ਤਾਕਤ ਨਹੀਂ ਹੁੰਦੀ।"

## ਸੈਨੇਟਰ ਲੌਵਲ ਵੀਅਕਰ (1931 -)

*(ਅਮਰੀਕਨ ਸਿਆਸਤਦਾਨ)*

"ਯੂਨਾਈਟਿਡ ਸਟੇਟਸ ਇਸਾਈ ਮੁਲਕ ਨਹੀਂ ਹੈ। ਇਹ ਮਹਾਨ ਦੇਸ ਹੈ ਜਿਸ ਵਿਚ ਹੋਰਾਂ ਦੇ ਨਾਲ ਇਸਾਈ ਰਹਿੰਦੇ ਹਨ। ਪਰ ਸਾਡੀ ਮਹਾਨਤਾ ਇਸ ਗੱਲ ਵਿਚ ਹੈ ਕਿ ਸਾਡਾ ਕੋਈ ਵੀ ਸਰਕਾਰੀ ਧਰਮ ਨਹੀਂ ਹੈ।"

"ਹੁਣ ਸਮਾਂ ਆ ਗਿਆ ਹੈ ਅਮਰੀਕਨ ਸਿਆਸਤ ਵਿਚ ਇਸ ਧਰਮ ਦੇ ਕਾਰੋਬਾਰ ਨੂੰ ਖਤਮ ਕੀਤਾ ਜਾਵੇ। ਇਸ ਨਾਲ ਜੋ ਨੁਕਸਾਨ ਹੋ ਸਕਦਾ ਉਸ ਦਾ ਕੋਈ ਅੰਤ ਨਹੀਂ।"

## ਜੌਹਨ ਅਪਡਾਈਕ (1932 -2009)

*(ਅਮਰੀਕਨ ਨਾਵਲਕਾਰ)*

"ਜਦੋਂ ਵੀ ਧਰਮ ਵਿਗਿਆਨ ਨੂੰ ਹੱਥ ਲਾਉਂਦਾ ਹੈ, ਇਸ ਦਾ ਹੱਥ ਸੜਦਾ ਹੈ। ਸੋਲ੍ਹਵੀਂ ਸਦੀ ਵਿਚ ਤਾਰਾ ਵਿਗਿਆਨ, ਸਤਾਰਵੀਂ ਸਦੀ ਵਿਚ ਮਾਈਕਰੋਬਾਇਆਲੋਜੀ, ਅਠਾਰਵੀਂ ਸਦੀ ਵਿਚ ਭੂ-ਵਿਗਿਆਨ ਤੇ ਪਥਰਾਟ-ਵਿਗਿਆਨ (ਪੇਲਿਨਟੌਲੋਜੀ), ਉਨੀਵੀਂ ਸਦੀ ਵਿਚ ਡਾਰਵਿਨ ਦੇ ਜੀਵ-ਵਿਗਿਆਨ, ਸਭ ਨੇ ਮਿਲ ਕੇ ਬੇਢੰਗੇਪਨ ਨਾਲ ਦੁਨੀਆ ਦੇ ਚੌਖਟੇ ਨੂੰ ਏਨਾ ਵੱਡਾ ਕਰ ਦਿੱਤਾ ਹੈ ਕਿ ਧਾਰਮਿਕ ਲੋਕਾਂ ਨੂੰ ਸਿਰ ਛੁਪਾਉਣ ਦੀ ਭਾਜੜ ਪਈ ਹੋਈ ਹੈ। ਹੁਣ ਇਹ ਸਾਈਕੀ ਦੀਆਂ ਛੋਟੀਆਂ ਛੋਟੀਆਂ ਹਨੇਰੀਆਂ ਨੁਕਰਾਂ ਵਿਚ, ਛੋਟੀਆਂ ਛੋਟੀਆਂ ਉਦਾਸ ਗੁਫਾਵਾਂ ਵਿਚ ਛੁਪਦਾ ਫਿਰਦਾ ਹੈ। ਉੱਥੇ ਵੀ ਹੁਣ ਤੰਤੂ-ਵਿਗਿਆਨ (ਨੁਰੌਲੋਜੀ) ਨੇ ਇਸ ਦਾ ਜੀਣਾ ਹਰਾਮ ਕਰ ਦਿੱਤਾ ਹੈ। ਦਿਮਾਗ ਦੀਆਂ ਤਹਿਆਂ ਵਿੱਚੋਂ ਇਸ ਨੂੰ ਬੇਰਹਿਮੀ ਨਾਲ ਬਾਹਰ ਕੱਢਿਆ ਜਾ ਰਿਹਾ ਹੈ, ਜਿਸ ਤਰ੍ਹਾਂ ਲੱਕੜੀ ਦੇ ਕੀੜਿਆਂ ਨੂੰ ਲੱਕੜੀ ਦੇ ਢੇਰ ਥੱਲਿਓਂ ਕੱਢਿਆ ਜਾਂਦਾ ਹੈ।"

## ਸਟੀਵਨ ਵੀਨਬਰਗ (1933-)

*(ਅਮਰੀਕਨ ਭੌਤਿਕ ਵਿਗਿਆਨੀ ਤੇ ਨੋਬਲ ਇਨਾਮ ਜੇਤੂ)*

"ਬਹੁਤੇ ਵਿਗਿਆਨੀ, ਜਿਨ੍ਹਾਂ ਨੂੰ ਮੈਂ ਜਾਣਦਾਂ ਹਾਂ, ਧਰਮ ਦੀ ਏਨੀ ਵੀ ਪਰਵਾਹ ਨਹੀਂ ਕਰਦੇ ਕਿ ਉਹ ਆਪਣੇ ਆਪ ਨੂੰ ਨਾਸਤਿਕ ਵੀ ਕਹਿਣ।"

"ਉਨ੍ਹਾਂ ਨੂੰ ਲੱਗਦਾ ਸੀ ਕਿ ਵਿਗਿਆਨ ਧਾਰਮਿਕ ਵਿਸ਼ਵਾਸ ਨੂੰ ਖੋਰਾ ਲਾਵੇਗਾ ਅਤੇ ਉਹਨਾਂ ਨੂੰ ਇਸ ਗੱਲ ਦਾ ਫਿਕਰ ਵੀ ਬੜਾ ਸੀ। ਮੇਰਾ ਖਿਆਲ ਹੈ ਕਿ ਉਹ ਠੀਕ ਹੀ ਸਨ - ਹੋਇਆ ਵੀ ਐਨ ਇੱਦਾਂ ਹੀ। ਵਿਗਿਆਨ ਸੱਚਮੁੱਚ ਧਾਰਮਿਕ ਵਿਸ਼ਵਾਸ ਨੂੰ ਖੋਰਾ ਲਾ ਰਿਹਾ ਹੈ ਤੇ ਇਹ ਬਹੁਤ ਚੰਗੀ ਗੱਲ ਹੈ।"

"ਧਰਮ ਨਾਲ ਜਾਂ ਧਰਮ ਤੋਂ ਬਿਨਾਂ, ਚੰਗੇ ਲੋਕ ਚੰਗੇ ਤੇ ਮਾੜੇ ਲੋਕ ਮਾੜੇ ਕੰਮ ਕਰਨਗੇ। ਪਰ ਚੰਗੇ ਲੋਕ ਮਾੜੇ ਕੰਮ ਕਰਨ, ਇਹ ਧਰਮ ਦਾ ਹੀ ਕਰਿਸ਼ਮਾ ਹੈ।"

"ਧਰਮ ਦੀ ਪਕੜ ਨੂੰ ਕਮਜ਼ੋਰ ਕਰਨ ਲਈ ਅਸੀਂ ਵਿਗਿਆਨੀ ਜੋ ਵੀ ਕਰ ਸਕਦੇ ਹਾਂ ਸਾਨੂੰ ਕਰਨਾ ਚਾਹੀਦਾ ਹੈ ਅਤੇ ਸੰਭਵ ਹੈ ਕਿ ਅਖੀਰ ਵਿਚ ਸਭਿਅਤਾ ਨੂੰ ਸਾਡੀ ਇਹ ਹੀ ਸੱਭ ਤੋਂ ਵੱਡੀ ਦੇਣ ਹੋਵੇ।"

## ਡਾਨਲਡ ਮੋਰਗਨ (1933-)

*(ਧਰਮਸ਼ਾਸਤਰ-ਵਿਰੋਧੀ)*

"ਸੂਲੀ ਚੜੇ ਈਸਾ (ਜੀਸਸ) ਦੇ ਆਖਰੀ ਸ਼ਬਦ ਸਨ ' ਓ ਮੇਰਿਆ ਰੱਬਾ, ਓ ਮੇਰਿਆ ਰੱਬਾ, ਤੂੰ ਮੈਨੂੰ ਕਿਓਂ ਛੱਡ ਗਿਆਂ?' ਉਸ ਬੰਦੇ ਦੇ ਸ਼ਬਦ ਤਾਂ ਨਈਂ ਲਗਦੇ ਜਿਹਨੇ ਸਾਰੀ ਗੱਲ ਇਸ ਤਰ੍ਹਾਂ ਵਿਉਂਤੀ ਹੋਵੇ। ਇਹ ਸਮਝਣ ਲਈ ਕਿ ਇਥੇ ਕੁਛ ਨਾ ਕੁਛ ਗੜਬੜ ਹੈ, ਤੁਹਾਡਾ ਸ਼ਰਲਿਕ ਹੋਮ (ਵੱਡਾ ਜਾਸੂਸ) ਹੋਣਾ ਜ਼ਰੂਰੀ ਨਹੀਂ ।"

"ਜੇ ਰੱਬ ਸਰਬ-ਸ਼ਕਤੀਮਾਨ ਵਜੋਂ ਹੋਂਦ ਵਿਚ ਹੈ, ਤਾਂ ਉਹਨੂੰ ਉਹਦੇ ਉਪਾਸ਼ਕਾਂ ਵਲੋਂ ਚਰਚ ਵਿਚ ਦਿੱਤੇ ਪੈਸਿਆਂ ਦੀ ਕੀ ਜ਼ਰੂਰਤ ਹੈ।"

## ਯੂਰੀ ਗੈਗਾਰਿਨ (1934-1968)

*(ਸੋਵੀਅਤ ਰੂਸ ਦਾ ਪੁਲਾੜ ਯਾਤਰੀ, ਪੁਲਾੜ ਵਿਚ ਜਾਣ ਵਾਲਾ ਤੇ ਧਰਤੀ ਦੁਆਲੇ ਚੱਕਰ ਕੱਟਣ ਵਾਲਾ ਪਹਿਲਾ ਮਨੁੱਖ)*

"ਮੈਨੂੰ ਤਾਂ ਏਥੇ ਉੱਪਰ (ਪੁਲਾੜ ਵਿਚ) ਕੋਈ ਰੱਬ ਨਹੀਂ ਦਿਸਦਾ।"

## ਕਾਰਲ ਸੇਗਨ (1934-1996)

*(ਅਮਰੀਕਨ ਤਾਰਾ-ਵਿਗਿਆਨੀ)*

"ਵਿਗਿਆਨ ਵਿਚ ਅਕਸਰ ਇੱਦਾਂ ਹੁੰਦਾ ਹੈ ਕਿ ਵਿਗਿਆਨੀ ਕਹੇ, "ਤੁਹਾਡੀ ਦਲੀਲ ਬਹੁਤ ਵਧੀਆ ਹੈ; ਮੇਰੀ ਗੱਲ ਗਲਤ ਹੈ," ਤੇ ਫੇਰ ਉਹ ਸੱਚ ਮੁੱਚ ਆਪਣਾ ਮਨ ਬਦਲ ਲੈਂਦੇ ਨੇ ਅਤੇ ਤੁਸੀਂ ਮੁੜ ਕੇ ਕਦੇ ਉਨ੍ਹਾਂ ਤੋਂ ਉਹ ਗੱਲ ਨਹੀਂ ਸੁਣਦੇ। ਹਾਂ ਉਹ ਇੱਦਾਂ ਈ ਕਰਦੇ ਆ। ਇਹ ਗੱਲ ਏਨੀ ਵਾਰੀ ਨਹੀਂ ਵਾਪਰਦੀ ਜਿੰਨੀ ਵਾਰੀ ਵਾਪਰਨੀ ਚਾਹੀਦੀ ਹੈ, ਕਿਉਂਕਿ ਵਿਗਿ-

-ਆਨੀ ਵੀ ਇਨਸਾਨ ਹੁੰਦੇ ਹਨ ਤੇ ਤਬਦੀਲੀ ਕਈ ਵਾਰੀ ਦੁਖਦਾਈ ਵੀ ਹੁੰਦੀ ਹੈ। ਪਰ ਇੱਦਾਂ ਹਰ ਰੋਜ਼ ਹੁੰਦਾ ਹੈ। ਮੈਨੂੰ ਇਸ ਗੱਲ ਦਾ ਚੇਤਾ ਨਹੀਂ ਹੈ ਕਿ ਕਦੇ ਸਿਆਸਤ ਜਾਂ ਧਰਮ ਵਿਚ ਵੀ ਇਸ ਤਰ੍ਹਾਂ ਵਾਪਰਿਆ ਹੋਵੇ।"

"ਅਸਧਾਰਨ ਦਾਅਵਿਆਂ ਵਾਸਤੇ ਅਸਧਾਰਨ ਸਬੂਤ ਚਾਹੀਦੇ ਹਨ।"

"ਤੁਸੀਂ ਇਕ ਵਿਸ਼ਵਾਸੀ ਬੰਦੇ ਨੂੰ ਕੁਝ ਵੀ ਮਨਾ ਸਕਦੇ ਹੋ; ਕਿਉਂਕਿ ਉਸ ਦਾ ਯਕੀਨ ਕਿਸੇ ਸਬੂਤ 'ਤੇ ਅਧਾਰਤ ਨਹੀਂ ਹੁੰਦਾ, ਇਸ ਦਾ ਅਧਾਰ ਬੰਦੇ ਅੰਦਰ ਡੂੰਘੀ ਵਸੀ ਹੋਈ ਵਿਸ਼ਵਾਸ ਕਰਨ ਦੀ ਲੋੜ ਹੁੰਦੀ ਹੈ।"

"ਵਿਗਿਆਨ ਦਾ ਪਵਿੱਤਰ ਸੱਚ ਹੈ ਕਿ ਕੋਈ ਵੀ ਪਵਿੱਤਰ ਸੱਚ ਨਹੀਂ ਹੈ।"

"ਨਾਸਤਿਕਤਾ ਸਿਰਫ ਏਨੇ ਗਿਆਨ ਨਾਲੋਂ ਵਾਧੂ ਹੈ ਕਿ ਰੱਬ ਨਹੀਂ ਹੈ ਤੇ ਧਰਮ ਜਾਂ ਤਾਂ ਗਲਤੀ ਹੈ ਜਾਂ ਧੋਖਾ। ਨਾਸਤਿਕਤਾ ਤਾਂ ਇਕ ਨਜ਼ਰੀਆ ਹੈ, ਤਕਾਜ਼ਾ ਹੈ, ਦੁਨੀਆ ਨੂੰ ਨਿਰਪੱਖ ਹੋ ਕੇ ਨਿਡਰਤਾ ਨਾਲ ਦੇਖਣ ਦਾ, ਸਾਰੀਆਂ ਚੀਜ਼ਾਂ ਨੂੰ ਕੁਦਰਤ ਦੇ ਹਿੱਸੇ ਵਜੋਂ ਸਮਝਣ ਦੀ ਕੋਸ਼ਸ਼।"

"ਜੇ ਅਸੀਂ ਖੁਦ ਲਈ ਨਾ ਸੋਚ ਸਕਦੇ ਹੋਈਏ, ਜੇ ਅਸੀਂ ਹਾਕਮ ਨੂੰ ਸਵਾਲ ਨਾ ਕਰਨਾ ਚਾਹੁੰਦੇ ਹੋਈਏ, ਤਾਂ ਅਸੀਂ ਤਾਕਤਵਰ ਲੋਕਾਂ ਦੇ ਹੱਥਾਂ ਵਿਚ ਖਿਡਾਉਣੇ ਬਣ ਕੇ ਰਹਿ ਜਾਵਾਂਗੇ। ਪਰ ਜੇ ਸਾਰੇ ਸ਼ਹਿਰੀ ਪੜ੍ਹੇ ਲਿਖੇ ਹੋਣ ਅਤੇ ਆਪਣੀ ਰਾਏ ਖੁਦ ਬਣਾਉਂਦੇ ਹੋਣ ਤਾਂ ਹਾਕਮ ਸਾਡੇ ਲਈ ਕੰਮ ਕਰਨਗੇ। ਸਾਨੂੰ ਚਾਹੀਦਾ ਹੈ ਕਿ ਅਸੀਂ ਹਰ ਮੁਲਕ ਵਿਚ ਬੱਚਿਆਂ ਨੂੰ ਵਿਗਿਆਨਕ ਤਰੀਕਾ ਅਤੇ ਅਧਿਕਾਰ-ਪੱਤਰ (ਬਿੱਲ ਆਫ ਰਾਈਟਸ) ਦੇ ਕਾਰਨਾਂ ਬਾਰੇ ਸਿਖਾਈਏ। ਇਸ ਨਾਲ ਇਕ ਖਾਸ ਸਾਊਪੁਣਾ, ਨਿਮਰਤਾ ਤੇ ਭਾਈਚਾਰੇ ਦੀ ਭਾਵਨਾ ਪੈਦਾ ਹੁੰਦੀ ਹੈ। ਮਨੁੱਖ ਹੋਣ ਕਾਰਨ ਜਿਹੜੀ ਜਿੰਨਾਂ ਭੂਤਾਂ ਦੇ ਪਰਛਾਵਿਆਂ ਵਾਲੀ ਦੁਨੀਆ ਵਿਚ ਅਸੀਂ ਰਹਿੰਦੇ ਹਾਂ ਸ਼ਾਇਦ ਇਹ ਸੂਝ ਹੀ ਸਾਨੂੰ ਇਸ ਖਾ ਜਾਣ ਵਾਲੇ ਹਨੇਰੇ ਤੋਂ ਬਚਾ ਸਕੇ।"

"ਜੀਵਨ ਅਚੰਭਾਕਾਰੀ ਵਿਸ਼ਵ ਦਾ ਇਕ ਪਲ ਦਾ ਝਲਕਾਰਾ ਹੈ, ਅਤੇ ਇਹ ਦੇਖ ਕੇ ਘੋਰ ਉਦਾਸੀ ਹੁੰਦੀ ਹੈ ਕਿ ਕਿੰਨੇ ਲੋਕ ਇਸ ਨੂੰ ਅਧਿਆਤਮਕ ਵਹਿਮਾਂ ਦੇ ਸੁਪਨਿਆਂ ਵਿਚ ਹੀ ਗੁਆ ਦਿੰਦੇ ਹਨ।"

"ਜੇ ਤੁਸੀਂ ਬੱਚੇ ਨੂੰ ਪੋਲੀਓ ਤੋਂ ਬਚਾਉਣਾ ਚਾਹੁੰਦੇ ਹੋ, ਤੁਸੀਂ ਅਰਦਾਸ ਕਰ ਸਕਦੇ ਹੋ ਜਾਂ ਤੁਸੀਂ ਉਹਦੇ ਬਚਾਅ ਵਾਸਤੇ ਲੋਦਾ ਲਗਵਾ ਸਕਦੇ ਹੋ … ਵਿਗਿਆਨ ਦੀ ਕੋਸ਼ਸ਼ ਕਰ ਕੇ ਦੇਖੋ।"

"ਬਹੁਤ ਸਾਰੇ ਸਭਿਆਚਾਰਾਂ ਵਿਚ ਇਹ ਜਵਾਬ ਦੇਣਾ ਰਿਵਾਜੀ ਹੈ ਕਿ ਰੱਬ ਨੇ ਸੂਨ ਵਿੱਚੋਂ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਹੈ। ਪਰ ਇਹ ਸਿਰਫ ਡੰਗ-ਟਪਾਈ ਜਾਂ ਬੁੱਤਾ ਸਾਰਨਾ ਹੀ ਹੈ। ਜੇ ਅਸੀਂ ਹੌਂਸਲੇ ਨਾਲ ਇਸ ਸਵਾਲ ਮਗਰ ਜਾਣਾ ਚਾਹੁੰਦੇ ਹਾਂ ਤਾਂ ਸਾਨੂੰ ਹਰ ਹਾਲਤ ਵਿਚ ਅਗਲਾ ਸਵਾਲ ਪੁੱਛਣਾ ਪਵੇਗਾ ਕਿ ਰੱਬ ਕਿੱਥੋਂ ਆਇਆ ਸੀ? ਤੇ ਜੇ ਅਸੀਂ ਇਹ ਫੈਸਲਾ ਕਰ ਲਈਏ ਕਿ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ ਤਾਂ ਫੇਰ ਸਮਾਂ ਕਿਉਂ ਨਾ ਬਚਾਈਏ ਅਤੇ ਇਹ ਨਤੀਜਾ ਕੱਢ ਲਈਏ ਕਿ ਸ੍ਰਿਸ਼ਟੀ ਹਮੇਸ਼ਾਂ ਤੋਂ ਸੀ?"

"ਸਿਆਸਤਦਾਨ, ਧਾਰਮਿਕ ਆਗੂ ਤੇ ਹਥਿਆਰ ਬਣਾਉਣ ਵਾਲੇ ਵਿਗਿਆਨੀ ਇਸ ਪਾਸੇ ਬਹੁਤ ਦੇਰ ਦੇ ਲੱਗੇ ਹੋਏ ਹਨ ਅਤੇ ਉਨ੍ਹਾਂ ਨੇ ਮਿਲ ਕੇ ਸਭ ਕੁਝ ਗੜਬੜ ਕਰ ਦਿੱਤਾ ਹੈ। ਮੇਰਾ ਕਹਿਣ ਤੋਂ ਭਾਵ ਹੈ ਕਿ ਆਪਾਂ ਬਹੁਤ ਵੱਡੀ ਮੁਸ਼ਕਿਲ ਵਿਚ ਫਸੇ ਹੋਏ ਹਾਂ।"

## ਹਾਰਲਿਨ ਐਲਿਸਨ (1934-)

*(ਅਮਰੀਕਨ ਲੇਖਕ, ਮੁੱਖ ਤੌਰ 'ਤੇ ਵਿਗਿਆਨ ਗਲਪ ਦਾ ਲੇਖਕ)*

"ਨਹੀਂ, ਮੈਂ ਰੱਬ ਵਿਚ ਯਕੀਨ ਨਹੀਂ ਕਰਦਾ। … ਮੈਂ ਬੇਵਕੂਫ ਨਹੀਂ। ਮੈਨੂੰ ਤਾਂ ਕੋਈ ਨਾ ਕੋਈ ਸਬੂਤ ਚਾਹੀਦਾ ਹੈ।"

## ਡੈਨਿਸ ਪੌਟਰ (1935-1994)

*(ਇੰਗਲੈਂਡ ਦਾ ਜੰਮਪਲ ਨਾਟਕਕਾਰ)*

"ਮੇਰੇ ਲਈ ਧਰਮ ਹਮੇਸ਼ਾ ਇਕ ਜ਼ਖਮ ਰਿਹਾ ਹੈ, ਮਲਮ ਪੱਟੀ ਨਹੀਂ।"

## ਐਲਡਰਿੱਜ ਕਲੀਵਰ (1935-1998)

*(ਕਾਲ਼ਾ ਅਮਰੀਕਨ। ਬਲੈਕ ਪੈਂਥਰ ਪਾਰਟੀ ਦਾ ਮੈਂਬਰ।)*

"ਸਾਰੇ ਰੱਬ ਮਰ ਚੁੱਕੇ ਹਨ ਸਿਰਫ ਯੁੱਧ ਦਾ ਰੱਬ ਜੀਂਦਾ ਹੈ।"

## ਫਿਲ ਡੌਨਾਹਿਊ (1935-)

*(ਅਮਰੀਕਨ ਮੀਡੀਏ ਦਾ ਨਾਮਵਰ ਵਿਅਕਤੀ, ਲੇਖਕ ਤੇ ਫਿਲਮ ਨਿਰਮਾਤਾ)*

"ਅਸੀਂ ਪਹਿਲਾਂ ਅਰਦਾਸ ਕਰ ਕੇ ਪਲ 'ਚ ਹੀ ਕਤਲ ਕਰ ਸਕਦੇ ਹਾਂ।"

## ਜੈਰਲਡੀਨ ਐਨ ਫਰੈਰੋ (1935-)

*(ਅਮਰੀਕਨ ਸਿਆਸਤਦਾਨ, ਵਾਈਸ ਪ੍ਰੈਜ਼ੀਡੈਂਟ ਦੀ ਚੋਣ ਲੜਨ ਵਾਲੀ ਪਹਿਲੀ ਔਰਤ)*

"ਜਾਤੀ ਧਾਰਮਿਕ ਵਿਸ਼ਵਾਸਾਂ ਦਾ ਚੋਣ ਮੁਹਿੰਮ ਵਿਚ ਜਾਂ ਪਬਲਿਕ ਨੀਤੀ ਵਿਚ ਕੋਈ ਥਾਂ ਨਹੀਂ।"

## ਵੁਡੀ ਐਲਨ (1935-)

*(ਅਮਰੀਕਨ ਫਿਲਮ ਨਿਰਮਾਤਾ, ਅਦਾਕਾਰ, ਕਮੇਡੀਅਨ ਤੇ ਲੇਖਕ)*

"ਸਿਰਫ ਰੱਬ ਜੇ ਕਿਤੇ ਮੈਨੂੰ ਸਾਫ ਸਾਫ ਕੋਈ ਇਸ਼ਾਰਾ ਦੇ ਦਿੰਦਾ! ਜਿਵੇਂ ਕਿ ਮੇਰੇ ਸਵਿਸ ਬੈਂਕ ਖਾਤੇ ਵਿਚ ਬਹੁਤ ਸਾਰੇ ਪੈਸੇ ਜਮਾਂ ਕਰਵਾ ਦੇਵੇ।"

"ਸਿਰਫ ਏਨਾ ਹੀ ਨਹੀਂ ਪਈ ਰੱਬ ਹੈ ਨਹੀਂ, ਤੁਸੀਂ ਵੀਕਇੰਡ 'ਤੇ ਪਲੰਬਰ ਭਾਲ ਕੇ ਦੇਖੋ। *(ਨਿਊ ਯਾਰਕ ਦਾ ਚੁਟਕਲਾ)।"*

"ਮੈਂ ਆਪਣੇ ਕੰਮਾਂ ਰਾਹੀਂ ਸਦੀਵਤਾ ਨਹੀਂ ਪ੍ਰਾਪਤ ਕਰਨੀ ਚਾਹੁੰਦਾ... ਮੈਂ ਨਾ-ਮਰ ਕੇ ਸਦੀਵਤਾ ਪ੍ਰਾਪਤ ਕਰਨੀ ਚਾਹੁੰਦਾ ਹਾਂ।"

## ਸੋਨੀਆ ਜੌਹਨਸਨ (1936-)

*(ਅਮਰੀਕਨ ਇਸਤਰੀਵਾਦੀ ਲੇਖਕਾ)*

"ਮੇਰੇ ਮਨ ਵਿਚ ਮੇਰੀ ਇਕ ਮਨਪਸੰਦ ਖਿਆਲੀ-ਤਸਵੀਰ ਇਹ ਹੈ ਕਿ ਅਗਲੇ ਐਤਵਾਰ, ਇਕ ਵੀ ਔਰਤ, ਦੁਨੀਆ ਦੇ ਕਿਸੇ ਵੀ ਮੁਲਕ ਵਿਚ ਚਰਚ (ਕਿਸੇ ਵੀ ਧਾਰਮਿਕ ਕੇਂਦਰ ਵਿਚ) ਨਹੀਂ ਜਾਵੇਗੀ। ਜੇ ਔਰਤਾਂ ਆਪਣਾ ਸਮਾਂ ਤੇ ਸ਼ਕਤੀ ਸਾਨੂੰ ਦਬਾਉਣ ਵਾਲੇ ਅਦਾਰੇ ਨੂੰ ਦੇਣੋ ਹਟ ਜਾਣ ਤਾਂ ਉਹਦੀ ਹੋਂਦ ਖਤਮ ਹੋ ਜਾਵੇ।"

## ਜਾਰਜ ਕਾਰਲਿਨ (1937-2008)

*(ਅਮਰੀਕਨ ਕਮੇਡੀਅਨ ਅਤੇ ਸਮਾਜਕ ਆਲੋਚਕ)*

"ਧਰਮ ਨੇ ਅਸਲ ਵਿਚ ਲੋਕਾਂ ਨੂੰ ਇਸ ਗੱਲ ਦਾ ਯਕੀਨ ਦੁਆ ਦਿੱਤਾ ਹੈ ਕਿ ਇਕ ਅਣਦਿਸਦਾ ਬੰਦਾ ਹੈ – ਜਿਹੜਾ ਅਸਮਾਨਾਂ ਵਿਚ ਰਹਿੰਦਾ ਹੈ – ਤੁਸੀਂ ਜੋ ਵੀ ਕਰਦੇ ਹੋ ਉਹ ਹਰ ਪੱਲ ਉਸ 'ਤੇ ਨਿਗ੍ਹਾ ਰੱਖਦਾ ਹੈ। ਅਤੇ ਉਸ ਅਣਦਿਸਦੇ ਬੰਦੇ ਕੋਲ ਦਸ ਚੀਜ਼ਾਂ ਦੀ ਇਕ ਸੂਚੀ ਹੈ ਜਿਹੜੀਆਂ ਉਹ ਨਹੀਂ ਚਾਹੁੰਦਾ ਕਿ ਤੁਸੀਂ ਕਰੋ। ਅਤੇ ਜੇ ਤੁਸੀਂ ਇਨ੍ਹਾਂ ਦਸਾਂ ਚੀਜ਼ਾਂ ਵਿਚੋਂ ਕੋਈ ਵੀ ਕਰੋ ਤਾਂ ਉਸ ਕੋਲ ਇਕ ਵਿਸ਼ੇਸ਼ ਥਾਂ ਹੈ ਜੋ ਅੱਗ ਅਤੇ ਧੂੰਏਂ ਨਾਲ ਭਰੀ ਹੋਈ ਹੈ ਜਿੱਥੇ ਸਭ ਕੁਝ ਝੁਲਸ ਰਿਹਾ ਹੈ, ਤਸੀਹੇ ਹਨ ਅਤੇ ਦਰਦ ਹੈ, ਪੀੜ ਹੈ, ਉਹ ਤੁਹਾਨੂੰ ਉੱਥੇ ਭੇਜ ਦੇਵੇਗਾ ਜਿੱਥੇ ਤੁਸੀਂ ਸਮੇਂ ਦੇ ਅਖੀਰ ਤੱਕ ਰਹੋਗੇ ਅਤੇ ਦੁੱਖ ਸਹੋਗੇ, ਝੁਲਸੇ ਜਾਓਗੇ, ਤੁਹਾਡਾ ਸਾਹ ਘੁੱਟੇਗਾ, ਤੁਸੀਂ ਸਦਾ ਸਦਾ ਲਈ ਚੀਕਾਂ ਮਾਰੋਗੇ ਤੇ ਰੋਵੋਗੇ...। ਪਰ ਉਦਾਂ ਉਹ ਬੰਦਾ ਤੁਹਾਨੂੰ ਪਿਆਰ ਕਰਦਾ ਹੈ।"

"ਨਾਸਤਿਕਤਾ ਈਸ਼ਵਰ ਰਹਿਤ (ਨਾਨ-ਪ੍ਰੌਫਿੱਟ - ਗੈਰ-ਮੁਨਾਫਾਖੋਰ) ਜਥੇਬੰਦੀ ਹੈ।" *(ਇਸ ਉਕਤੀ ਵਿਚ ਅੰਗ੍ਰੇਜ਼ੀ ਸ਼ਬਦ ਪ੍ਰੌਫਿੱਟ ਦੇ ਵੱਖਰੇ ਸ਼ਬਦਜੋੜਾਂ ਤੇ ਅਰਥਾਂ ਵਲ ਸੰਕੇਤ ਹੈ)*

"ਮੈਂ ਚਰਚ ਤੇ ਸਟੇਟ ਨੂੰ ਜੁਦਾ ਰੱਖਣ ਦਾ ਪੂਰੀ ਤਰ੍ਹਾਂ ਹਿਮਾਇਤੀ ਹਾਂ। ਮੇਰਾ ਵਿਚਾਰ ਹੈ ਕਿ ਇਹ ਦੋ ਅਦਾਰੇ ਕੱਲੇ ਕੱਲੇ ਹੀ ਸਾਡਾ ਬੁਰਾ ਹਾਲ ਕਰਦੇ ਹਨ, ਇਸ ਲਈ ਇਹ ਦੋਵੇ ਕੱਠੇ ਤਾਂ ਸਾਡੀ ਸਿੱਧੀ ਮੌਤ ਹਨ।"

## ਫਿਲਿਪ ਐਡਮਜ਼ (1939-)

*(ਅਸਟ੍ਰੇਲੀਅਨ ਨਾਸਤਿਕਤਾ ਲਈ ਸਰਗਰਮ)*

"ਮਾਰਕਸ ਗਲਤ ਸੀ। ਧਰਮ ਲੋਕਾਂ ਦੀ ਅਫੀਮ ਨਹੀਂ। ਅਫੀਮ ਦਾ ਅਸਰ ਤਾਂ ਨੀਂਦ ਲਿਆਉਣ ਵਾਲਾ, ਸੁੰਨ ਕਰਨ ਕਰਨ ਵਾਲਾ, ਖੁੰਢਾ ਕਰਨ ਵਾਲਾ ਹੁੰਦਾ ਹੈ। ਧਰਮ ਤਾਂ ਬਹੁਤੀ ਵਾਰੀ ਦਹਿਸ਼ਤ ਫੈਲਾਉਣ ਲਈ ਕਾਮ ਉਤੇਜਿਕ ਦਵਾਈ ਵਾਂਗ ਅਤੇ ਪਸੂਪੁਣੇ ਲਈ ਦਮੇ ਦੀ ਦਵਾਈ ਵਾਂਗ ਕੰਮ ਕਰਦਾ ਹੈ। ਆਪਣੀ ਚੰਗਿਆਈ ਦੀ ਸਿਖਰ 'ਤੇ ਇਸ ਨੇ ਰੂਹਾਂ ਨੂੰ ਉੱਤੇ ਚੁੱਕਿਆ ਹੈ ਚੋਟੀਆਂ ਹੋਰ ਉੱਚੀਆਂ ਕੀਤੀਆਂ ਹਨ। ਆਪਣੀ ਬੁਰਿਆਈ ਦੀ ਸਿਖਰ 'ਤੇ ਇਸ ਨੇ ਸਭਿਆਤਾਵਾਂ ਨੂੰ ਸਿਵਿਆਂ ਵਿਚ ਤਬਦੀਲ ਕੀਤਾ ਹੈ।"

## ਜਾਹਨ ਲੈਨਿਨ (1940-1980)

*(ਬਰਤਾਨੀਆ ਦਾ ਜੰਮਪਲ਼ ਗਾਇਕ-ਗੀਤਕਾਰ। ਉਹ ਦੁਨੀਆ ਭਰ ਵਿਚ ਮਸ਼ਹੂਰ ਬੀਟਲ ਗਰੁੱਪ ਵਿੱਚੋਂ ਸੀ। ਉਹ 1971 ਵਿਚ ਨਿਊ ਯਾਰਕ ਰਹਿਣ ਲੱਗ ਪਿਆ ਸੀ ਤੇ ਵੀਅਤਨਾਮ ਜੰਗ ਦਾ ਸਰਗਰਮ ਵਿਰੋਧੀ ਸੀ। ਉਸ ਨੂੰ 1980 ਵਿਚ ਕਤਲ ਕਰ ਦਿੱਤਾ ਗਿਆ ਸੀ।)*

Imagine there's no Heaven - ਜ਼ਰਾ ਸੋਚੋ ਕੋਈ ਸਵਰਗ ਨਾ
It's easy if you try ਸੌਖਾ ਹੈ ਜੇ ਕੋਸ਼ਸ਼ ਕਰੋ
No hell below us ਥੱਲੇ ਕੋਈ ਨਰਕ ਨਾ
Above us only sky ਉੱਪਰ ਸਿਰਫ ਅਸਮਾਨ
Imagine all the people ਜ਼ਰਾ ਸੋਚੋ ਸਾਰੇ ਲੋਕੀਂ
Living for today ਜੀ ਰਹੇ ਅੱਜ ਲਈ

Imagine there's no countries ਜ਼ਰਾ ਸੋਚੋ ਕੋਈ ਦੇਸ ਨਾ
It isn't hard to do ਔਖਾ ਨਹੀਂ ਹੈ ਇਹ
Nothing to kill or die for ਮਾਰਨ ਜਾਂ ਮਰਨ ਲਈ ਕੁਝ ਨਾ
And no religion too ਕੋਈ ਧਰਮ ਵੀ ਨਾ
Imagine all the people ਜ਼ਰਾ ਸੋਚੋ ਸਾਰੇ ਲੋਕੀਂ
Living life in peace ਜੀ ਰਹੇ ਸ਼ਾਂਤੀ ਨਾਲ

You may say that I'm a dreamer ਤੁਸੀਂ ਸ਼ਾਇਦ ਕਹੋ ਸੁਪਨਦਰਸ਼ੀ ਹਾਂ
But I'm not the only one ਪਰ ਕੱਲ੍ਹਾ ਨਹੀਂ ਹਾਂ ਮੈਂ
I hope someday you'll join us ਆਸ ਹੈ ਕਦੇ ਤੁਸੀਂ ਵੀ ਨਾਲ ਰਲੋਗੇ ਸਾਡੇ
And the world will be as one ਦੁਨੀਆ ਇਕ ਹੋ ਜਾਵੇ

Imagine no possessions ਜ਼ਰਾ ਸੋਚੋ ਕੋਈ ਮਲਕੀਅਤ ਨਾ
I wonder if you can ਜੇ ਏਦਾਂ ਕਰ ਸਕੋ ਤੁਸੀਂ

| | |
|---|---|
| No need for greed or hunger | ਲਾਲਚ ਜਾਂ ਭੁੱਖ ਲਈ ਕੋਈ ਥਾਂ ਨਾ |
| A brotherhood of man | ਮਨੁੱਖਤਾ ਦਾ ਭਾਈਚਾਰਾ |
| Imagine all the people | ਜ਼ਰਾ ਸੋਚੋ ਸਾਰੇ ਲੋਕੀਂ |
| Sharing all the world | ਦੁਨੀਆ ਨੂੰ ਸਾਂਝਿਆਂ ਜੀਂਦੇ |

You may say that I'm a dreamer ਤੁਸੀਂ ਸ਼ਾਇਦ ਕਹੋ ਸੁਪਨੇ ਲੈਂਦਾ ਹਾਂ ਮੈਂ …. ❦

❦❦❦

## ਫਰੈਂਕ ਜ਼ਾਪਾ (1940-1993)

*(ਅਮਰੀਕਨ ਗਾਇਕ, ਸੰਗੀਤਕਾਰ ਤੇ ਫਿਲਮ ਨਿਰਮਾਤਾ)*

"ਚਰਚ (ਸਥਾਪਤ ਇਸਾਈ ਧਾਰਮਿਕ ਅਦਾਰਾ) ਤੇ ਸੰਪਰਦਾਇ (ਕਲਟ) ਵਿਚ ਫਰਕ ਸਿਰਫ ਰੀਅਲ ਅਸਟੇਟ ਦਾ ਹੀ ਹੁੰਦਾ ਹੈ।" ❦

"ਮੈਂ ਧਾਰਮਿਕ ਲੋਕਾਂ ਨੂੰ ਕਿਸੇ ਵੀ ਜਨਤਕ ਦਫਤਰ ਵਿਚ ਨਹੀਂ ਦੇਖਣਾ ਚਾਹੁੰਦਾ ਕਿਉਂਕਿ ਉਹ ਕਿਸੇ ਹੋਰ ਮਾਲਕ ਲਈ ਕੰਮ ਕਰਦੇ ਹਨ।" ❦

"ਜੇ ਤੁਹਾਡਾ ਜੀਵਨ ਨੀਰਸ (ਬੋਰਿੰਗ), ਤਰਸਯੋਗ (ਮਿਜ਼ਰੇਬਲ) ਬਣਿਆ ਹੋਇਆ ਹੈ ਕਿਉਂਕਿ ਤੁਸੀਂ ਆਪਣੀ ਮਾਂ, ਪਿਓ, ਅਧਿਆਪਕ, ਪੁਜਾਰੀ (ਪ੍ਰੀਸਟ) ਜਾਂ ਟੀ ਵੀ ਤੋਂ ਕਿਸੇ ਜਣੇ ਦੀ ਗੱਲ ਸੁਣਦੇ ਰਹੇ ਹੋ ਕਿ ਤੁਹਾਨੂੰ ਆਪਣਾ ਜੀਵਨ ਕਿਸ ਤਰ੍ਹਾਂ ਬਿਤਾਉਣਾ ਚਾਹੀਦਾ ਹੈ ਤਾਂ ਫੇਰ ਤੁਹਾਡੇ ਨਾਲ ਇੱਦਾਂ ਈ ਹੋਣੀ ਚਾਹੀਦੀ ਸੀ।" ❦

"ਬੱਚੇ ਬੜੇ ਭੋਲੇ ਹੁੰਦੇ ਹਨ – ਉਹ ਹਰ ਕਿਸੇ ਦਾ ਯਕੀਨ ਕਰ ਲੈਂਦੇ ਹਨ। ਉਨ੍ਹਾਂ ਲਈ ਸਕੂਲ ਵੀ ਕਾਫੀ ਬੁਰੀ ਚੀਜ਼ ਹੈ ਪਰ ਜੇ ਕਿਤੇ ਤੁਸੀਂ ਬੱਚੇ ਨੂੰ ਕਿਸੇ ਚਰਚ ਦੇ ਨੇੜੇ ਪੜ੍ਹਨ ਪਾ ਦੇਵੋ ਤਾਂ ਫੇਰ ਤਾਂ ਤੁਸੀਂ ਖੁਦ ਹੀ ਸਮੱਸਿਆ ਨੂੰ ਵਾਜਾਂ ਮਾਰ ਰਹੇ ਹੁੰਦੇ ਹੋ।" ❦

"ਜਿਹੜਾ ਵੀ ਕੋਈ ਇਕ ਖੁਸ਼, ਦਿਮਾਗੀ ਤੌਰ 'ਤੇ ਸਿਹਤਮੰਦ ਬੱਚਾ ਪਾਲਣਾ ਚਾਹੁੰਦਾ ਹੈ, ਉਹਨੂੰ ਸਭ ਤੋਂ ਚੰਗੀ ਸਲਾਹ ਹੈ: ਉਹਨੂੰ (ਮੁੰਡਾ ਜਾਂ ਕੁੜੀ) ਚਰਚ (ਧਾਰਮਿਕ ਸਥਾਨ) ਤੋਂ ਜਿੰਨਾ ਵੀ ਸੰਭਵ ਹੋਵੇ ਦੂਰ ਰੱਖੋ।" ❦

"ਬੰਦੇ ਦਾ ਦਿਮਾਗ ਹਵਾਈ-ਛੱਤਰੀ (ਪੈਰਾਸ਼ੂਟ) ਵਾਂਗ ਹੁੰਦਾ ਹੈ। ਜੇ ਖੁੱਲ੍ਹਾ ਨਾ ਹੋਵੇ ਤਾਂ ਕੰਮ ਨਹੀਂ ਕਰਦਾ।" ❦

❦❦❦

## ਪੀਟਰ ਵਿਲੀਅਮ ਐਟਕਿਨਜ਼ (1940–)

*(ਇੰਗਲੈਂਡ ਦਾ ਜੰਮਪਲ਼ ਰਸਾਇਣ ਵਿਗਿਆਨੀ ਤੇ ਲੇਖਕ)*

"ਬੌਧਿਕ ਤੌਰ 'ਤੇ ਇਮਾਨਦਾਰ ਹੋਣਾ ਤੇ ਰੱਬ 'ਚ ਯਕੀਨ ਕਰਨਾ ਸੰਭਵ ਨਹੀਂ ਅਤੇ ਰੱਬ 'ਚ ਯਕੀਨ ਕਰਨਾ ਤੇ ਸੱਚੇ ਵਿਗਿਆਨੀ ਹੋਣਾ ਸੰਭਵ ਨਹੀਂ।"

## ਰਿਚਰਡ ਡਾਕਿਨਜ਼ (1941–)

*(ਨੈਰੋਬੀ, ਅਫਰੀਕਾ ਦਾ ਜੰਮਪਲ਼ ਰਿਚਰਡ ਡਾਕਿਨਜ਼ ਬਰਤਾਨੀਆ ਦਾ ਜੀਵ-ਵਿਗਿਆਨ ਦਾ ਸਿਧਾਂਤਕਾਰ ਹੈ। ਪਰ ਉਹਦੀ ਮਸ਼ਹੂਰੀ ਇਕ ਨਾਸਤਿਕ ਵਜੋਂ ਹੈ। 2006 ਵਿਚ ਛਪੀ ਉਹਦੀ ਕਿਤਾਬ ਦਾ ਗੌਡ ਡਿਲਿਊਜ਼ਨ ਨੇ ਨਾਸਤਕਿਤਾ ਦੀ ਲਹਿਰ ਨੂੰ ਵੱਡਾ ਹੁਲਾਰਾ ਦਿੱਤਾ ਹੈ। ਪੱਛਮ ਦੀ ਅਜੋਕੀ ਨਾਸਤਿਕਤਾ ਲਹਿਰ ਦਾ ਉਸ ਨੂੰ ਆਗੂ ਮੰਨਿਆਂ ਜਾਂਦਾ ਹੈ।)*

"ਧਾਰਮਿਕ ਵਿਸ਼ਵਾਸ ਵਿਚ ਸਿਰਫ ਸਬੂਤ ਦੀ ਕਮੀ ਹੀ ਨਹੀਂ ਹੁੰਦੀ, ਸਬੂਤ ਦਾ ਨਾ ਹੋਣਾ ਮਾਣ ਅਤੇ ਖੁਸ਼ੀ ਦੀ ਗੱਲ ਸਮਝੀ ਜਾਂਦੀ ਹੈ। ਇਸ ਗੱਲ ਦੀ ਦੁਹਾਈ ਛੱਤਾਂ 'ਤੇ ਚੜ੍ਹ ਚੜ੍ਹ ਕੇ ਪਾਈ ਜਾਂਦੀ ਹੈ।"

"ਦੂਜੇ ਲੋਕਾਂ ਵਲੋਂ ਪੂਜੇ ਜਾਂਦੇ ਅਨੇਕਾਂ ਰੱਬਾਂ ਦੇ ਸਬੰਧ ਵਿਚ ਅਸੀਂ ਸਾਰੇ ਨਾਸਤਿਕ ਹਾਂ। ਸਾਡੇ ਵਿੱਚੋਂ ਕੁਝ ਲੋਕ, ਇਸ ਨਾ ਮੰਨਣ 'ਚ, ਇਕ ਰੱਬ ਹੋਰ ਅੱਗੇ ਚਲੇ ਜਾਂਦੇ ਹਨ *(ਭਾਵ ਕਿ ਰੱਬ 'ਚ ਵਿਸ਼ਵਾਸ ਕਰਨ ਵਾਲਾ ਹਰ ਸ਼ਖਸ ਬਾਕੀ ਰੱਬਾਂ ਨੂੰ ਛੱਡ ਕੇ ਇਕ ਰੱਬ 'ਚ ਹੀ ਯਕੀਨ ਕਰਦਾ ਹੈ ਤੇ ਨਾਸਤਿਕ ਬੰਦਾ ਇਕ ਵਿਚ ਵੀ ਨਹੀਂ। ਬਸ ਇਹੀ ਫਰਕ ਹੈ)।"*

"ਮੈਂ ਧਰਮ ਦੇ ਖਿਲਾਫ ਹਾਂ ਕਿਉਂਕਿ ਇਹ ਸਾਨੂੰ ਸਿਖਾਉਂਦਾ ਹੈ ਕਿ ਦੁਨੀਆ ਨੂੰ ਸਮਝਣ ਤੋਂ ਬਿਨਾਂ ਹੀ ਅਸੀਂ ਸੰਤੁਸ਼ਟ ਹੋਈਏ।"

"ਹਾਂ ਸਾਨੂੰ ਦਿਮਾਗ ਖੁੱਲੇ ਰੱਖਣੇ ਚਾਹੀਦੇ ਹਨ ਪਰ ਸਾਨੂੰ ਏਨਾ ਵੀ ਖੁੱਲੇ ਦਿਮਾਗੀ ਨਹੀਂ ਹੋਣਾ ਚਾਹੀਦਾ ਕਿ ਸਾਡਾ ਦਿਮਾਗ ਹੀ ਬਾਹਰ ਡਿੱਗ ਪਵੇ।"

"ਵਿਸ਼ਵਾਸ ਇਕ ਭਾਂਜ ਹੈ, ਇਕ ਬਹਾਨਾ ਹੈ ਸੋਚਣ ਅਤੇ ਮੁੱਲਆਂਕਣ ਕਰਨ ਦੀ ਲੋੜ ਤੋਂ ਬਚਣ ਲਈ।"

"ਕਈ ਕਿਸਮ ਦੀਆਂ ਚੀਜ਼ਾਂ ਹਨ ਜਿਹੜੀਆਂ ਆਰਾਮ ਤੇ ਚੈਨ ਦਿੰਦੀਆਂ ਹਨ। ਮੇਰਾ ਅੰਦਾਜ਼ਾ ਹੈ ਕਿ ਮੌਰਫਿਨ ਦਾ ਟੀਕਾ ਵੀ ਕਾਫੀ ਆਰਾਮਦੇਹ ਹੋ ਸਕਦਾ ਹੈ ... ਪਰ ਇਹ ਕਹਿਣਾ ਕਿ ਕੋਈ ਚੀਜ਼ ਆਰਾਮਦੇਹ ਹੈ, ਇਹਦਾ ਅਰਥ ਇਹ ਕਹਿਣਾ ਨਹੀਂ ਕਿ ਉਹ ਸੱਚ ਵੀ ਹੈ।"

"ਅੰਧ-ਵਿਸ਼ਵਾਸ ਕਿਸੇ ਵੀ ਚੀਜ਼ ਨੂੰ ਸਹੀ ਠਹਿਰਾਅ ਸਕਦਾ ਹੈ। ਜੇ ਕੋਈ ਬੰਦਾ ਵੱਖਰੇ ਰੱਬ ਵਿਚ ਯਕੀਨ ਕਰਦਾ ਹੋਵੇ, ਜਾਂ ਸਿਰਫ ਉਸੇ ਰੱਬ ਦੀ ਪੂਜਾ ਵਿਚ ਵੱਖਰੀਆਂ ਰਸਮਾਂ ਵਰਤਦਾ ਹੋਵੇ, ਅੰਧ-ਵਿਸ਼ਵਾਸ ਉਸ ਨੂੰ ਮੌਤ ਦਾ ਫਤਵਾ ਦੇ ਸਕਦਾ ਹੈ ਕਿ -ਉਹ ਸੂਲੀ ਰਾਹੀਂ, ਅੱਗ ਨਾਲ, ਜਾਂ ਮੁਜਾਹਦੀ ਤਲਵਾਰ ਨਾਲ, ਬਰੂਤ ਦੀ ਕਿਸੇ ਗੋਲ਼ੀ ਨਾਲ, ਜਾਂ ਬੈਲਫਾਸਟ ਦੀ ਕਿਸੇ ਬਾਰ ਵਿਚ ਬੰਬ ਧਮਾਕੇ ਨਾਲ - ਮਾਰਿਆ ਜਾਵੇ। ਅੰਧ-ਵਿਸ਼ਵਾਸ ਵਾਂਗ ਹੀ ਇਹ ਗੱਲ ਦੇਸ਼ ਤੇ ਸਿਆਸੀ ਅੰਧ-ਵਿਸ਼ਵਾਸ 'ਤੇ ਵੀ ਲਾਗੂ ਹੁੰਦੀ ਹੈ।"

"ਬਾਈਬਲ ਦੀ ਪੁਰਾਣੀ ਸ਼ਾਖ ਵਾਲਾ ਰੱਬ ਵਿਵਾਦਪੂਰਨ ਤੌਰ 'ਤੇ ਹੁਣ ਤੱਕ ਦੀ ਸਾਰੀ ਫਿਕਸ਼ਨ ਵਿਚ ਸਭ ਤੋਂ ਵੱਧ ਨਾਗਵਾਰ ਕਿਰਦਾਰ ਹੈ: ਈਰਖਾਲੂ ਤੇ ਆਪਣੀ ਇਸ ਆਦਤ 'ਤੇ ਮਾਣ ਕਰਨ ਵਾਲਾ; ਘਟੀਆ, ਬੇਇਨਸਾਫ, ਦੂਜਿਆਂ 'ਤੇ ਕਬਜ਼ਾ ਜਮਾਉਣ ਵਾਲਾ; ਬਦਲੇਖੋਰਾ, ਖੂਨ ਦਾ ਪਿਆਸਾ, ਨਸਲ ਦੇ ਨਾਂਅ 'ਤੇ ਮਾਰਨ ਵਾਲਾ; ਔਰਤ ਦੁਸ਼ਮਣ, ਸਮਲਿੰਗੀਆਂ ਨੂੰ ਨਫਰਤ ਕਰਨ ਵਾਲਾ, ਨਸਲੀ, ਅਣਜੰਮਿਆਂ ਦਾ ਕਾਤਲ, ਨਸਲਕੁਸ਼, ਪੁੱਤਰਮਾਰ, ਪਲੇਗ ਫੈਲਾਉਣ ਵਾਲਾ, ਅਹੰਕਾਰੀ, ਕਰੂਰਤਾਪੂਰਨ ਸੰਭੋਗੀ, ਦੁੱਖ ਦੇਣ ਵਾਲਾ ਸਨਕੀ ਧੱਕੜ।"

## ਜੋਨ ਬਾਇਜ਼ (1941 -)

*(ਅਮਰੀਕਨ ਲੋਕਗੀਤ ਗਾਇਕ ਤੇ ਗੀਤਕਾਰ)*

"ਤੁਸੀਂ ਇਸ ਗੱਲ ਦਾ ਫੈਸਲਾ ਨਹੀਂ ਕਰ ਸਕਦੇ ਕਿ ਤੁਸੀਂ ਕਿਸ ਤਰ੍ਹਾਂ ਮਰੋਗੇ। ਜਾਂ ਕਦੋਂ। ਤੁਸੀਂ ਸਿਰਫ ਇਸ ਗੱਲ ਦਾ ਫੈਸਲਾ ਕਰ ਸਕਦੇ ਹੋ ਕਿ ਤੁਸੀਂ ਜੀਣਾ ਕਿੱਦਾਂ ਹੈ। ਹੁਣ।"

## ਮੋਮਾਰ ਗਦਾਫੀ (1942 -)

*(1969 ਤੋਂ ਲਿਬੀਆ ਦਾ ਲੀਡਰ)*

"ਜਦੋਂ ਹਾਕਮ ਧਾਰਮਿਕ ਬਣ ਜਾਵੇ, ਫੇਰ ਉਹਦੇ ਨਾਲ ਕੋਈ ਸੰਵਾਦ ਰਚਾਉਣਾ ਅਸੰਭਵ ਹੋ ਜਾਂਦਾ ਹੈ। ਜਦ ਕੋਈ ਧਰਮ ਦੇ ਨਾਂਅ 'ਤੇ ਰਾਜ ਕਰਦਾ ਹੈ, ਤੁਹਾਡਾ ਜੀਵਨ ਨਰਕ ਬਣ ਜਾਂਦਾ ਹੈ।"

## ਤਾਰਿਕ ਅਲੀ (1943 -)

*(ਲਾਹੌਰ ਪਾਕਿਸਤਾਨ ਦਾ ਜੰਮਪਲ ਅੰਗ੍ਰੇਜ਼ੀ ਦਾ ਲਿਖਾਰੀ ਤੇ ਖੱਬੀ ਲਹਿਰ ਨਾਲ ਪ੍ਰਤਿਬੱਧ ਚਿੰਤਕ)*

"ਮੈਂ ਪੰਜ ਛੇ ਸਾਲ ਦੀ ਉਮਰ ਤੋਂ ਹੀ ਸ਼ੰਕਾਵਾਦੀ ਸੀ। ਬਾਰ੍ਹਾਂ ਸਾਲਾਂ ਦੀ ਉਮਰ ਵਿਚ ਮੈਂ ਪੱਕਾ ਨਾਸਤਿਕ ਬਣ ਗਿਆ ਸਾਂ।"

## ਜਿਮ ਹੈਰਿਕ (1944 -)

*(ਬਰਤਾਨੀਆ ਦਾ ਮਨੁੱਖਵਾਦੀ)*

" 'ਨਾਸਤਿਕ' ਆਪਣੇ ਅਰਥਾਂ ਵਿਚ ਬਹੁਤ ਸਾਫ ਹੈ "ਰੱਬ 'ਚ ਯਕੀਨ ਨਾ ਕਰਨ ਵਾਲਾ ਵਿਅਕਤੀ।" ਪਰ ਇਸ ਦੀ ਵਰਤੋਂ ਜ਼ਿਆਦਾ ਗੁੰਝਲਦਾਰ ਹੈ ਕਿਉਂਕਿ ਇਹ ਅਕਸਰ ਉਸ ਵਿਅਕਤੀ ਨੂੰ ਘਟੀਆ ਦਿਖਾਉਣ ਲਈ ਵਰਤਿਆ ਜਾਂਦਾ ਹੈ ਜਿਹਨੂੰ ਧਰਮ ਦੀ ਸਿੱਖਿਆ ਬਾਰੇ ਰਤਾ ਵੀ ਸ਼ੱਕ ਹੋਵੇ।"

## ਐਲਿਸ ਵਾਕਰ (1944-)

*(ਅਮਰੀਕਾ ਦੀ ਕਾਲ਼ੀ ਲੇਖਕਾ। ਆਪਣੇ ਨਾਵਲ ਕਲਰ ਪਰਪਲ ਕਰਕੇ ਮਸ਼ਹੂਰ)*

"ਜਿਹੜੀ ਗੱਲ ਸਮਝ ਨਹੀਂ ਪੈਂਦੀ, ਉਸ ਦੀ ਪੂਜਾ ਕੀਤੀ ਜਾਂਦੀ ਹੈ ਜਾਂ ਉਸ ਤੋਂ ਡਰਿਆ ਜਾਂਦਾ ਹੈ।"

## ਕੈਰਨ ਆਰਮਸਟਰੌਂਗ (1944 -)

*(ਬਰਤਾਨਵੀ ਲੇਖਕਾ)*

"ਇਕ ਸਰਬਸ਼ਕਤੀਮਾਨ ਸਰਬਗਿਆਤਾ ਜ਼ਾਲਮ ਧਰਤੀ ਉੱਤਲੇ ਹੁਕਮਰਾਨਾਂ ਨਾਲੋਂ ਕੋਈ ਬਹੁਤਾ ਵੱਖਰਾ ਨਹੀਂ ਜਿਹੜੇ ਹਰ ਚੀਜ਼ ਤੇ ਹਰ ਵਿਅਕਤੀ ਨੂੰ ਆਪਣੇ ਅਧਿਕਾਰ ਥੱਲੇ ਮਸ਼ੀਨ ਦੇ ਪੁਰਜੇ ਬਣਾ ਦਿੰਦੇ ਹਨ। ਨਾਸਤਿਕਤਾ ਜਿਹੜੀ ਇਸ ਕਿਸਮ ਦੇ ਰੱਬ ਤੋਂ ਨਾਬਰ ਹੁੰਦੀ ਹੈ ਹਰ ਤਰ੍ਹਾਂ ਨਾਲ ਸਹੀ ਹੈ।"

"ਧਰਮ ਕੋਈ ਬਹੁਤੀ ਚੰਗੀ ਜਾਂ ਸੁਖਾਵੀਂ ਸ਼ੈਅ ਨਹੀਂ। ਅਸਲ ਵਿਚ ਇਹ ਇਕ ਬਹੁਤ ਹੀ ਖਤਰਨਾਕ ਸੰਭਾਵਨਾਵਾਂ ਵਾਲੀ ਚੀਜ਼ ਹੈ ਕਿਉਂਕਿ ਇਸ ਵਿਚ ਜਜ਼ਬਾਤ, ਖਾਹਿਸ਼ਾਂ, ਸਧਰਾਂ ਅਤੇ ਡਰ ਦਾ ਗੁੰਝਲਦਾਰ ਮਿਸ਼ਰਣ ਹੁੰਦਾ ਹੈ।"

## ਜਾਵੇਦ ਅਖਤਰ (1945 -)

*(ਭਾਰਤੀ ਫਿਲਮ ਪਟਕਥਾ ਲੇਖਕ ਤੇ ਕਵੀ)*

"ਮੇਰੇ ਨਾਂ ਮਗਰ ਨਾ ਜਾਇਓ – ਜਾਵੇਦ ਅਖਤਰ। ਮੈਂ ਕੋਈ ਵੱਡਾ ਭੇਤ ਨਹੀਂ ਖੋਲ੍ਹ ਰਿਹਾ, ਮੈਂ ਉਹ ਕੁਝ ਹੀ ਕਹਿ ਰਿਹਾ ਹਾਂ ਜਿਹੜਾ ਮੈਂ ਪਹਿਲਾਂ ਵੀ ਕਈ ਵਾਰ ਕਿਹਾ ਹੈ, ਲਿਖਤ ਵਿਚ ਵੀ, ਟੀ ਵੀ 'ਤੇ ਵੀ ਲੋਕਾਂ ਵਿਚ ਵੀ … ਮੈਂ ਨਾਸਤਿਕ ਹਾਂ, ਮੇਰਾ ਕੋਈ ਧਾਰਮਿਕ ਵਿਸ਼ਵਾਸ ਨਹੀਂ ਹੈ। ਤੇ ਜ਼ਾਹਿਰ ਹੈ ਕਿ ਮੈਂ ਕਿਸੇ ਕਿਸਮ ਦੀ ਰੂਹਾਨੀਅਤ ਵਿਚ ਵੀ ਯਕੀਨ ਨਹੀਂ ਕਰਦਾ।"

## ਡੇਵਿਡ ਸਟਾਰਕੀ (1945 -)

*(ਬਰਤਾਨਵੀ ਇਤਿਹਾਸਕਾਰ)*

"ਮੈਨੂੰ ਬੰਦੇ ਤੋਂ ਬਾਹਰੀ ਕਿਸੇ ਦੈਵੀ ਸ਼ਕਤੀ 'ਚ ਯਕੀਨ ਨਹੀਂ; ਮੈਨੂੰ ਪੂਰੀ ਤਰ੍ਹਾਂ ਸਾਫ ਲਗਦਾ ਹੈ ਕਿ ਬਾਈਬਲ ਦੀ ਕਹਾਣੀ ਨੇ ਗੱਲ ਨੂੰ ਬਿਲਕੁਲ ਉਲਟ ਸਮਝਿਆ ਹੈ। ਰੱਬ ਬੰਦਾ ਨਹੀਂ ਪੈਦਾ ਕਰਦਾ, ਬੰਦਾ ਰੱਬ ਪੈਦਾ ਕਰਦਾ ਹੈ। ਇਹ ਬੰਦੇ ਦੀ ਬਣਾਈ ਹੋਈ ਗੱਲ ਹੈ।"

## ਯੂਜੀਨੀ ਸਕੌਟ (1945- )

*(ਅਮਰੀਕਨ ਭੌਤਿਕ ਮਾਨਵ ਵਿਗਿਆਨੀ)*

"ਜੇ ਤੁਸੀਂ ਵਿਗਸਣ (ਐਵੋਲਿਊਸ਼ਨ) ਨੂੰ ਨਹੀਂ ਸਮਝਦੇ ਤੁਸੀਂ ਵਿਗਿਆਨਕ ਪੱਖੋਂ ਪੜ੍ਹੇ ਲਿਖੇ ਨਹੀਂ, ਤੇ ਜੇ ਤੁਸੀਂ ਵਿਗਿਆਨ ਨਹੀਂ ਸਮਝਦੇ ਤਾਂ ਤੁਸੀਂ ਸਮਾਜ ਦੇ ਪੜ੍ਹੇ ਲਿਖੇ ਮੈਂਬਰ ਨਹੀਂ ਕਹਾ ਸਕਦੇ।"

## ਐਨੀ ਡਿਲਰਡ (1945-)

*(ਅਮਰੀਕਨ ਨਾਵਲਕਾਰਾ ਤੇ ਕਵਿੱਤਰੀ)*

ਐਸਕੀਮੋ: "ਜੇ ਮੈਨੂੰ ਰੱਬ ਅਤੇ ਪਾਪ ਬਾਰੇ ਪਤਾ ਨਾ ਹੋਵੇ ਕੀ ਮੈਂ ਨਰਕ ਵਿਚ ਜਾਵਾਂਗਾ?"
ਪਾਦਰੀ: "ਨਹੀਂ, ਜੇ ਤੁਹਾਨੂੰ ਪਤਾ ਨਾ ਹੋਵੇ, ਫੇਰ ਨਹੀਂ"
ਐਸਕੀਮੋ: "ਤਾਂ ਫੇਰ ਤੂੰ ਮੈਨੂੰ ਇਹਦੇ ਬਾਰੇ ਕਿਉਂ ਦੱਸਿਆ ਹੈ?"

## ਇਬਨ ਬਾਰਾਕ (1946-)

*(ਇਬਨ ਬਾਰਾਕ ਪਾਕਿਸਤਾਨੀ ਪਿਛੋਕੜ ਦੇ ਇਕ ਧਰਮ-ਨਿਰਪੇਖੀ (ਸੈਕੂਲਰ) ਲੇਖਕ ਦਾ ਫਰਜ਼ੀ ਨਾਂ ਹੈ। ਉਹਦੀਆਂ ਕਿਰਤਾਂ ਵਿੱਚੋਂ ਸਭ ਤੋਂ ਵੱਧ ਜਾਣੀ ਜਾਂਦੀ ਕਿਤਾਬ ਦਾ ਨਾਂ ਹੈ 'ਮੈਂ ਮੁਸਲਮਾਨ ਕਿਉਂ ਨਹੀਂ' (ਵਾਈ ਆਈ ਐਮ ਨੌਟ ਏ ਮੁਸਲਿਮ)।*

"ਸਾਨੂੰ ਸਚਾਈ ਦਾ ਸਾਹਮਣਾ ਕਰਨਾ ਚਾਹੀਦਾ ਹੈ। ... ਇਸਲਾਮ ਦੁਨੀਆ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਦੇਖਦਾ ਹੈ: ਦਰ-ਉਲ-ਹਰਬ (ਲੜਾਈ ਵਾਲੀ ਧਰਤੀ) ਅਤੇ ਦਰ-ਉਲ-ਇਸਲਾਮ (ਇਸਲਾਮ ਦੀ ਧਰਤੀ)। ਦਰ-ਉਲ-ਹਰਬ (ਲੜਾਈ ਵਾਲੀ ਧਰਤੀ) ਕਾਫਰਾਂ ਦੀ ਧਰਤੀ ਹੈ। ਮੁਸਲਮਾਨਾਂ ਦਾ ਇਹ ਫਰਜ਼ ਹੈ ਕਿ ਉਨ੍ਹਾਂ ਥਾਵਾਂ 'ਤੇ ਘੁਸਪੈਂਠ ਕਰਨ, ਧਰਮ ਫੈਲਾਉਣ ਅਤੇ ਉੱਥੇ ਬੱਚੇ ਪੈਦਾ ਕਰਨ ਉਨਾਂ ਚਿਰ ਜਿੰਨਾਂ ਚਿਰ ਉਨ੍ਹਾਂ ਦੀ ਗਿਣਤੀ ਵਧ ਨਹੀਂ ਜਾਂਦੀ ਤੇ ਉਹ ਲੜਾਈ ਸ਼ੁਰੂ ਕਰ ਸਕਣ। ... ਇਸਲਾਮ ਨੂੰ ਲਾਗੂ ਕਰਾਉਣ। ... ਅਤੇ ਉਸ ਜਗ੍ਹਾ ਨੂੰ ਦਰ-ਉਲ-ਇਸਲਾਮ ਵਿਚ ਤਬਦੀਲ ਕਰਨ। ... ਤੇ ਜਦੋਂ ਸਾਡੇ ਵਿੱਚੋਂ ਬੇਅਕਲੇ ਲੋਕ ਇਹ ਸਿੱਖਿਆ ਪੜ੍ਹਦੇ ਹਨ ਤਾਂ ਉਹ ਉਨ੍ਹਾਂ 'ਤੇ ਅਮਲ ਕਰਦੇ ਹਨ। ਇਸ ਦਾ ਨਤੀਜਾ ਸਤੰਬਰ 11 ਤੇ

ਮਨੁੱਖੀ ਬੰਬ ਹਨ। ... ਇਹ ਅੱਤਵਾਦੀ ਨਹੀਂ ਜਿਨ੍ਹਾਂ ਨੇ ਕੁਰਾਨ ਨੂੰ ਗਲਤ ਸਮਝਿਆ ਹੈ। ਉਹ ਤਾਂ ਉਹੀ ਕਰਦੇ ਹਨ ਜੋ ਕੁਰਾਨ ਉਨ੍ਹਾਂ ਤੋਂ ਮੰਗ ਕਰਦੀ ਹੈ। ਅਸੀਂ ਇਸਲਾਮ ਨੂੰ ਗਲਤ ਸਮਝਿਆ ਹੈ।''

## ਸਲਮਾਨ ਰਸ਼ਦੀ (1948 - )

*(ਮੁੰਬਈ, ਭਾਰਤ ਦਾ ਜੰਮਪਲ, ਰਸ਼ਦੀ ਅੰਗ੍ਰੇਜ਼ੀ ਦਾ ਮਸ਼ਹੂਰ ਨਾਵਲਕਾਰ ਹੈ। ਉਹਦਾ ਚੌਥਾ ਨਾਵਲ ਸੈਤਾਨਿਕ ਵਰਸਸ ਧਾਰਮਿਕ ਲੋਕਾਂ ਦੇ ਗੁੱਸੇ ਦਾ ਨਿਸ਼ਾਨਾ ਬਣਿਆਂ।)*

''ਮੇਰਾ ਨਹੀਂ ਖਿਆਲ ਕਿ ਰੱਬ ਵਰਗੀ ਕਿਸੇ ਸ਼ੈਅ ਦੀ ਮੇਰੇ ਜੀਵਨ ਵਿਚ ਕੋਈ ਲੋੜ ਹੈ।''

''ਜੇ ਇਸਲਾਮ ਨੇ ਆਧੁਨਿਕਤਾ ਨਾਲ ਸਮਝੌਤਾ ਕਰਨਾ ਹੈ ਤਾਂ ਇਨ੍ਹਾਂ ਆਵਾਜ਼ਾਂ ਨੂੰ ਵੜਾਵਾ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਇਕ ਸ਼ਕਤੀਸ਼ਾਲੀ ਆਵਾਜ਼ ਬਣ ਜਾਣ। ਉਨ੍ਹਾਂ 'ਚੋਂ ਕਈ ਵੱਖਰੀ ਕਿਸਮ ਦੇ ਇਸਲਾਮ ਦੀ ਗੱਲ ਕਰਦੀਆਂ ਹਨ, ਉਨ੍ਹਾਂ ਦਾ ਆਪਣਾ ਪ੍ਰਾਈਵੇਟ ਵਿਸ਼ਵਾਸ। ... ਆਧੁਨਿਕ ਬਣਨ ਵਾਸਤੇ ਧਰਮ ਨੂੰ ਜਾਤੀ ਪੱਧਰ 'ਤੇ ਸਥਾਪਤ ਕਰਨਾ, ਇਸ ਦੇ ਸਿਆਸੀਕਰਨ ਨੂੰ ਖਤਮ ਕਰਨਾ, ਉਹ ਘੁੰਡੀ ਹੈ ਜਿਹਨੂੰ ਸਾਰੇ ਮੁਸਲਮਾਨ ਸਮਾਜਾਂ ਵਲੋਂ ਫੜਿਆ ਜਾਣਾ ਚਾਹੀਦਾ ਹੈ।''

''ਮੈਂ ਅਕਸਰ ਕਹਿੰਦਾ ਰਿਹਾ ਹਾਂ ਕਿ ਧਰਮ ਦੀਆਂ ਅਸਲੀ ਲੜਾਈਆਂ ਉਹ ਹਨ ਜਿੱਥੇ ਧਰਮ ਆਮ ਸ਼ਹਿਰੀਆਂ ਦੇ ਵਿਰੁੱਧ 'ਆਪੋ ਆਪਣੇ ਅਸਰ ਦੇ ਦਾਇਰਿਆਂ ਵਿਚ' ਲੜਾਈ ਕਰਦੇ ਹਨ। ਧਰਮ ਦੀਆਂ ਇਹ ਲੜਾਈਆਂ ਬਹੁਤੀਆਂ ਨਿਹੱਥੇ ਲੋਕਾਂ ਦੇ ਵਿਰੁੱਧ ਹਨ: ਅਮਰੀਕਨ ਕੱਟੜਪੰਥੀਆਂ ਦੀ ਪ੍ਰੋ-ਚੋਆਇਸ ਡਾਕਟਰਾਂ ਵਿਰੁੱਧ, ਇਰਾਨ ਦੇ ਮੁੱਲਿਆਂ ਦੀ ਉਨ੍ਹਾਂ ਦੇ ਮੁਲਕ ਵਿਚਲੇ ਘੱਟ ਗਿਣਤੀ ਯਹੂਦੀਆਂ ਵਿਰੁੱਧ, ਤਾਲਿਬਾਨਾਂ ਦੀ ਅਫਗਾਨਿਸਤਾਨ ਦੇ ਲੋਕਾਂ ਵਿਰੁੱਧ, ਬੰਬਈ ਵਿਚ ਹਿੰਦੂ ਕੱਟੜਪੰਥੀਆਂ ਦੀ ਡਰੇ ਹੋਏ ਮੁਸਲਮਾਨਾਂ ਵਿਰੁੱਧ।''

''ਕੱਟੜਵਾਦ ਦਾ ਸਬੰਧ ਧਰਮ ਨਾਲ ਨਹੀਂ ਸਗੋਂ ਤਾਕਤ ਨਾਲ ਹੈ।''

## ਟੈਰੀ ਪਰੈਚਿੱਟ (1948-)

*(ਅੰਗ੍ਰੇਜ਼ੀ ਨਾਵਲਕਾਰ)*

"ਸੱਚ ਦੀ ਖੋਜ ਵਿਚ ਲੱਗੇ ਹੋਏ ਲੋਕਾਂ ਦਾ ਹੋਣਾ ਉਨ੍ਹਾਂ ਨਾਲੋਂ ਕਿਤੇ ਮਹੱਤਵਪੂਰਨ ਹੈ ਜਿਹੜੇ ਸੋਚਦੇ ਹਨ ਕਿ ਸੱਚ ਪਾ ਲਿਆ ਹੈ।"

## ਕਰਿਸਟੋਫਰ ਹਿਚਨਜ਼ (1949 –)

*(ਇੰਗਲੈਂਡ ਦਾ ਜੰਮਪਲ਼ ਤੇ ਅਮਰੀਕਾ ਦਾ ਸ਼ਹਿਰੀ ਹਿਚਨਜ਼ ਮਸ਼ਹੂਰ ਨਾਸਤਿਕ ਹੈ। ਉਸ ਦੀ ਕਿਤਾਬ ਗੌਡ ਇਜ਼ ਨੌਟ ਗਰੇਟ ਬਹੁਤ ਚਰਚਾ ਵਿਚ ਹੈ। ਉਹ ਅਜੋਕੀ ਲਹਿਰ ਦੇ ਚਾਰ ਮੋਢੀਆਂ – ਰਿਚਰਡ ਡਾਕਿੰਨਜ਼, ਸੈਮ ਹੈਰਿਸ ਤੇ ਡੈਨੀਅਲ ਡਿਨਿੱਟ ਵਿਚ ਗਿਣਿਆਂ ਜਾਂਦਾ ਹੈ।)*

"ਜਿਹੜੀ ਚੀਜ਼ ਸਬੂਤ ਬਿਨਾਂ ਮਨਾਈ ਜਾ ਸਕਦੀ ਹੋਵੇ ਉਹ ਸਬੂਤ ਬਿਨਾਂ ਰੱਦ ਵੀ ਕੀਤੀ ਜਾ ਸਕਦੀ ਹੈ।"

"ਜਦ ਇਹ ਗੱਲ ਸਾਫ ਹੈ ਕਿ ਸਾਰੇ ਧਰਮ ਸਹੀ ਨਹੀਂ ਹੋ ਸਕਦੇ ਤਾਂ ਸਭ ਤੋਂ ਵੱਧ ਤਰਕਸ਼ੀਲ ਸਿੱਟਾ ਇਹੀ ਹੈ ਕਿ ਉਹ ਸਾਰੇ ਗਲਤ ਹਨ।"

"ਰੱਬ 'ਚ ਯਕੀਨ ਰੱਖਣ ਵਾਲਿਆਂ ਨਾਲ ਕੀਤੀ ਬਹਿਸ ਦਾ ਸਮਾਂ ਕਦੇ ਵੀ ਜ਼ਾਇਆ ਨਹੀਂ ਜਾਂਦਾ। ਇਹ ਬਹਿਸ ਸਾਰੀਆਂ ਬਹਿਸਾਂ ਦੀ ਮੋਢੀ ਹੈ ਤੇ ਇਸ ਨੂੰ ਡੂੰਘੀ ਤੇ ਪਾਲਿਸ਼ ਕਰਨ ਦੀ ਕੋਸ਼ਸ਼ ਹੁੰਦੀ ਰਹਿਣੀ ਚਾਹੀਦੀ ਹੈ। ਮਾਰਕਸ ਠੀਕ ਸੀ ਜਦੋਂ ਉਹਨੇ 1844 ਵਿਚ ਕਿਹਾ ਸੀ ਕਿ 'ਧਰਮ ਦੀ ਅਲੋਚਨਾ ਸਾਰੀ ਅਲੋਚਨਾ ਦਾ ਅਧਾਰ ਹੈ।"

"ਸਿੱਧੜਪੁਣਾ ਤੇ ਲਾਈਲੱਗਪੁਣਾ ਆਮ ਮਨੁੱਖੀ ਜੀਵਨ ਵਿਚ ਅਣਚਾਹੇ ਗੁਣ ਜਾਂ ਔਗੁਣ ਗਿਣੇ ਜਾਂਦੇ ਹਨ – ਸਿਵਾਏ ਧਰਮ ਤੋਂ।"

## ਸਲੈਵੋ ਜ਼ੀਜ਼ੇਕ (1949 -)

*(ਸਲੋਵੇਨੀਆ ਦਾ ਜੰਮਪਲ਼ ਦਾਰਸ਼ਨਿਕ ਤੇ ਆਲੋਚਨਾਤਿਮਕ ਸਿਧਾਂਤਕਾਰ)*

"ਜਦੋਂ ਮੈਂ ਕੋਈ ਚੰਗਾ ਕੰਮ ਕਰਦਾ ਹਾਂ ਤਾਂ ਮੈਂ ਉਹ ਇਸ ਲਈ ਨਹੀਂ ਕਰਦਾ ਕਿ ਮੈਨੂੰ ਪ੍ਰਾਮਤਮਾ ਤੋਂ ਕੁਝ ਮਿਲੇਗਾ; ਮੈਂ ਚੰਗਾ ਇਸ ਲਈ ਕਰਦਾ ਹਾਂ ਕਿਉਂਕਿ ਜੇ ਮੈਂ ਚੰਗਾ ਨਾ ਕੀਤਾ ਤਾਂ ਮੈਂ ਸ਼ੀਸ਼ੇ ਵਿਚ ਆਪਣਾ ਸਾਹਮਣਾ ਨਹੀਂ ਕਰ ਸਕਾਂਗਾ। ਨੇਕ ਕੰਮ ਤਾਂ ਆਪਣੇ ਆਪ ਵਿਚ ਹੀ ਇਨਾਮ ਹੁੰਦਾ ਹੈ।"

## ਮਾਰਟਿਨ ਏਮਿਸ (1949-)

*(ਅੰਗ੍ਰੇਜ਼ੀ ਨਾਵਲਕਾਰ ਤੇ ਸਾਹਿਤਕ ਆਲੋਚਕ)*

"ਹੁਣ ਜਦ ਕਿ ਕਿਸੇ ਇਕੱਲੇ ਇਕਹਿਰੇ ਵਿਸ਼ਵਾਸ ਜਾਂ ਧਰਮ ਨੂੰ ਨਿੰਦਣ ਦੀ ਆਗਿਆ ਨਹੀਂ, ਆਓ ਇਨ੍ਹਾਂ ਸਾਰਿਆਂ ਨੂੰ ਨਿੰਦਣਾ ਸ਼ੁਰੂ ਕਰੀਏ। ਧਰਮ ਇਕ ਅਜਿਹਾ ਵਿਸ਼ਵਾਸੀ ਢਾਂਚਾ ਹੈ ਜਿਸਦਾ ਅਸਲੀਅਤ ਵਿਚ ਕਿਸੇ ਕਿਸਮ ਦਾ ਵੀ ਕੋਈ ਅਧਾਰ ਨਹੀਂ। ਧਾਰਮਿਕ ਵਿਸ਼ਵਾਸ ਤਰਕਹੀਣ ਅਤੇ ਮਾਣ ਰਹਿਤ ਹੈ ਅਤੇ ਇਸ ਦਾ ਰਿਕਾਰਡ ਤਕਰੀਬਨ ਸਾਰੇ ਵਿਸ਼ਵ ਵਿਚ ਹੀ ਖੌਫਨਾਕ ਹੈ।"

## ਜੌਰਜ ਐਚ ਸਮਿੱਥ (1949 -)

*(ਅਮਰੀਕਨ ਸਵੈਇੱਛਾਵਾਦੀ (ਲਿਬਰਟੇਰੀਅਨ) ਹਾਮੀ ਚਿੰਤਕ)*

"ਜਦੋਂ ਨਾਸਤਿਕ ਨੂੰ ਇਹ ਦੱਸਿਆ ਜਾਂਦਾ ਹੈ ਕਿ ਰੱਬ ਨੂੰ ਜਾਣਿਆਂ ਨਹੀਂ ਜਾ ਸਕਦਾ, ਉਹ ਇਸ ਦਾਅਵੇ ਨੂੰ ਦੋਂਹ 'ਚੋਂ ਕਿਸੇ ਇਕ ਤਰੀਕੇ ਨਾਲ ਸਮਝ ਸਕਦਾ ਹੈ। ਉਹ, ਪਹਿਲਾਂ, ਇਹ ਫਰਜ਼ ਕਰ ਸਕਦਾ ਹੈ ਕਿ ਆਸਤਿਕ ਨੂੰ ਰੱਬ ਦੀ ਹੋਂਦ ਦਾ ਗਿਆਨ ਹੈ ਜਿਸ ਬਾਰੇ ਕਿ ਉਹਦੇ ਆਪਣੇ ਕਹਿਣ ਮੁਤਾਬਕ ਸੰਭਾਵੀ ਤੌਰ 'ਤੇ ਜਾਣਿਆਂ ਨਹੀਂ ਜਾ ਸਕਦਾ; ਜਾਂ, ਦੂਜਾ, ਉਹ ਇਹ ਫਰਜ਼ ਕਰ ਸਕਦਾ ਹੈ ਕਿ ਆਸਤਿਕ ਨੂੰ ਪਤਾ ਹੀ ਨਹੀਂ ਕਿ ਉਹ ਕੀ ਕਹਿ ਰਿਹਾ ਹੈ।"

"ਮੌਤ ਬਾਅਦ ਜੀਵਨ ਦਾ ਵਾਇਦਾ ਬਿਨਾਂ ਸ਼ੱਕ ਧਰਮ ਨੂੰ ਦਰਸ਼ਨ ਦੇ ਮੁਕਾਬਲੇ ਵਧ ਖਿੱਚ ਵਾਲਾ ਬਣਾਉਂਦਾ ਹੈ, ਇਹ ਹੀ ਮੁੱਖ ਕਾਰਨ ਹੈ ਕਿ ਬਹੁਤੇ ਲੋਕ ਨਾਸਤਿਕਤਾ ਵਲ ਧਿਆਨ ਦੇਣ ਤੋਂ ਕੰਨੀ ਕਤਰਾਉਂਦੇ ਹਨ। ... ਪ੍ਰਮਾਤਮਾ ਵਿਚ ਵਿਸ਼ਵਾਸ ਨੂੰ ਇਕ ਪੱਲ ਵਿਚ ਹੀ ਪਰ੍ਹੇ ਧੱਕ ਦਿੱਤਾ ਜਾਵੇ ਜੇ ਨਾਸਤਿਕਤਾ ਮੌਤ ਦੇ ਡਰ ਨੂੰ ਕਿਸੇ ਤਰ੍ਹਾਂ ਖਤਮ ਕਰਨ ਯੋਗ ਹੋਵੇ।"

## ਬਰਾਇਨ ਐਪਲਯਾਰਡ (1951)

*(ਬਰਤਾਨਵੀ ਲੇਖਕ)*

"ਆਧੁਨਿਕਤਾ ਨੂੰ ਇਕ ਅਜਿਹੀ ਕੋਸ਼ਸ਼ ਵਜੋਂ ਵੀ ਦੇਖਿਆ ਜਾ ਸਕਦਾ ਹੈ ਕਿ ਰੱਬ ਨੂੰ ਪਾਸੇ ਕਰਕੇ ਦੁਨੀਆ ਨੂੰ ਦੁਬਾਰਾ ਚਿਤਵਿਆ ਜਾਵੇ।"

## ਐਡ ਕਰਿੱਬਜ਼ (1951-)

*(ਅਮਰੀਕਨ ਫੋਟੋਗ੍ਰਾਫਰ ਤੇ ਸਿਆਸੀ ਕਾਰਕੁੰਨ )*

"ਸਾਰੀ ਦੁਨੀਆ ਹਥਿਆਰਬੰਦ ਹੋ ਕੇ ਇਕ ਦੂਜੇ ਦੀਆਂ ਨਸਲਾਂ ਤਬਾਹ ਕਰਨ ਲਈ ਤਿਆਰ-ਬਰ-ਤਿਆਰ ਖੜੀ ਹੈ, ਸਿਰਫ ਇਸ ਲਈ ਕਿ ਅਸੀਂ ਫੈਸਲਾ ਨਈਂ ਕਰ ਸਕਦੇ ਕਿ ਕਿਹਦੀ ਪਰੀ ਕਹਾਣੀ ਵਿਚ ਯਕੀਨ ਕੀਤਾ ਜਾਵੇ।"

## ਰਿਕ ਰੈਨਾਲਡਜ਼ (1951-)

*(ਅਮਰੀਕਨ ਕਮੇਡੀਅਨ)*

"ਧਾਰਮਿਕ ਗ੍ਰੰਥਾਂ ਦਾ ਅਧਿਅਨ ਕਰਨ ਬਾਅਦ ਮੈਂ ਤਾਂ ਇਹੀ ਸਮਝਿਆ ਕਿ ਸਵਰਗ ਵਿਚ ਤੁਸੀਂ ਸਿਰਫ ਸਾਰੀ ਦਿਹਾੜੀ ਬੈਠੇ ਰਹਿੰਦੇ ਓ ਅਤੇ ਭਗਵਾਨ ਦੀ ਮਹਿਮਾ ਦਾ ਗੁਣਗਾਨ ਕਰਦੇ ਰਹਿੰਦੇ ਓ। ਮੈਨੂੰ ਤੁਹਾਡਾ ਤਾਂ ਪਤਾ ਨਈਂ ਪਰ ਮੈਨੂੰ ਲੱਗਦਾ ਕਿ ਪਹਿਲੇ, ਕਹਿ ਲਓ 50 ਕੁ ਮਿਲੀਅਨ ਸਾਲਾਂ ਬਾਅਦ, ਮੈਂ ਤਾਂ ਥੋੜ੍ਹਾ ਜਿਹਾ ਬੋਰ ਹੋ ਜਾਊਂਗਾ।"

## ਗਵਰਨਰ, ਜੈਸੀ ਵਿਨਚੂਰਾ (1951-)

*(ਅਮਰੀਕਨ ਸਿਆਸਤਦਾਨ ਤੇ ਰੀਟਾਇਰਡ ਪੇਸ਼ਾਵਰ ਪਹਿਲਵਾਨ)*

"ਜਥੇਬੰਦਕ ਧਰਮ ਇਕ ਧੋਖਾ ਹੈ ਅਤੇ ਕਮਜ਼ੋਰ ਬੁੱਧੀ ਵਾਲੇ ਲੋਕਾਂ ਲਈ ਫੌੜ੍ਹੀਆਂ ਜਿਨ੍ਹਾਂ ਨੂੰ ਭੀੜ ਵਿਚਲੀ ਸ਼ਕਤੀ ਦੀ ਲੋੜ ਹੁੰਦੀ ਹੈ। ਧਰਮ ਲੋਕਾਂ ਨੂੰ ਕਹਿੰਦਾ ਹੈ ਕਿ ਜਾ ਕੇ ਦੂਜੇ ਲੋਕਾਂ ਦੇ ਮਾਮਲਿਆਂ ਵਿਚ ਆਪਣੀਆਂ ਨਾਸਾਂ ਅੜਾਓ। ਮੈਂ ਇਸ ਸੁਨਹਿਰੇ ਨਿਯਮ ਨਾਲ ਰਹਿੰਦਾ ਹਾਂ: ਦੂਜਿਆਂ ਨਾਲ ਉਸੇ ਤਰ੍ਹਾਂ ਦਾ ਵਰਤਾਅ ਕਰੋ ਜਿਸ ਤਰ੍ਹਾਂ ਦਾ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਧਾਰਮਿਕ ਧਿਰ ਲੋਕਾਂ ਨੂੰ ਇਹ ਦੱਸਣਾ ਚਾਹੁੰਦੀ ਹੈ ਕਿ ਉਹ ਆਪਣਾ ਜੀਵਨ ਕਿਸ ਤਰ੍ਹਾਂ ਜੀਣ।"

## ਡਗਲੱਸ ਐਡਮਜ਼ (1952-2001)

*(ਵਿਗਿਆਨ ਗਲਪ ਦਾ ਅੰਗ੍ਰੇਜ਼ੀ ਲੇਖਕ)*

"ਰੱਬ ਦਾ ਕਹਿਣਾ ਹੈ 'ਮੈਂ ਇਸ ਗੱਲ ਦਾ ਸਬੂਤ ਦੇਣ ਤੋਂ ਨਾਂਹ ਕਰਦਾ ਹਾਂ ਕਿ ਮੈਂ ਹਾਂ'। 'ਸਬੂਤ ਦਾ ਮਤਲਬ ਵਿਸ਼ਵਾਸ ਨੂੰ ਨਿਕਾਰਨਾ ਹੈ ਤੇ ਵਿਸ਼ਵਾਸ ਬਿਨਾਂ ਮੈਂ ਕੁਝ ਵੀ ਨਹੀਂ'।"

## ਮਾਈਕਲ ਨਿਊਡੋਅ (1953-)

*(ਅਮਰੀਕਨ ਵਕੀਲ। ਉਹਨੇ ਰਾਸ਼ਟਰਪਤੀ ਬੁਸ਼ ਤੇ ਓਬਾਮਾ ਦੀ ਸਹੁੰ-ਚੁੱਕ ਰਸਮ ਸਮੇਂ ਅਰਦਾਸ ਅਤੇ ਧਰਮ ਨਾਲ ਸਬੰਧਤ ਕਿਸੇ ਵੀ ਹਵਾਲੇ ਵਿਰੁੱਧ ਮੁਕੱਦਮਾ ਦਰਜ ਕੀਤਾ)*

"ਇਹ ਮੇਰਾ ਹੱਕ ਹੈ ਕਿ ਮੈਂ ਆਪਣੀ ਧੀ ਦੀ ਪਾਲਣਾ ਪੋਸਣਾ ਉਹਦੇ ਸਕੂਲ ਅਧਿਆਪਕਾਂ ਵਲੋਂ ਉਸ ਉੱਪਰ ਰੱਬ ਠੋਸੇ ਜਾਣ ਦੇ ਬਿਨਾਂ ਕਰਾਂ।"

"ਇਕ ਦਿਨ ਮੈਂ ਉਂਝ ਹੀ ਸਿੱਕਿਆਂ ਵੱਲ ਦੇਖ ਰਿਹਾ ਸੀ, ਇਹਦੇ ਨਾਲ ਹੀ ਇਹ ਗੱਲ ਸ਼ੁਰੂ ਹੋਈ। ਮੈਂ ਆਪਣੇ ਸਿੱਕਿਆਂ 'ਤੇ "ਇਨ ਗੌਡ ਵੀ ਟਰੱਸਟ" ਲਿਖਿਆ ਦੇਖਿਆ। ਮੈਂ ਕਿਹਾ, "ਆਈ ਡੌਂਟ ਟਰੱਸਟ ਇਨ ਗੌਡ", ਇਹ ਕੀ ਹੈ? ਤੇ ਮੈਨੂੰ ਚੇਤਾ ਆਇਆ ਪਈ ਸਾਡੇ ਵਿਧਾਨ ਵਿਚ ਕੁਝ ਅਜਿਹਾ ਹੈ ਜਿਸ ਦਾ ਕਹਿਣਾ ਹੈ ਕਿ ਤੁਹਾਨੂੰ ਇਸ ਤਰ੍ਹਾਂ ਕਰਨ ਦੀ ਇਜਾਜ਼ਤ ਨਹੀਂ ਹੈ, ਇਸ ਲਈ ਮੈਂ ਕੁਝ ਖੋਜ ਕੀਤੀ। ਮੈਨੂੰ ਖੋਜ ਕਰਦੇ ਨੂੰ ਹੀ ਪਤਾ ਲੱਗ ਗਿਆ ਕਿ ਕਾਨੂੰਨ ਮੇਰੇ ਵਲ ਹੈ। ਮੈਂ ਉਸੇ ਵੇਲੇ ਮੁਕੱਦਮਾ ਕਰ ਦਿੱਤਾ। ਇੱਦਾਂ ਕਰਨਾ ਬੜਾ ਵਧੀਆ ਲੱਗਾ। ਤੁਸੀਂ ਵੀ ਕਦੇ ਕਰ ਕੇ ਦੇਖਿਓ।"

"ਮੈਂ ਵਿਧਾਨ ਵਿਚ ਯਕੀਨ ਕਰਦਾ ਹਾਂ। ਵਿਧਾਨ ਇਹ ਕਹਿੰਦਾ ਹੈ ਕਿ ਸਰਕਾਰ ਨੂੰ ਸਾਡੇ ਸਮਾਜ ਵਿਚ ਧਰਮ ਨਹੀਂ ਵਾੜਨਾ ਚਾਹੀਦਾ, ਇਸੇ ਕਰਕੇ ਮੈਂ ਕਿਹਾ ਕਿ ਇਸ ਕਾਨੂੰਨ ਦੀ ਰਾਖੀ ਕੀਤੀ ਜਾਵੇ।"

## ਈਅਨ ਐਮ ਬੈਂਕਸ (1954-)

*(ਸਕਾਟਲੈਂਡ ਦਾ ਲਿਖਾਰੀ)*

"ਵਿਸ਼ਵਾਸ ਗਲਤ ਹੈ; ਤਰਕ ਅਤੇ ਕਿੰਤੂ ਬਿਨਾਂ ਕਿਸੇ ਚੀਜ਼ 'ਚ ਯਕੀਨ ਬੁਰਾ ਹੈ।"

## ਬਿੱਲ ਗੇਟਸ (1955-)

*(ਅਮਰੀਕਨ, ਮਾਈਕਰੋਸਾਫਟ ਦਾ ਮਾਲਕ)*

"ਸਿਰਫ ਸਮੇਂ ਦੀ ਵਰਤੋਂ ਦੇ ਪੱਖੋਂ ਹੀ ਦੇਖਿਆਂ ਧਰਮ ਕੋਈ ਬਹੁਤਾ ਪ੍ਰਭਾਵਸ਼ਾਲੀ ਨਹੀਂ। ਐਤਵਾਰ ਸਵੇਰੇ ਮੈਂ ਹੋਰ ਬਹੁਤ ਕੁਝ ਕਰ ਸਕਦਾ ਹਾਂ।"

## ਪੈੱਨ ਜਿਲੈੱਟ (1955-)

*(ਅਮਰੀਕਨ ਜਾਦੂਗਰ, ਕਮੇਡੀਅਨ ਅਤੇ ਨਾਸਤਿਕਤਾ ਦਾ ਪ੍ਰਚਾਰਕ)*

"ਇਹ ਮੰਨਣ ਨਾਲ ਕਿ ਰੱਬ ਨਹੀਂ ਹੈ ਮੈਨੂੰ ਹੋਰ ਗੱਲਾਂ ਵਿਚ ਯਕੀਨ ਕਰਨ ਲਈ ਮੌਕਾ ਮਿਲ ਜਾਂਦਾ ਹੈ ਜਿਵੇਂ ਕਿ ਪਰਵਾਰ, ਲੋਕ, ਪਿਆਰ, ਸੱਚ, ਸੁੰਦਰਤਾ, ਕਾਮ, ਜੈਲ-ਓ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਜਿਨ੍ਹਾਂ ਦਾ ਮੈਂ ਸਬੂਤ ਦੇ ਸਕਦਾ ਹਾਂ ਕਿ ਉਹ ਮੇਰੇ ਇਸ ਜੀਵਨ ਨੂੰ ਵਧੀਆ ਬਣਾਉਂਦੇ ਹਨ।"

## ਕੈਥੀ ਲੈਡਮੈਨ (1955-)

*(ਅਮਰੀਕਨ ਕਮੇਡੀਅਨ ਤੇ ਅਦਾਕਾਰਾ)*

"ਸਾਰੇ ਧਰਮ ਇੱਕੋ ਜਿਹੇ ਹੁੰਦੇ ਹਨ: ਧਰਮ ਮੁੱਖ ਤੌਰ 'ਤੇ ਅਪਰਾਧ ਭਾਵਨਾ ਹੈ, ਜਿਸ ਦੀਆਂ ਵੱਖਰੇ ਦਿਨ ਛੁੱਟੀਆਂ ਹੁੰਦੀਆਂ ਹਨ।"

## ਐਮੋ ਫਿਲਿਪਸ (1956-)

*(ਅਮਰੀਕਨ ਕਮੇਡੀਅਨ)*

"ਹੇ ਰੱਬਾ, ਕਿਰਪਾ ਕਰਕੇ ਵਿਸ਼ਵ ਦੇ ਕਾਨੂੰਨਾਂ ਨੂੰ ਮੇਰੀ ਸਹੂਲਤ ਲਈ ਬਦਲ ਦੇ।"

"ਜਦੋਂ ਮੈਂ ਛੋਟਾ ਸੀ, ਤਾਂ ਮੈਂ ਹਰ ਰਾਤ ਇਕ ਸਾਈਕਲ ਲਈ ਅਰਦਾਸ ਕਰਦਾ ਹੁੰਦਾ ਸੀ। ਫੇਰ ਮੈਨੂੰ ਗੱਲ ਦੀ ਸਮਝ ਆਈ ਕਿ ਪਰਮਾਤਮਾ ਇਸ

ਤਰ੍ਹਾਂ ਕੰਮ ਨਹੀਂ ਸੀ ਚਲਾਉਂਦਾ। ਮੈਂ ਇਕ ਸਾਈਕਲ ਚੋਰੀ ਕਰ ਲਿਆ ਅਤੇ ਪ੍ਰਾਮਤਮਾ ਅੱਗੇ ਅਰਦਾਸ ਕੀਤੀ ਕਿ ਉਹ ਮੈਨੂੰ ਮੁਆਫ ਕਰ ਦੇਵੇ।"

"ਮੈਂ ਇਕ ਦਿਨ ਪੁਲ਼ 'ਤੇ ਤੁਰਿਆ ਜਾਂਦਾ ਸੀ। ਮੈਂ ਕੰਢੇ 'ਤੇ ਖੜ੍ਹਾ ਇਕ ਆਦਮੀ ਦੇਖਿਆ ਜਿਹੜਾ ਪਾਣੀ ਵਿਚ ਛਾਲ ਮਾਰਨ ਲੱਗਾ ਸੀ। ਮੈਂ ਦੌੜ ਕੇ ਉਹਦੇ ਕੋਲ ਗਿਆ, "ਠਹਿਰ ਜਾਹ, ਨਾ ਕਰੀਂ ਇੱਦਾਂ!"

"ਕਿਉਂ ਨਾ ਕਰਾਂ?", ਉਹਨੇ ਕਿਹਾ।

"ਜੀਣ ਲਈ ਏਨਾ ਕੁਛ ਹੈ।"

"ਕੀ ਹੈ?"

"ਕੀ ਤੂੰ ਧਾਰਮਿਕ ਹੈਂ ਕਿ ਨਾਸਤਿਕ?"

"ਧਾਰਮਿਕ।"

"ਮੈਂ ਵੀ!" "ਕੀ ਤੂੰ ਇਸਾਈ ਹੈਂ ਕਿ ਬੋਧੀ?"

"ਇਸਾਈ।"

"ਮੈਂ ਵੀ!" "ਕੀ ਤੂੰ ਕੈਥੋਲਿਕ ਹੈਂ ਕਿ ਪ੍ਰੋਟੈਸਟੈਂਟ?"

"ਪ੍ਰੋਟੈਸਟੈਂਟ।"

"ਮੈਂ ਵੀ!"

"ਕੀ ਤੂੰ ਐਪੀਸਕੋਪੇਲੀਅਨ ਜਾਂ ਬੈਪਟਿਸਟ ਹੈਂ?"

"ਬੈਪਟਿਸਟ।"

"ਵਾਹ ਬਈ ਵਾਹ'" "ਮੈਂ ਵੀ!" "ਕੀ ਤੂੰ ਬੈਪਟਿਸਟ ਚਰਚ ਆਫ ਗੌਡ ਜਾਂ ਬੈਪਟਿਸਟ ਚਰਚ ਆਫ ਦਾ ਲੌਰਡ ਹੈਂ?"

"ਬੈਪਟਿਸਟ ਚਰਚ ਆਫ ਦਾ ਗੌਡ।"

"ਮੈਂ ਵੀ!"! "ਕੀ ਤੂੰ ਓਰੀਜੀਨਲ ਬੈਪਟਿਸਟ ਚਰਚ ਆਫ ਦਾ ਗੌਡ ਹੈਂ ਜਾਂ ਕੀ ਤੂੰ ਰੀਫੌਰਮਡ ਬੈਪਟਿਸਟ ਚਰਚ ਆਫ ਦਾ ਗੌਡ ਹੈਂ?"

"ਰੀਫੌਰਮਡ ਬੈਪਟਿਸਟ ਚਰਚ ਆਫ ਦਾ ਗੌਡ।"

"ਮੈਂ ਵੀ!" "ਕੀ ਤੂੰ ਰੀਫੌਰਮਡ ਬੈਪਟਿਸਟ ਚਰਚ ਆਫ ਦਾ ਗੌਡ, ਰੀਫੌਰਮੇਸ਼ਨ ਆਫ 1879, ਜਾਂ ਰੀਫੌਰਮਡ ਬੈਪਟਿਸਟ ਚਰਚ ਆਫ ਦਾ ਗੌਡ, ਰੀਫੌਰਮੇਸ਼ਨ ਆਫ 1915 ਹੈਂ?"

ਉਹਨੇ ਕਿਹਾ "ਰੀਫੌਰਮਡ ਬੈਪਟਿਸਟ ਚਰਚ ਆਫ ਦਾ ਗੌਡ, ਰੀਫੌਰਮੇਸ਼ਨ ਆਫ 1915।"

ਮੈਂ ਕਿਹਾ, "ਮਰ, ਗੰਦਿਆ ਕਾਫਰਾ" ਅਤੇ ਮੈਂ ਉਹਨੂੰ ਧੱਕਾ ਦੇ ਦਿੱਤਾ।"

## ਜੈਲੋ ਬਿਆਫਰਾ (1958-)

*(ਅਮਰੀਕਨ ਸੰਗੀਤਕਾਰ ਤੇ ਵਾਤਾਵਰਨ ਨਾਲ ਸਬੰਧਤ ਗਰੀਨ ਪਾਰਟੀ ਦਾ ਸਰਗਰਮ ਆਗੂ)*

"ਜੇ ਤੁਸੀਂ ਰੱਬ ਨੂੰ ਪਿਆਰ ਕਰਦੇ ਹੋ ਤਾਂ ਚਰਚ ਨੂੰ ਲੂਹ ਦੇਵੋ।"

## ਨੈਤਲੀ ਏਂਜੀਅਰ (1958-)

*(ਅਮਰੀਕਨ ਵਿਗਿਆਨ-ਪੱਤਰਕਾਰਾ)*

"ਮੈਂ ਮੌਤ ਬਾਅਦ ਜ਼ਿੰਦਗੀ 'ਚ ਯਕੀਨ ਨਹੀਂ ਕਰਦੀ, ਪਰ ਮੈਂ ਮੌਤ ਤੋਂ ਪਹਿਲਾਂ ਜੀਵਨ ਵਿਚ ਯਕੀਨ ਕਰਨਾ ਚਾਹੁੰਦੀ ਹਾਂ।"

"ਮੁੱਖ ਧਾਰਾ ਦੇ ਧਰਮਾਂ ਨੂੰ ਦਿੱਤੀ ਜਾਂਦੀ ਵਿਸ਼ੇਸ਼ ਛੋਟ ਸਾਡੇ ਘੋਰ ਧਾਰਮਿਕ ਸਮਾਜ ਦੀਆਂ ਖਿਝਾਉਣ ਵਾਲੀਆਂ ਗੱਲਾਂ ਵਿਚ ਸਭ ਤੋਂ ਵੱਧ ਖਿਝਾਉਣ ਵਾਲੀ ਗੱਲ ਹੈ। ਅਸੀਂ ਧਰਮ ਦੇ ਇਕ ਸ਼ਕਤੀਸ਼ਾਲੀ ਸਮਾਜਕ ਤਾਕਤ ਹੋਣ ਦੀ ਗੱਲ ਤਾਂ ਕਰ ਸਕਦੇ ਹਾਂ ਪਰ ਦੂਜੇ ਸ਼ਕਤੀਸ਼ਾਲੀ ਅਦਾਰਿਆਂ ਵਾਂਗ ਅਸੀਂ ਧਰਮ 'ਤੇ ਨਾ ਕਿੰਤੂ ਕਰ ਸਕਦੇ ਹਾਂ, ਨਾ ਇਸ ਦੀ ਆਲੋਚਨਾ ਕਰ ਸਕਦੇ ਹਾਂ ਤੇ ਨਾ ਹੀ ਇਸ ਦਾ ਮਖੌਲ ਉਡਾ ਸਕਦੇ ਹਾਂ।"

## ਸੁਨੰਦ ਟ੍ਰਾਈਐਂਬਕ ਜੋਸ਼ੀ (1958-)

*(ਭਾਰਤ ਦਾ ਜੰਮਪਲ, ਅਮਰੀਕਨ ਸਾਹਿਤਕ ਆਲੋਚਕ)*

"ਨਾਸਤਿਕ, ਸ਼ੰਕਾਵਾਦੀ ਤੇ ਧਰਮ ਨਿਰਪੇਖੀਆਂ ਨੂੰ ... ਉਨ੍ਹਾਂ ਥਾਵਾਂ ਵਿਚ ਧਰਮ ਦੇ ਘੁਸੜਨ ਤੋਂ ਰੋਕਣਾ ਚਾਹੀਦਾ ਹੈ ਜਿੱਥੇ ਇਸ ਦਾ ਕੋਈ ਕੰਮ ਨਹੀਂ, ਖਾਸ ਕਰ ਕੇ ਵਿਦਿਆ ਦੇ ਖੇਤਰ ਵਿਚ ਧਾਰਮਿਕ ਸ਼ਕਤੀਆਂ ਦਾ ਕਬਜ਼ਾ। ਵਿਦਿਆ ਵਿਚ ਵਿਗਸਣ ਦਾ ਸਿਧਾਂਤ (ਐਵੋਲਿਉਸ਼ਨ ਥਿਊਰੀ) ਤੇ ਹੋਰ

ਵਿਗਿਆਨਕ ਸਿਧਾਤਾਂ ਨੂੰ ਪੜ੍ਹਾਉਣ ਤੋਂ ਰੋਕਣ ਦੀਆਂ ਕੋਸ਼ਸ਼ਾਂ -- ਵਿਦਿਆ ਵੱਲ ਚਰਚ ਦੇ ਮੱਧ-ਯੁੱਗੀ ਅਤਿਆਚਾਰ ਦੀ ਝਲਕ ਹੈ, ਪਰ ਇਹ ਝਲਕ ਖੋਜ ਦੀ ਆਜ਼ਾਦੀ ਵਾਸਤੇ ਗੰਭੀਰ ਖਤਰੇ ਹਨ, ਜਿਨ੍ਹਾਂ ਵਿਰੁੱਧ ਸਰਗਰਮੀ ਨਾਲ ਲੜਿਆ ਜਾਣਾ ਚਾਹੀਦਾ ਹੈ।"

## ਇਲੈਜ਼ਬਿੱਥ ਐਸ ਐਂਡਰਸਨ (1959 -)

*(ਅਮਰੀਕਨ। ਦਰਸ਼ਨ ਦੀ ਅਧਿਆਪਕਾ)*

"... ਕੀ ਸਿਰਫ ਇਕ ਹੀ ਰੱਬ ਹੈ ਜਾਂ ਬਹੁਤ ਹਨ? ਕੀ ਈਸਾ ਰੱਬ ਸੀ ਜਾਂ ਰੱਬ ਦਾ ਬੇਟਾ ਸੀ, ਰੱਬ ਦਾ ਪੈਗੰਬਰ ਸੀ ਜਾਂ ਇਕ ਇਨਸਾਨ ਹੀ ਸੀ? ਕੀ ਅਖੀਰਲਾ ਪੈਗੰਬਰ ਈਸਾ ਸੀ, ਮੁਹੰਮਦ ਸੀ, ਜੋਸਿਫ ਸਮਿੱਥ ਜਾਂ ਰੈਵਰਿੰਡ ਸੂਨ ਮਾਈਯੂੰਗ ਮੂਨ ਸੀ? "

## ਮਾਈਕਲਐਂਗਲੋ ਸਿਗਨੋਰਿਅਲ (1960-)

*(ਅਮਰੀਕਨ ਸਮਲਿੰਗੀ ਲਿਖਾਰੀ ਤੇ ਕਾਰਕੁੰਨ )*

"ਉਹ ਸਾਰਾ ਸਮਾਂ ਜਦੋਂ ਦੇ ਅਫਗਾਨਿਸਤਾਨ ਦੇ ਹੁਕਮਰਾਨ ਓਸਾਮਾ ਬਿਨ ਲਾਦਿਨ ਨੂੰ ਬਚਾਉਂਦੇ ਰਹੇ ਹਨ, ਇਟਲੀ ਵੀ ਇਕ ਉਹੋ ਜਿਹੇ ਧਾਰਮਿਕ ਜਨੂੰਨੀ ਨੂੰ ਲੁਕੋ ਕੇ ਰੱਖ ਰਹੀ ਹੈ ਜਿਹੜਾ ਪੱਛਮ ਦੇ ਪਾਪ ਕਰਨ ਵਾਲਿਆਂ ਦੀ ਨਿਖੇਧੀ ਕਰਦਾ ਹੈ ਅਤੇ ਆਪਣੇ ਅੱਗ ਲਾਉਣ ਵਾਲੇ ਵਿਚਾਰਾਂ ਨਾਲ ਦੂਜਿਆਂ ਵਿਰੁੱਧ ਹਿੰਸਾ ਭੜਕਾਉਂਦਾ ਹੈ। ... ਆਓ ਮਿਲੋ ਜੌਹਨ ਪਾਲ ਦੂਜੇ ਨੂੰ, ਕੱਟੜਪੰਥੀ ਇਸਾਈਆਂ ਦਾ ਵਿਸ਼ੇਸ਼ ਨੇਤਾ ਜਿਹੜਾ ਸਾਰੀ ਦੁਨੀਆ ਦੇ ਠੱਗਾਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਸਮਲਿੰਗੀਆਂ ਵਿਰੁੱਧ ਨਫਰਤ ਭਰੇ ਜੁਰਮ ਕਰਨ।"

## ਡੇਵਿਡ ਬਰੁਕਸ (1961-)

*(ਕਨੇਡੀਅਨ ਜੰਮਪਲ਼ ਅਮਰੀਕਨ ਸਿਆਸੀ ਤੇ ਸਭਿਆਚਾਰਕ ਆਲੋਚਕ)*

"ਅਗਿਆਤ ਨੂੰ ਗਿਆਤ ਨਾਲ ਸਮਝਣਾ ਤਰਕਸ਼ੀਲ ਅਮਲ ਹੈ; ਗਿਆਤ ਨੂੰ ਅਗਿਆਤ ਨਾਲ ਸਮਝਣਾ ਅਧਿਆਤਮਕ ਪਾਗਲਪਣ ਹੈ।"

## ਤਸਲੀਮਾ ਨਸਰੀਨ (1962-)

*(ਬੰਗਲਾਦੇਸ਼ੀ ਡਾਕਟਰ ਤੇ ਲੇਖਕਾ ਜਿਹੜੀ ਆਪਣੇ ਵਿਚਾਰਾਂ ਕਾਰਨ 1994 ਤੋਂ ਦੇਸ਼-ਨਿਕਾਲੇ 'ਚ ਰਹਿ ਰਹੀ ਹੈ)*

"ਮੈਂ ਨਾਸਤਿਕ ਹਾਂ। ਮੈਂ ਅਰਦਾਸਾਂ ਵਿਚ ਯਕੀਨ ਨਹੀਂ ਕਰਦੀ, ਮੈਂ ਕੰਮ ਵਿਚ ਯਕੀਨ ਕਰਦੀ ਹਾਂ। ਮੇਰਾ ਕੰਮ ਲੇਖਕ ਦਾ ਹੈ। ਮੇਰੀ ਕਲਮ ਮੇਰਾ ਹਥਿਆਰ ਹੈ।"

"ਮੈਂ ਉਨ੍ਹਾਂ ਨਾਲ ਸਹਿਮਤ ਨਹੀਂ ਜਿਹੜੇ ਇਹ ਸੋਚਦੇ ਹਨ ਕਿ ਝਗੜਾ ਸਿਰਫ ਦੋ ਧਰਮਾਂ ਦਰਮਿਆਨ ਹੈ, ਜਾਣੀ ਕਿ ਇਸਾਈਅਤ ਤੇ ਇਸਲਾਮ ... ਮੇਰੇ ਲਈ ਕੁੰਜੀਵੱਤ ਝਗੜਾ ਤਾਂ ਤਰਕਹੀਣ ਅੰਨੀ ਸ਼ਰਧਾ ਤੇ ਤਰਕਸ਼ੀਲ, ਸਾਫ ਸੁਥਰੀ ਸੋਚ ਦਰਮਿਆਨ ਹੈ।"

"ਕੁਰਾਨ ਦੀ ਸਿੱਖਿਆ ਤਾਂ ਅਜੇ ਵੀ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਸੂਰਜ ਧਰਤੀ ਦੁਆਲੇ ਘੁੰਮਦਾ ਹੈ। ਜਦ ਉਹ ਅਜੇ ਇਸ ਕਿਸਮ ਦੀਆਂ ਚੀਜ਼ਾਂ ਦੀ ਸਿੱਖਿਆ ਦੇ ਰਹੇ ਹਨ, ਅਸੀਂ ਕਿਸ ਤਰ੍ਹਾਂ ਵਿਕਾਸ ਕਰ ਸਕਦੇ ਹਾਂ?"

"ਧਰਮ ਔਰਤਾਂ ਦੇ ਹੱਕਾਂ ਅਤੇ ਉਨ੍ਹਾਂ ਦੀਆਂ ਆਜ਼ਾਦੀਆਂ ਦੇ ਵਿਰੁੱਧ ਹੈ। ਸਾਰੇ ਸਮਾਜਾਂ ਅੰਦਰ ਔਰਤਾਂ ਨੂੰ ਸਾਰੇ ਧਰਮਾਂ ਵਲੋਂ ਦਬਾਇਆ ਜਾਂਦਾ ਹੈ।"

"ਧਰਮ, ਸਮਾਜ ਤੇ ਰਾਜ -- ਇਨ੍ਹਾਂ 'ਚੋਂ ਕਿਸੇ ਤੋਂ ਵੀ ਔਰਤ ਨੂੰ ਸਹੀ ਇੱਜ਼ਤ ਨਹੀਂ ਮਿਲਦੀ। ਇਹ ਧਰਮ ਹੀ ਹੈ ਜਿਸ ਨੇ ਮਰਦ ਤੇ ਔਰਤ ਵਿਚਾਲੇ ਸਭ ਤੋਂ ਵਧ ਨਾਬਰਾਬਰਤਾ ਪੈਦਾ ਕੀਤੀ।"

"ਸ਼ਰੀਆ ਕਾਨੂੰਨ ਬਦਲੇ ਨਹੀਂ ਜਾ ਸਕਦੇ। ਉਨ੍ਹਾਂ ਨੂੰ ਬਾਹਰ ਸੁੱਟ ਦੇਣਾ ਚਾਹੀਦਾ ਹੈ, ਖਤਮ ਕਰ ਦੇਣੇ ਚਾਹੀਦੇ ਹਨ। ... ਸਾਨੂੰ ਸੱਤਵੀਂ ਸਦੀ ਦੇ ਕਾਨੂੰਨਾਂ ਦੀ ਹੁਣ ਕਿਉਂ ਲੋੜ ਹੈ?"

"ਮੈਂ ਧਰਮ ਦੇ ਖਿਲਾਫ ਲਿਖਦੀ ਹਾਂ ਕਿਉਂਕਿ ਜੇ ਔਰਤਾਂ ਇਨਸਾਨਾਂ ਵਾਂਗ ਇੱਜ਼ਤ ਨਾਲ ਜੀਣਾ ਚਾਹੁੰਦੀਆਂ ਹਨ, ਤਾਂ ਉਨ੍ਹਾਂ ਨੂੰ ਧਰਮ ਤੋਂ ਅਤੇ ਇਸਲਾਮੀ ਕਾਨੂੰਨਾਂ ਤੋਂ ਬਾਹਰ ਰਹਿਣਾ ਪਵੇਗਾ।"

## ਮੀਰਾ ਸੌਰਵੀਨੋ (1967-)

*(ਅਮਰੀਕਨ ਅਦਾਕਾਰਾ)*

"ਬਾਈਬਲ ਵਿਚ ਕਿਤੇ ਵੀ ਇਹ ਕਿਉਂ ਨਹੀਂ ਲਿਖਿਆ ਹੋਇਆ ਕਿ ਦਾਸ-ਪ੍ਰਥਾ (ਗੁਲਾਮੀ) ਗਲਤ ਹੈ? ... ਇਹ ਕਿਸ ਤਰ੍ਹਾਂ ਸੰਭਵ ਹੈ ਕਿ ਕਿਸੇ ਦੂਜੇ ਵਿਅਕਤੀ ਨੂੰ ਆਪਣੀ ਮਲਕੀਅਤ ਬਣਾਉਣਾ ਸਦਾਚਾਰ ਦੇ ਵਿਰੁੱਧ ਨਾ ਹੋਵੇ? ਇਸਾਈ ਮੱਤ ਦੇ ਰੱਬ ਵਲੋਂ ਦੱਸੇ ਦਸ ਹੁਕਮਨਾਮਿਆਂ ਵਿਚ ਇਹ ਇਕ ਹੁਕਮਨਾਮਾ ਕਿਉਂ ਨਹੀਂ?"

## ਸੈਮ ਹੈਰਿਸ (1967-)

*(ਅਮਰੀਕਨ ਲਿਖਾਰੀ। ਆਪਣੀਆਂ ਕਿਤਾਬਾਂ - ਦੀ ਇੰਡ ਆਫ ਫੇਥ ਤੇ ਲੈਟਰ ਟੂ ਏ ਕਰਿਸਚੀਅਨ ਨੇਸ਼ਨ - ਕਾਰਨ ਪ੍ਰਸਿੱਧ ਹੈ। ਨਾਸਤਕਿਤਾ ਦੀ ਅਜੋਕੀ ਲਹਿਰ ਦੇ ਚਾਰ ਮੋਢੀਆਂ ਵਿੱਚੋਂ ਗਿਣਿਆ ਜਾਂਦਾ ਹੈ।)*

"ਅੰਧ ਵਿਸ਼ਵਾਸੀਆਂ ਦੀ ਹਾਜ਼ਰੀ ਵਿਚ ਤਰਕਸ਼ੀਲ ਲੋਕਾਂ ਵਲੋਂ ਕੱਢੀ ਹੋਈ ਆਵਾਜ਼ ਹੀ ਅਸਲ ਵਿਚ ਨਾਸਤਿਕਤਾ ਹੈ।"

"ਸਿਰਫ ਨਾਸਤਿਕ ਹੀ ਇਸ ਗੱਲ ਨੂੰ ਸਮਝਦਾ ਹੈ ਕਿ ਸਦਾਚਾਰਕ ਤੌਰ 'ਤੇ ਇਹ ਗੱਲ ਕਿੰਨੀ ਇਤਰਾਜ਼ਯੋਗ ਹੈ ਕਿ ਵੱਡੀ ਤਬਾਹੀ ਤੋਂ ਬਚਣ ਵਾਲੇ ਇਹ ਵਿਸ਼ਵਾਸ ਕਰਨ ਕਿ ਪਿਆਰ ਕਰਨ ਵਾਲੇ ਰੱਬ ਨੇ ਉਨ੍ਹਾਂ ਨੂੰ ਬਚਾਇਆ ਹੈ ਜਦੋਂ ਕਿ ਉਸੇ ਰੱਬ ਨੇ ਪੰਘੂੜਿਆਂ 'ਚ ਪਏ ਬੱਚਿਆਂ ਨੂੰ ਡੁਬੋ ਦਿੱਤਾ ਹੋਵੇ।"

## ਰਿਚਰਡ ਸੇਵਾਂਤਿਸ ਕੈਰੀਅਰ, ਜੂਨੀਅਰ (1969-)

*(ਅਮਰੀਕਨ ਇਤਿਹਾਸਕਾਰ ਤੇ ਲਿਖਾਰੀ)*

"ਅਕਸਰ ਇਸ ਗੱਲ 'ਤੇ ਬਹਿਸ ਹੁੰਦੀ ਰਹਿੰਦੀ ਹੈ ਕਿ ਮਨੁੱਖਤਾ ਨੂੰ ਮਿਲਵਰਤਣ ਲਈ ਤੇ ਕੱਠੇ ਹੋ ਕੇ ਕੰਮ ਕਰਨ ਲਈ ਧਰਮ ਦੀ ਜ਼ਰੂਰਤ ਹੈ। ਪਰ ਹੁਣ ਤੱਕ ਦਾ ਸਾਰਾ ਸਬੂਤ ਇਸ ਤੋਂ ਉਲਟ ਹੈ। ਧਰਮ ਨੇ ਕਿਸੇ ਤਰ੍ਹਾਂ ਵੀ ਮਨੁੱਖ ਦੇ ਵਰਤਾਰੇ ਵਿਚ ਕੋਈ ਜ਼ਿਕਰਯੋਗ ਸੁਧਾਰ ਨਹੀਂ ਲਿਆਂਦਾ। ਜੋਰ ਨਾਲ ਧਰਮ ਫੈਲਾਉਣ ਵਾਲੇ ਇਸਾਈਆਂ (ਇੰਕੁਜ਼ੀਸ਼ਨ ਕ੍ਰਿਸਚੀਅਨਜ਼) ਨਾਲੋਂ ਰੋਮ ਦੇ ਅਧਰਮੀ (ਗੈਰਇਸਾਈ) ਵੱਧ ਦਇਆਵਾਨ ਸਨ। ਧਰਮ ਨੇ ਇਸਾਈਆਂ, ਮੁਸਲਮਾਨਾਂ, ਬੋਧੀਆਂ, ਜਾਂ ਯਹੂਦੀਆਂ ਨੂੰ ਇਕੱਠੇ ਨਹੀਂ ਕੀਤਾ ਸਗੋਂ ਵੰਡਿਆ ਹੈ। ਅਸਲ ਵਿਚ ਧਰਮ ਇਨ੍ਹਾਂ ਨੂੰ ਕਦੇ ਵੀ ਇਕੱਠੇ ਨਹੀਂ ਕਰ ਸਕਦਾ ਕਿਉਂਕਿ ਇਨ੍ਹਾਂ ਸਾਰਿਆਂ ਦਾ ਸਾਂਝਾ ਵਿਸ਼ਵਾਸ ਇਹ ਹੈ ਕਿ ਬਿਨਾਂ

ਸਕਦਾ ਕਿਉਂਕਿ ਇਨ੍ਹਾਂ ਸਾਰਿਆਂ ਦਾ ਸਾਂਝਾ ਵਿਸ਼ਵਾਸ ਇਹ ਹੈ ਕਿ ਬਿਨਾਂ
ਕਿਸੇ ਸਬੂਤ ਦੇਣ ਦੇ ਉਨ੍ਹਾਂ ਦੇ (ਕੱਲੇ ਕੱਲੇ ਦੇ) ਖਿਆਲ ਸਹੀ ਹਨ। ਦੂਜੇ ਪਾਸੇ ਤਰਕ ਹੈ ਜਿਹੜਾ ਕਿ ਇੱਕੋ ਇਕ ਤਰੀਕਾ ਹੈ ਵੱਖਰੇ ਵੱਖਰੇ ਖਿਆਲਾਂ ਦੇ ਲੋਕਾਂ ਨੂੰ ਇਕੱਠੇ ਕਰਨ ਦਾ। ਤਰਕ ਆਪਣਾ ਫੈਸਲਾ ਮਿਲਦੇ ਸਬੂਤਾਂ ਦੇ ਅਧਾਰ 'ਤੇ ਕਰਦਾ ਹੈ ਜਿਹੜੇ ਸਭ ਦੇ ਸਾਹਮਣੇ ਹੁੰਦੇ ਹਨ ਅਤੇ ਜਦੋਂ ਕੋਈ ਸਬੂਤ ਨਾ ਹੋਵੇ ਤਾਂ ਲੋਕਾਂ ਨੂੰ ਅਸਿਹਮਤ ਹੋਣ ਦਾ ਮੌਕਾ ਦਿੰਦਾ ਹੈ। ਧਰਮ ਅਜਿਹਾ ਕਦੇ ਵੀ ਨਹੀਂ ਕਰੇਗਾ।"

"ਇਸਾਈ ਹਮੇਸ਼ਾ ਮੈਨੂੰ ਨਰਕ ਵਿਚ ਭੇਜਣ ਦੇ ਧਮਕੀਆਂ ਭਰੇ ਖਤ ਲਿਖਦੇ ਹਨ। ਇਸ ਗੱਲ ਦੀ ਹੈਰਾਨੀ ਹੈ ਕਿ ਇੰਦਾਂ ਕਰਨ ਨਾਲ ਉਹ ਤੇ ਉਨ੍ਹਾਂ ਦਾ ਧਰਮ ਕਿਸ ਤਰ੍ਹਾਂ ਸਹੀ ਸਾਬਤ ਹੁੰਦੇ ਹਨ। ਧਮਕੀਆਂ ਦੁਸ਼ਟ ਮੱਤ ਵਾਲੇ ਲੋਕ ਹੀ ਦਿਆ ਕਰਦੇ ਹਨ।"

## ਆਈਯਾਨ ਹਿਰਸੀ ਅਲੀ (1969-)

*(ਮੋਗਾਡੀਸ਼ੂ, ਸੋਮਾਲੀਆ ਦੀ ਜੰਮਪਲ਼। ਡੱਚ ਵਿਦਵਾਨ, ਲੇਖਕ, ਔਰਤਵਾਦੀ ਸਿਆਸਤਦਾਨ)*

"ਮੈਂ ਅੱਲਾ, ਦੇਵਤੇ ਜਾਂ ਇਸ ਜੀਵਨ ਤੋਂ ਬਾਅਦ ਦੇ ਜੀਵਨ ਵਿਚ ਯਕੀਨ ਨਹੀਂ ਕਰਦੀ।"

‘‘ਇਕ ਮੁਸਲਮਾਨ ਕੁੜੀ ਆਪਣੇ ਫੈਸਲੇ ਆਪ ਨਹੀਂ ਕਰਦੀ। ਉਹਨੂੰ ਆਗਿਆਕਾਰ ਹੋਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਕ ਮੁਸਲਮਾਨ ਕੁੜੀ ਇਸ ਹੱਦ ਤੱਕ ਗੁੰਮ ਹੋ ਜਾਂਦੀ ਹੈਂ ਕਿ ਉਹਦੇ ਅੰਦਰ ਕੁੜੀ ਨਾਂ ਦੀ ਕੋਈ ਚੀਜ਼ ਹੀ ਨਹੀਂ ਬਚਦੀ। ਇਸਲਾਮ ਵਿਚ ਵਿਅਕਤੀਗਤ (ਇੰਡੀਵਿਜੂਅਲ) ਹੋਣ ਨੂੰ ਕੋਈ ਤਰਜੀਹ ਨਹੀਂ ਦਿੱਤੀ ਜਾਂਦੀ। ਬਹੁਤ ਲੋਕ, ਖਾਸ ਕਰ ਔਰਤਾਂ, ਕਦੇ ਵੀ ਸਾਫ ਸਾਫ ਵਿਅਕਤੀਗਤ ਖਾਹਿਸ਼ ਤੱਕ ਨਹੀਂ ਪਹੁੰਚਦੇ। ਤੁਸੀਂ ਈਨ ਮੰਨਦੇ ਹੋ; ਇਸਲਾਮ ਸ਼ਬਦ ਦਾ ਸ਼ਬਦੀ ਅਰਥ ਹੀ ਇਹ ਹੈ: ਈਨ ਮੰਨਣੀ (ਸਬਮਿਸ਼ਨ)। ਨਿਸ਼ਾਨਾ ਇਹ ਹੈ ਕਿ ਤੁਸੀਂ ਆਪਣੇ ਅੰਦਰ ਚੁੱਪ ਕਰ ਜਾਵੋ, ਤਾਂ ਕਿ ਤੁਸੀਂ ਕਦੇ ਵੀ ਆਪਣੀਆਂ ਅੱਖਾਂ ਉੱਤੇ ਨਾ ਚੁੱਕੋ, ਆਪਣੇ ਮਨ ਅੰਦਰ, ਜਾਣੀ ਆਪਣੀ ਸੋਚ ਵਿਚ ਵੀ ਨਹੀਂ।’’

‘‘ਜਦੋਂ ਕਦੇ ‘ਲਾਈਫ ਆਫ ਬਰਾਇਨ’ ਵਰਗੀ ਫਿਲਮ ਬਣੇਗੀ ਜਿਹਦੇ ਵਿਚ ਮੁੱਖ ਕਿਰਦਾਰ ਮੁਹੰਮਦ ਦਾ ਹੋਵੇਗਾ (ਜਿਸ ਤਰ੍ਹਾਂ ‘ਲਾਈਫ ਆਫ ਬਰਾਇਨ’ ਵਿਚ ਈਸਾ ਦਾ ਹੈ) ਜਿਹੜੀ ਕਿਸੇ ਅਰਬ ਦੇ ਵਿਅਕਤੀ ਵਲੋਂ ਨਿਰਦੇਸ਼ ਕੀਤੀ ਹੋਵੇਗੀ ਥੀਓ ਵੈਨ ਗੋਹ ਵਾਂਗ, ਤਾਂ ਇਸਲਾਮ ਦੇ ਵਿਕਾਸ ਵਿਚ ਇਹ ਇਕ ਬਹੁਤ ਵੱਡਾ ਕਦਮ ਹੋਵੇਗਾ।’’

‘‘ਜਦੋਂ ਵੀ ਮੈਂ ਟੀ ਵੀ ’ਤੇ ਗਈ ਹਾਂ ਮੈਨੂੰ ਹਰ ਵਾਰ ਧਮਕੀਆਂ ਮਿਲੀਆਂ ਹਨ।’’

ਇਨ੍ਹਾਂ ਵਿਚਾਰਵਾਨਾਂ ਨਾਲ ਸਬੰਧਤ ਤਰੀਕਾਂ ਅਤੇ
ਹੋਰ ਜਾਣਕਾਰੀ ਪ੍ਰਾਪਤ ਨਹੀਂ।

## ਰਾਧਾ ਮੋਹਨ ਗੋਕਲ

"ਅਲੌਕਿਕ ਸ਼ਕਤੀਆਂ ਦੀ ਮਾਨਤਾ ਬਾਲ-ਬੁੱਧੀ ਦਾ ਪ੍ਰਗਟਾਵਾ ਹੈ। ... ਜਿਸ ਤਰ੍ਹਾਂ ਬੱਚਾ ਆਪਣੇ ਖਿਲੌਣੇ ਨੂੰ ਛੱਡਦਾ ਨਹੀਂ, ਤੇ ਜਿਹੜਾ ਉਸ ਕੋਲੋਂ ਖੋਹਣ ਦੀ ਕੋਸ਼ਸ਼ ਕਰੇ ਉਹਦੇ ਨਾਲ ਲੜਦਾ ਹੈ, ਪ੍ਰਮਾਤਮਾ ਦੇ ਸਬੰਧ ਵਿਚ ਤਰਕਹੀਨ ਲੋਕਾਂ ਦਾ ਵੀ ਇਹੀ ਹਾਲ ਹੈ। "

## ਐਰਿਕਾ ਐਸ਼ਲੀ

"ਜੇ ਮੈਂ ਮਰ ਰਿਹਾ ਹੋਵਾਂ ਤਾਂ ਖੜ੍ਹੇ ਅਰਦਾਸਾਂ ਨਾ ਕਰਦੇ ਰਿਹੋ, ਕਿਸੇ ਡਾਕਟਰ ਨੂੰ ਵਾਜ ਮਾਰਿਓ।"

## ਡੇਵਿਡ ਸਟੀਵਨਜ਼

"ਝੂਠ ਤਾਂ ਝੂਠ ਹੀ ਹੁੰਦਾ ਹੈ ਭਾਵੇਂ ਉਸ ਵਿਚ ਹਰ ਕੋਈ ਯਕੀਨ ਕਰੇ। ਸੱਚ ਸੱਚ ਹੀ ਹੁੰਦਾ ਹੈ ਭਾਵੇਂ ਕੋਈ ਵੀ ਯਕੀਨ ਨਾ ਕਰੇ।"

## ਰੌਨੀ ਸਨੋਅ

"ਜਾਨਵਰ ਇਸ ਗੱਲੋਂ ਸਿਆਣੇ ਹਨ ਉਨ੍ਹਾਂ ਦਾ ਕੋਈ ਰੱਬ ਨਹੀਂ ਹੁੰਦਾ।"

## ਮੌਰਿਸ ਸਮਿੱਥ

''ਮੁਸਲਮਾਨ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦਾ ਧਰਮ ਸ਼ਾਂਤੀ ਬਾਰੇ ਹੈ, ਪਰ ਦੂਜਿਆਂ ਉੱਪਰ ਆਪਣਾ ਧਰਮ ਠੋਸਣ ਲਈ, ਕਈ ਵਾਰੀ ਇਸ ਕੰਮ ਲਈ ਦੂਜਿਆਂ ਨੂੰ ਮਾਰਨ ਤੱਕ ਜਾਣ ਲਈ ਵੀ, ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਨਹੀਂ ਆਉਂਦੀ।''

## ਕੇ ਨੋਲਟ ਸਮਿੱਥ

''ਤ੍ਰਾਸਦੀ ਇਹ ਹੈ ਕਿ ਦਿਮਾਗ ਦਾ ਹਰ ਸੈੱਲ ਜਿਹੜਾ ਸਰਬਸ਼ਕਤੀਮਾਨ ਵਿਚ ਯਕੀਨ ਕਰਨ ਵਲ ਪ੍ਰਤੀਬੱਧ ਹੋਵੇ ਉਹ ਜੀਵਨ ਨੂੰ ਅਮੀਰ, ਸੁਖਾਲਾ ਜਾਂ ਖੁਸ਼ ਬਣਾਉਣ ਦੇ ਕੰਮ ਨਹੀਂ ਆ ਸਕਦਾ।''

## ਕਰੇਗ ਸਮਿੱਥ

''ਮੈਂ ਉਸ ਦਿਨ ਦੀ ਉਡੀਕ 'ਚ ਹਾਂ ਜਦੋਂ ਕਰਾਸ (ਇਸਾਈ ਚਿੰਨ) ਵੀ ਇਕ ਖਤਰਨਾਕ ਅੰਨ੍ਹੇ ਵਿਸ਼ਵਾਸ ਦੇ ਚਿੰਨ ਵਜੋਂ ਸਵਾਸਤਿਕਾ (ਨਾਜ਼ੀਆਂ ਦਾ ਚਿੰਨ) ਵਾਂਗ ਕੂੜੇ ਦੇ ਢੇਰ 'ਤੇ ਪਿਆ ਹੋਵੇਗਾ।''

## ਗੈਰੀ ਸਲੋਨ

''ਵਿਗਿਆਨ ਸਿਰਫ ਰੱਬ ਨੂੰ ਹੁਣ ਤੱਕ ਭਾਲਣ ਵਿਚ ਹੀ ਨਾਕਾਮਯਾਬ ਨਹੀਂ, ਉਹ ਤਾਂ ਇਸ ਨੂੰ ਭਾਲ ਹੀ ਨਹੀਂ ਰਿਹਾ।''

## ਹੋਮਰ ਸਿੰਪਸਨ

*(ਟੀ ਵੀ ਕਾਰਟੂਨ। ਇਹ ਕਥਨ ਉਸ ਦੇ ਵੱਖਰੇ ਵੱਖਰੇ ਪਾਤਰਾਂ ਦੇ ਹਨ।)*

''ਫਰਜ਼ ਕਰ ਲਓ ਆਪਾਂ ਤੋਂ ਗਲਤ ਰੱਬ ਚੁਣਿਆ ਗਿਆ ਹੋਵੇ। ਜਿੰਨੀ ਵਾਰੀ ਵੀ ਆਪਾਂ ਚਰਚ ਜਾਵਾਂਗੇ ਉਹ ਆਪਾਂ 'ਤੇ ਓਨਾਂ ਹੀ ਵੱਧ ਗੁੱਸੇ ਹੁੰਦਾ ਰਹੇਗਾ।''

"ਅਰਦਾਸ ਦਾ ਪਬਲਿਕ ਸਕੂਲਾਂ ਵਿਚ ਕੋਈ ਥਾਂ ਨਹੀਂ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਤੱਥਾਂ ਦਾ ਜਥੇਬੰਦ ਧਰਮ ਵਿਚ ਕੋਈ ਥਾਂ ਨਹੀਂ।"

"ਇਹ ਜਿਹੜਾ ਨਵਾਂ ਧਰਮ ਹੈ ਨਾ ਇਹ ਬੇਵਕੂਫ ਲੋਕਾਂ ਕੋਲੋਂ ਪੈਸੇ ਬਟੋਰਨ ਲਈ ਬਣਾਇਆ ਅਜੀਬੋ ਗਰੀਬ ਰਸਮਾਂ ਤੇ ਸ਼ਬਦਾਂ ਦਾ ਟੋਕਰਾ ਹੈ। ਚਲੋ ਹੁਣ ਆਪਾਂ ਆਪਣੇ ਦੇਵਤੇ ਲਈ 40 ਵਾਰ ਅਰਦਾਸ ਕਰੀਏ ਪਰ ਪਹਿਲਾਂ ਆਹ ਉਗਰਾਹੀ ਵਾਲੀ ਟੋਕਰੀ ਵਿਚ ਸ਼ਰਧਾ ਨਾਲ ਆਪਣਾ ਦਾਨ ਪੁੰਨ ਪਾ ਦਿਓ।"

## ਮੈਰੀਐਨ ਨੋਇਲ ਸ਼ਰਮਨ

"ਵਿਸ਼ਵਾਸੀ ਚਿੰਤਕ ਨਹੀਂ ਹੁੰਦਾ ਤੇ ਚਿੰਤਕ ਵਿਸ਼ਵਾਸੀ ਨਹੀਂ।"

## ਜੈਰੀ ਕਾਹਨ

"ਜੇ ਰੱਬ ਨੇ ਸਾਰੀਆਂ ਚੀਜ਼ਾਂ ਪੈਦਾ ਕੀਤੀਆਂ ਹਨ ਅਤੇ ਉਸ ਨੂੰ ਆਪਣੀ ਸਿਰਜਣਾ ਦੇ ਨਤੀਜਿਆਂ ਦਾ ਪਤਾ ਹੈ ਤਾਂ ਰੱਬ ਦੀ ਸ਼ੁਹਰਤ ਇਸੇ ਗੱਲ ਵਿਚ ਹੈ ਕਿ ਉਹ ਲੁਕਿਆ ਹੀ ਰਹੇ।"

## ਰਿਚਰਡ ਜੈਨੀ

"ਤੁਸੀਂ ਮੁੱਖ ਤੌਰ 'ਤੇ ਇਕ ਦੂਜੇ ਨੂੰ ਇਹ ਦੇਖਣ ਲਈ ਮਾਰ ਰਹੇ ਹੋ ਕਿ ਮਨਘੜਤ ਦੋਸਤ (ਰੱਬ) ਕਿਹਦਾ ਵਧੀਆ ਹੈ।"

## ਸ਼ਬਨਮ ਨਾਦੀਆ

*(ਬੰਗਲਾ ਦੇਸ਼ ਦੀ ਲੇਖਕ ਅਤੇ ਕਵਿੱਤਰੀ)*

"ਉਸ (ਪਵਿੱਤਰ) ਕਿਤਾਬ ਨੇ ਮੈਨੂੰ ਦੱਸਿਆ ਕਿ ਮੈਂ ਭਾਵੇਂ ਜਿੰਨਾ ਮਰਜੀ ਪੜ੍ਹਾਂ, ਮੈਨੂੰ ਜਿੰਨਾ ਮਰਜੀ ਪਤਾ ਹੋਵੇ, ਮੇਰੇ ਅੰਦਰ ਲੋਕਾਂ ਵਾਸਤੇ ਜਿੰਨਾ ਮਰਜੀ ਪਿਆਰ ਤੇ ਹਮਦਰਦੀ ਹੋਵੇ, ਮੇਰੀ ਵਿਦਵਤਾ, ਮੇਰੇ ਗੁਣ, ਮੇਰਾ ਹੱਸਣ ਦਾ ਸ਼ੌਕ, ਸਭ ਕਾਸੇ ਦੇ ਬਾਵਜੂਦ ਇਕ ਔਰਤ ਹੋਣ ਕਰਕੇ ਮੈਂ ਘਟੀਆ ਤੋਂ ਘਟੀਆ ਬੰਦੇ ਦੇ ਬਰਾਬਰ ਵੀ ਨਹੀਂ ਹੋ ਸਕਦੀ। ਮੈਂ ਬੰਦੇ ਦਾ ਬੀਅ ਬੀਜਣ ਲਈ ਖੇਤ ਹਾਂ। ਇਕ ਲੜਾਕੇ ਬਹਾਦਰ ਦਾ ਜੰਗ ਵਿਚ ਜਿੱਤਿਆ ਮਾਲ,... ਬੰਦੇ ਦੇ ਮੁਕਾਬਲੇ ਮੇਰੀ ਗੱਲ ਦਾ ਯਕੀਨ ਨਹੀਂ ਕੀਤਾ ਜਾ ਸਕਦਾ। ਕਿਉਂਕਿ ਬੰਦੇ ਮੈਨੂੰ ਭੋਗਣ ਦੀ ਖਾਹਿਸ਼ ਰੱਖਦੇ ਹਨ ਇਸ ਲਈ ਮੈਂ ਤਾਂ ਨਰਕਾਂ ਦਾ ਦਰਵਾਜ਼ਾ ਹਾਂ।"

"ਨਾਸਤਿਕਤਾ ਮਨੁੱਖਾਂ ਨਾਲ ਬਾਲਗਾਂ ਵਾਂਗ ਵਰਤਾ ਕਰਦੀ ਹੈ - ਧਰਮ ਅਜਿਹਾ ਨਹੀਂ ਕਰਦਾ। ਨਾਸਤਿਕਤਾ ਅਨੁਸਾਰ ਮਨੁੱਖ ਚੰਗਾ ਜੀਵਨ ਜੀਣ ਦੇ ਕਾਬਲ ਹਨ, ਚੰਗਾ ਕਰਨ ਦੇ ਕਾਬਲ ਹਨ ਕਿਉਂਕਿ ਚੰਗਾ ਕਰਨਾ ਸਾਡੇ ਲਈ ਕੁਦਰਤੀ ਗੱਲ ਹੈ। ... ਧਰਮ ਸਾਡੀ ਮਨੁੱਖ ਬਣਨ ਦੀ ਯੋਗਤਾ ਨੂੰ ਸੀਮਤ ਕਰ ਦਿੰਦਾ ਹੈ।"

"ਨਾਵਿਸ਼ਵਾਸੀ ਵਲੋਂ ਜਿਸ ਕਿਸਮ ਦਾ ਸਤਿਕਾਰ ਤੇ ਮਾਣ ਮੈਨੂੰ ਮਿਲ ਰਿਹਾ ਸੀ ਉਹ ਵਿਸ਼ਵਾਸ ਦਾ ਕੋਈ ਵੀ ਢਾਂਚਾ ਮੈਨੂੰ ਕਿਸ ਤਰ੍ਹਾਂ ਦੇ ਸਕਦਾ ਸੀ? ਜੇ ਮੈਂ ਧਾਰਮਿਕ ਸ਼ਖਸੀਅਤ ਹੋਵਾਂ ਤਾਂ ਧਰਮ ਨੇ ਮੈਨੂੰ ਔਰਤ ਹੋਣ ਵਜੋਂ ਦੂਜੇ ਦਰਜੇ ਦਾ ਸ਼ਹਿਰੀ ਕਰਾਰ ਦੇਣਾ ਹੈ। ... ਮੈਂ ਫੈਸਲਾ ਕਰ ਲਿਆ ਕਿ ਮੈਂ ਇਨਸਾਨ ਹਾਂ, ਜੀਵਾਂ ਦੀ ਸ੍ਰੇਣੀ ਵਿਚ ਸਭ ਤੋਂ ਉੱਤੇ, ਮੈਂ ਅਸੀਮ ਸੰਭਾਵਨਾ, ਅਸੀਮ ਅਸਮਾਨ, ਮੈਂ ਤਾਂ ਸੂਰਜ ਦਾ ਹਾਸਾ ਹਾਂ। ਆਪਣੇ ਜਹਾਜ਼ ਦੀ ਮੈਂ ਖੁੱਦ ਹੀ ਕਪਤਾਨ ਹੋਵਾਂਗੀ।"

"ਮੈਂ ਧਰਮ 'ਤੇ ਕਿੰਤੂ ਕੀਤਾ ਤੇ ਉਸ ਨੂੰ ਕੰਡਮ ਕਰ ਦਿੱਤਾ ਅਤੇ ਨਾਸਤਿਕ ਬਣ ਗਈ। ਧਰਮ ਦੀਆਂ ਬਹੁਤ ਸਾਰੀਆਂ ਵਿਰੋਧਤਾਈਆਂ ਦਾ ਜਵਾਬ ਦੇਣਾ ਸੰਭਵ ਨਹੀਂ। ਧਰਮ ਮੈਨੂੰ ਇਕ ਇਨਸਾਨ ਵਜੋਂ ਸੀਮਤ ਕਰਦਾ ਹੈ। ਮੈਂ ਨਾਸਤਿਕ ਹਾਂ। ਮੈਨੂੰ ਇਸ ਗੱਲ ਦੀ ਸਮਝ ਲੱਗ ਗਈ ਹੈ ਕਿ ਮੈਨੂੰ ਇਹ ਜਾਨਣ ਲਈ ਕਿ ਮੈਂ ਕੌਣ ਹਾਂ, ਧਰਮ ਦੀ ਲੋੜ ਨਹੀਂ ਹੈ।"

## ਐਫ ਐਮ ਨੋਲਜ਼

"ਵਿਸ਼ਵਾਸ ਆਮ ਤੌਰ 'ਤੇ ਉਸ ਆਦਮੀ ਦੀ ਗੱਪ ਹੁੰਦੀ ਹੈ ਜਿਹੜਾ ਖੋਜ ਕਰਨ ਵਿਚ ਆਲਸੀ ਹੁੰਦਾ ਹੈ।"

## ਸੁਮਿੱਤਰਾ ਪਦਮੰਨਾਭਾਨ

"ਇਕੱਤੀ ਅਕਤੂਬਰ 1984 ਨੂੰ, ਉਸ ਵੇਲੇ ਦੀ ਭਾਰਤ ਦੀ ਮੁਖ ਮੰਤਰੀ ਇੰਦਰਾ ਗਾਂਧੀ ਨੂੰ ਉਸ ਦੇ ਦੋ ਸਿੱਖ ਬਾਡੀਗਾਰਡਾਂ ਵਲੋਂ ਗੋਲ਼ੀ ਮਾਰ ਕੇ ਮਾਰ ਦਿੱਤਾ ਗਿਆ। ਇਸ ਦੇ ਪ੍ਰਤੀਕਰਮ ਵਜੋਂ ਐਸੀ ਪਾਗਲਪਨ ਦੀ ਹਨੇਰੀ ਝੁੱਲੀ ਕਿ ਮੁੱਖ ਮੰਤਰੀ ਦੇ ਮਰਨ ਦੇ ਤਿੰਨ ਦਿਨਾਂ ਬਾਅਦ ਹਿੰਦੂਆਂ ਵਲੋਂ ਸਿੱਖ ਭਾਈਚਾਰੇ ਵਿੱਚੋਂ 3000 ਹਜ਼ਾਰ ਲੋਕਾਂ ਨੂੰ ਮਾਰ ਦਿੱਤਾ ਗਿਆ। ਜ਼ਰਾ ਸੋਚੋ ਕਿ ਉਨ੍ਹਾਂ ਨੂੰ ਸਿਰਫ ਇਸ ਕਰਕੇ ਮਾਰ ਦਿਤਾ ਗਿਆ ਕਿ ਉਹ ਸਿੱਖ ਸਨ। ਉਸ ਤੋਂ ਬਾਅਦ ਅਸੀਂ ਗੁਜਰਾਤ ਵਿਚ ਏਸੇ ਤਰ੍ਹਾਂ ਦਾ ਪਹਿਲਾਂ ਵਿਉਂਤਿਆ ਹੋਇਆ ਕਤਲੇਆਮ ਦੇਖਿਆ ਜਿਹੜਾ ਕਿ 2002 ਦੇ ਸ਼ੁਰੂ ਵਿਚ ਤਿੰਨ ਮਹੀਨੇ ਤੱਕ ਚਲਦਾ ਰਿਹਾ ਜਦੋਂ ਹਜ਼ਾਰਾਂ ਦੀ ਗਿਣਤੀ ਵਿਚ ਮੁਸਲਮਾਨਾਂ ਨੂੰ ਲੁੱਟਿਆ ਗਿਆ, ਕਤਲ ਕੀਤਾ ਗਿਆ, ਔਰਤਾਂ ਨਾਲ ਜਬਰਜਿਨਾਹ ਕੀਤਾ ਗਿਆ ਅਤੇ ਜਿੰਦਾ ਜਲਾਇਆ ਗਿਆ। ਭਾਰਤ ਵਿਚ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਅਕਸਰ ਧਾਰਮਿਕ ਅਸਥਾਨਾਂ 'ਤੇ ਕੱਠੇ ਹੋਏ ਲੋਕਾਂ ਦੀ ਭੀੜ ਦੇ ਪੈਰਾਂ ਥੱਲੇ ਕੁਚਲ ਕੇ ਸੈਂਕੜੇ ਲੋਕ ਮਾਰੇ ਜਾਂਦੇ ਹਨ। ਅਸੀਂ ਅਕਸਰ ਪੜ੍ਹਦੇ ਰਹਿੰਦੇ ਹਾਂ ਕਿ ਜੋੜਿਆਂ ਨੇ ਖੁਦਕਸ਼ੀ ਕਰ ਲਈ ਜਾਂ ਉਨ੍ਹਾਂ ਨੂੰ ਰਿਸ਼ਤੇਦਾਰਾਂ ਵਲੋਂ ਇੱਜ਼ਤ ਰੱਖਣ ਖਾਤਰ ਕਤਲ ਕਰ ਦਿੱਤਾ ਗਿਆ। ਇਹ ਪਾਗਲਾਂ ਵਾਲੇ ਜ਼ੁਲਮ ਸਿਰਫ ਇਸ ਲਈ ਕੀਤੇ ਜਾਂਦੇ ਹਨ ਕਿ ਕੋਈ ਪੁਰਾਣੇ ਸਮੇਂ ਦੇ ਧਰਮਾਂ ਰਾਹੀਂ ਮਨੁੱਖਾਂ ਦਰਮਿਆਨ ਮਨੁੱਖਾਂ ਰਾਹੀਂ ਹੀ ਸਥਾਪਤ ਕੀਤੀਆਂ ਜਾਤਪਾਤ ਜਾਂ ਭਾਈਚਾਰੇ ਦੀਆਂ ਹੱਦਾਂ ਤੋਂ ਬਾਹਰ ਵਿਆਹ ਕਰਨ ਦੀ ਚੋਣ ਕਰਦਾ ਹੈ।"

## ਇਗਨੌਟਸ ਪਿਸਟੈਚੀਓ

"ਸਾਰੇ ਧਰਮ ਹੌਲੀ ਹੌਲੀ ਖਤਮ ਹੋ ਜਾਂਦੇ ਹਨ ... ਪਰ ਨਾਸਤਿਕਤਾ ਹਮੇਸ਼ਾ ਜ਼ਿੰਦਾ ਰਹੇਗੀ ਭਾਵੇਂ ਜਿਹੜਾ ਮਰਜੀ ਨਵਾਂ ਧਰਮ ਕਿਸੇ ਪੁਰਾਣੇ ਦੀ ਥਾਂ ਲੈਂਦਾ ਰਹੇ।"

## ਮਾਇਕਲ ਪੇਨ

"ਜਿੱਥੇ ਡਰ ਨਹੀਂ ਹੁੰਦਾ ਉੱਥੇ ਬੜਾ ਥੋੜ੍ਹਾ ਵਿਸ਼ਵਾਸ ਹੁੰਦਾ ਹੈ।"

## ਐਮਿੱਟ ਐਫ। ਫੀਲਡਜ਼

*(ਅਮਰੀਕਨ ਨਾਸਤਿਕ)*

"ਨਾਸਤਿਕਤਾ ਦੀ ਇੱਕੋ ਸਿੱਖਿਆ ਹੈ: ਸਵਾਲ ਕਰਨਾ। ਨਾਸਤਿਕਤਾ ਦਾ ਇੱਕੋ ਸਿਧਾਂਤ ਹੈ: ਸ਼ੱਕ ਕਰਨੀ। ਨਾਸਤਿਕਤਾ ਦੀ ਪਵਿੱਤਰ ਪੁਸਤਕ ਵਿਚ ਸਿਰਫ ਇਕ ਹੀ ਸ਼ਬਦ ਹੈ: 'ਸੋਚੋ'।"

## ਮਾਈਕਲ ਬਰਕ

"ਮੈਂ ਹੈਰਾਨ ਹਾਂ ਕਿ ਬਾਈਬਲਾਂ ਬਣਾਉਣ ਲਈ ਕਿੰਨੇ ਜੰਗਲਾਂ ਦਾ ਸਫਾਇਆ ਕੀਤਾ ਗਿਆ ਹੋਵੇਗਾ।"

## ਜਸਟਿਸ ਬਰਾਊਨ

"ਜੇ ਬਾਈਬਲ ਸਾਨੂੰ ਇਹ ਦੱਸਣ ਵਿਚ ਗਲਤ ਹੈ ਕਿ ਅਸੀਂ ਕਿੱਥੋਂ ਆਏ ਹਾਂ ਤਾਂ ਅਸੀਂ ਇਸ 'ਤੇ ਇਸ ਗੱਲ ਦਾ ਕਿਵੇਂ ਯਕੀਨ ਕਰ ਸਕਦੇ ਹਾਂ ਕਿ ਸਾਨੂੰ ਦੱਸੇ ਕਿ ਅਸੀਂ ਜਾਣਾ ਕਿੱਥੇ ਹੈ?"

## ਸ਼ੇਖ ਅਬਦਲ-ਅਜ਼ੀਜ਼ ਇਬਨ ਬਾਜ਼

*ਸਾਉਦੀ ਅਰਬ ਦਾ ਸਰਬੋਤਮ ਧਾਰਮਿਕ ਅਧਿਕਾਰੀ, 1993-1999*

"ਧਰਤੀ ਚੌਰਸ ਹੈ, ਜਿਹੜਾ ਵੀ ਇਸ ਗੱਲ ਤੋਂ ਇਨਕਾਰੀ ਹੈ ਉਹ ਨਾਸਤਿਕ ਹੈ ਅਤੇ ਸਜ਼ਾ ਦਾ ਹੱਕਦਾਰ।"

## ਵਨਿੱਸਾ ਬੇਅਰਡ

"ਵਿਸ਼ਵਾਸ ਉਨ੍ਹਾਂ ਮੁਲਕਾਂ ਵਿਚ ਸਭ ਤੋਂ ਵੱਧ ਹੈ ਜਿੱਥੇ ਸਮਾਜ ਵਿਚ ਜ਼ਿਆਦਾ ਨਾ-ਬਰਾਬਰਤਾ ਹੈ ਅਤੇ ਸਰਕਾਰ ਵਲੋਂ ਕੋਈ ਵਿਸ਼ੇਸ਼ ਮਦਦ ਨਹੀਂ ਦਿੱਤੀ ਜਾਂਦੀ – ਨਾਈਜੀਰੀਆ, ਭਾਰਤ ਤੇ ਇੰਡੋਨੇਸ਼ੀਆ ਵਿਚ 90 ਪ੍ਰਤੀਸ਼ੱਤ ਤੋਂ ਉੱਤੇ ਆਪਣੇ ਆਪ ਨੂੰ ਵਿਸ਼ਵਾਸ ਕਰਨ ਵਾਲਿਆਂ ਵਿਚ ਗਿਣਦੇ ਹਨ। ਇਹ ਕੋਈ ਮਹਿਜ਼ ਇਤਫਾਕ ਨਹੀਂ – ਜਿੱਥੇ ਸਰਕਾਰ ਫੇਲ੍ਹ ਹੁੰਦੀ ਹੈ ਉੱਥੇ ਧਰਮ ਉਸ ਦੀ ਜਗ੍ਹਾ ਲੈ ਲੈਂਦਾ ਹੈ। ... ਅੱਜ ਵੀ ਅਫਗਾਨਿਸਤਾਨ ਦੇ ਪਛੜੇ ਇਲਾਕਿਆਂ ਵਿਚ ਮੁੰਡੇ ਤਾਲਿਬਾਨਾਂ ਵਲੋਂ ਚਲਾਏ ਜਾਂਦੇ ਮਦਰੱਸਿਆਂ ਵਿਚ ਸਿੱਖਿਆ ਲੈ ਰਹੇ ਹਨ ਸਿਰਫ ਇਸ ਲਈ ਕਿ ਇਸ ਤਰ੍ਹਾਂ ਉਨ੍ਹਾਂ ਨੂੰ ਉੱਥੇ ਖਾਣ ਵਾਸਤੇ ਮਿਲ ਜਾਂਦਾ ਹੈ। ਧਾਰਮਿਕ ਜਥੇਬੰਦੀਆਂ ਅਨਪੜ੍ਹ ਅਤੇ ਗਰੀਬ ਲੋਕਾਂ ਉੱਪਰ ਬੇਹੱਦ ਦਾਬਾ ਰੱਖਦੀਆਂ ਹਨ।"

## ਗਿਲੀਅਨ ਬੁਜ਼ੀਲਾ

"ਇਤਿਹਾਸ ਗਵਾਹ ਹੈ ਕਿ ਸ਼ਬਦ "ਰੱਬ" ਬਿਨਾਂ ਹੋਰ ਕਿਸੇ ਵੀ ਚੀਜ਼ ਨੇ ਵੱਧ ਮਨੁੱਖੀ ਤਬਾਹੀ ਨਹੀਂ ਕੀਤੀ।"

## ਡੇਵਿਡ ਬੋਲਟਨ

"ਕਦੇ ਇੱਦਾਂ ਲਗਦਾ ਸੀ ਧਰਮ ਵਿੱਚੋਂ ਵਿਸ਼ਵਾਸ ਖਤਮ ਕਰਨ ਲਈ ਤਰਕ ਸਾਨੂੰ ਸੇਧ ਦਿਖਾ ਰਿਹਾ ਹੈ ਪਰ ਜਦੋਂ ਅਸੀਂ ਨੀਂਦ ਚੋਂ ਜਾਗੇ ਤਾਂ ਦੇਖਿਆ ਕਿ ਸਾਡਾ ਤਰਕ ਵਿਚੋਂ ਹੀ ਯਕੀਨ ਉੱਡ ਗਿਆ ਹੈ। ਸੋ ਧਰਮ ਨਾਲ ਸਬੰਧਤ ਸਾਰੀਆਂ ਗੱਲਾਂ ਜਿਹੜੀਆਂ ਅਸੀਂ ਦਰਵਾਜੇ ਰਾਹੀਂ ਬਾਹਰ ਸੁੱਟੀਆਂ ਸਨ ਉਹ ਤਾਕੀ ਰਾਹੀਂ ਮੁੜ ਅੰਦਰ ਆ ਵੜੀਆਂ ਹਨ।"

## ਐਰਿਕ ਮੇਜ਼ਲ

"ਕੋਈ ਦੇਵਤੇ (ਸਣੇ ਵੱਡੇ ਰੱਬ ਦੇ) ਨਹੀਂ ਹਨ। ਸਾਰੇ ਜੀਵਾਂ ਵਾਂਗ ਅਸੀਂ ਵੀ ਕੁਦਰਤ ਦੀ ਉਤਪਾਦਨਾ ਹਾਂ। ਇਹ ਕੋਈ ਜਸ਼ਨ ਮਨਾਉਣ ਵਾਲੀ ਜਾਂ ਕੀਰਨੇ ਪਾਉਣ ਵਾਲੀ ਗੱਲ ਨਹੀਂ। ਪਰ ਇਹ ਇਕ ਬੜੀ ਤਬਦੀਲੀ ਵਾਲਾ ਤੇ ਦਿਮਾਗ ਦੇ ਬੂਹੇ ਖੋਲ੍ਹਣ ਵਾਲਾ ਤਜਰਬਾ ਹੋ ਸਕਦਾ ਹੈ ਕਿ ਸਾਰੇ ਰੱਬਾਂ, ਧਰਮਾਂ ਤੇ ਅਲੌਕਿਕ ਜੋਸ਼ ਨੂੰ ਇਕ ਪਾਸੇ ਰੱਖ ਕੇ ਦੁਨੀਆ ਨੂੰ ਇਕ ਮਨੁੱਖ ਵਜੋਂ ਦੇਖਿਆ ਘੋਖਿਆ ਜਾਵੇ, ਮਨੁੱਖ ਜਿਹੜਾ ਜੀਉਂਦਾ ਹੈ, ਮਰਦਾ ਹੈ, ਅਤੇ ਓਨਾਂ ਹੀ ਕੁਦਰਤੀ ਹੈ ਜਿੰਨਾ ਇਕ ਸ਼ੇਰ ਜਾਂ ਘੁੱਗੀ।"

## ਈ ਐਮ ਮੈਕਡਾਨਲਡ

"ਜੇ ਕੋਈ ਇੱਦਾਂ ਦਾ ਰੱਬ ਹੋਇਆ ਵੀ ਹੋਵੇ, ਉਹ ਕੋਈ ਏਨਾ ਦਿਆਲੂ ਰੱਬ ਨਹੀਂ ਹੋ ਸਕਦਾ ਜਿਸ ਕਿਸਮ ਦਾ ਇਸਾਈਆਂ ਵਲੋਂ ਦਰਸਾਇਆ ਜਾਂਦਾ ਹੈ। ਇਹ ਕਿਹੋ ਜਿਹੀ ਢੀਠਤਾ ਹੈ ਜਿਹੜੀ ਕੁਦਰਤ ਦੀ ਦਇਆ ਅਤੇ ਚੰਗਿਆਈ ਦੀ ਗੱਲ ਕਰਦੀ ਹੈ ਜਿਸ ਵਿਚ ਹਰ ਜਾਨਵਰ ਦੂਜਿਆਂ ਨੂੰ ਖਾਂਦਾ ਹੈ, ਜਿਸ ਵਿਚ ਹਰ ਮੂੰਹ ਝਟਕਈ-ਖਾਨਾ ਹੈ ਅਤੇ ਹਰ ਪੇਟ ਇਕ ਕਬਰਸਤਾਨ।"

## ਜੌਰਡਨ ਟੀ ਮਕੁਈਨ

"ਤੁਹਾਡੇ ਵਾਸਤੇ ਰੱਬ ਨੇ ਇੱਦਾਂ ਦੀ ਕਿਹੜੀ ਗੱਲ ਕੀਤੀ ਹੈ ਜਿਹੜੀ ਤੁਸੀਂ ਖੁਦ ਨਹੀਂ ਸੀ ਕਰ ਸਕਦੇ?"

## ਡੱਗ ਮੈਕਲਾਉਡ

"ਮੈਂ ਅਜੇ ਵੀ ਕਹਿੰਦਾ ਹਾਂ ਕਿ ਚਰਚ ਦੇ ਉੱਚੇ ਮੀਨਾਰੇ 'ਤੇ ਬਿਜਲੀ ਤੋਂ ਬਚਣ ਲਈ ਜੰਤਰ ਲਾਉਣਾ ਨਾਭਰੋਸਗੀ ਦਾ ਵਿਖਾਵਾ ਹੈ।"

## ਬਰੈਂਟ ਯਾਚਿਓ

"ਪੂਰਾ ਇਨਸਾਨ ਬਣਨ ਲਈ ਨਾਸਤਿਕਤਾ ਜ਼ਰੂਰੀ ਹੈ। ਧਰਮ ਤਾਂ ਇਕ ਫਹੁੜੀ ਹੈ ਜੋ ਤੁਹਾਡੇ ਨਾਲ ਬੰਨ੍ਹੀ ਹੋਈ ਹੈ, ਜਿਹਦੀ ਕਿ ਤੁਹਾਨੂੰ ਕਦੇ ਲੋੜ ਵੀ ਨਹੀਂ ਸੀ ਪਰ ਦੂਜਿਆਂ ਨੇ ਤੁਹਾਨੂੰ ਪੱਕ ਕਰਾ ਦਿੱਤਾ ਕਿ ਤੁਸੀਂ ਇਸ ਬਿਨਾਂ ਰਹਿ ਨਹੀਂ ਸਕਦੇ। ਜਦੋਂ ਇਕ ਵਾਰ ਤੁਹਾਨੂੰ ਪਤਾ ਲੱਗ ਜਾਵੇ ਕਿ ਇਹ ਸਿਰਫ ਇਕ ਇੰਦਰ-ਜਾਲ ਹੈ, ਅਸਲੀ ਫਹੁੜੀ ਵੀ ਨਹੀਂ, ਤੁਸੀਂ ਖੁਸ਼ੀ ਖੁਸ਼ੀ ਇਸ ਨੂੰ ਵਗ੍ਹਾ ਮਾਰਦੇ ਹੋ।"

## ਲਿਜ਼ਟ ਰੀਜ਼

"ਪੁਰਾਣੇ ਵਿਸ਼ਵਾਸ ਹਰ ਪਾਸੇ ਆਪਣੀਆਂ ਮੋਮਬੱਤੀਆਂ ਜਗਾਉਂਦੇ ਰਹਿੰਦੇ ਹਨ, ਪਰ ਹੱਟਾ ਕੱਟਾ ਸੱਚ ਆ ਕੇ ਸਭ ਬੁਝਾ ਜਾਂਦਾ ਹੈ।"

## ਫਰੇਟਰ ਰਾਵੁਸ

"ਵਿਸ਼ਵਾਸ ਤੁਹਾਨੂੰ ਜਵਾਬ ਪ੍ਰਦਾਨ ਨਈਂ ਕਰਦਾ, ਇਹ ਸਿਰਫ ਤੁਹਾਨੂੰ ਸਵਾਲ ਪੁੱਛਣ ਤੋਂ ਰੋਕ ਦਿੰਦਾ ਹੈ।"

## ਗੁਸਤਾਫ ਲਿੰਡਬੌਰਗ *(ਸਵੀਡਨ ਦਾ ਲਿਖਾਰੀ)*

"ਜਹਾਜ਼ ਚਲਾਉਣ ਵਾਲਾ ਹਵਾ ਲਈ ਅਰਦਾਸ ਨਹੀਂ ਕਰਦਾ, ਉਹ ਬਾਦਬਾਨੀ ਸਿੱਖਦਾ ਹੈ।"

## ਅਲਿਗਜੈਂਡਰ ਲੋਟਸਿਸ

"ਸੱਚੀਂ ਆਜ਼ਾਦ ਹੋਣ ਲਈ ਤੁਹਾਨੂੰ ਦਿਮਾਗ ਪੱਖੋਂ ਆਜ਼ਾਦ ਹੋਣ ਦੀ ਲੋੜ ਹੈ।"

## ਲੈਮਿਓਅਲ ਕੇ. ਵਾਸ਼ਬਰਨ (1800?)

"ਅਰਦਾਸ ਤਾਂ ਸੁੱਕੇ ਖੂਹ 'ਚ ਲੱਗੇ ਉਸ ਨਲਕੇ ਵਰਗੀ ਹੈ ਜਿਹੜਾ ਰੌਲਾ ਤਾਂ ਬਹੁਤ ਪਾਉਂਦਾ ਹੈ ਪਰ ਪਾਣੀ ਕਦੇ ਨਹੀਂ ਦਿੰਦਾ।"

"ਚਰਚ ਉਹ ਬੈਂਕ ਹੈ ਜਿਹੜੀ ਲਗਾਤਾਰ ਤੁਹਾਡੇ ਪੈਸੇ ਜਮ੍ਹਾਂ ਕਰਦੀ ਰਹਿੰਦੀ ਹੈ ਪਰ ਮੁਨਾਫੇ 'ਚੋਂ ਕੋਈ ਹਿੱਸਾ ਨਹੀਂ ਦਿੰਦੀ।"

"ਜੇ ਫੈਕਟਰੀ ਟੈਕਸ ਅਦਾ ਕਰਦੀ ਹੈ ਤੇ ਚਰਚ ਨਹੀਂ ਕਰਦਾ, ਤਾਂ ਇਹਦਾ ਨਤੀਜਾ ਇਹ ਹੁੰਦਾ ਹੈ ਕਿ ਕਿਸੇ ਦਿਨ ਚਰਚ ਫੈਕਟਰੀ ਦਾ ਮਾਲਕ ਬਣੇਗਾ।"

"ਜਿਹੜਾ ਬੰਦਾ ਗੋਡੇ ਟੇਕ ਦਿੰਦਾ ਹੈ ਉਸ ਨੇ ਲੱਤਾਂ ਦੀ ਸਹੀ ਵਰਤੋਂ ਕਰਨੀ ਨਹੀਂ ਸਿੱਖੀ।"

"ਸੂਲੀ (ਇਸਾਈਅਤ ਦਾ ਚਿੰਨ) ਹਰ ਜਗ੍ਹਾ ਹੀ ਆਜ਼ਾਦੀ ਦੇ ਸੀਨੇ 'ਚ ਖੁੱਭਿਆ ਖੰਜਰ ਹੈ।"

"ਜਿਹੜੇ ਪੈਸੇ ਬੰਦਾ ਸਵਰਗ ਵਿਚ ਜਾਣ ਵਾਸਤੇ ਦਿੰਦਾ ਹੈ ਉਹ ਉਹਨੂੰ ਏਥੇ ਧਰਤੀ ਨੂੰ ਸਵਾਰਨ ਵਾਸਤੇ ਵਰਤਣੇ ਚਾਹੀਦੇ ਹਨ।"

"ਰੱਬ ਲਈ ਦਸ ਘਰ ਬਣਾਉਣ ਨਾਲੋਂ ਬੇਹਤਰ ਹੈ ਕਿਸੇ ਮਨੁੱਖ ਵਾਸਤੇ ਇਕ ਘਰ ਬਣਾਉਣਾ।"

"ਬਹੁਤੇ ਬੰਦੇ ਉਸ ਸੱਚ ਨੂੰ ਮਾਰ ਦੇਣਗੇ ਜਿਹੜਾ ਉਨ੍ਹਾਂ ਦੇ ਧਰਮ ਨੂੰ ਮਾਰ ਸਕਦਾ ਹੋਵੇ।"

"ਅਰਦਾਸ ਤਾਂ ਕਿਸੇ ਕੋਲੋਂ ਮੰਗਣਾ ਹੈ।"

"ਜੇ ਰੱਬ ਹੋਵੇ ਤਾਂ ਫੇਰ ਉਹਨੂੰ ਇਹ ਦੱਸਣ ਵਿਚ ਕੀ ਇਤਰਾਜ ਹੋ ਸਕਦਾ ਹੈ?"

"ਇਸਾਈਅਤ (*ਜਾਂ ਕੋਈ ਵੀ ਧਰਮ –ਅਨੁਵਾਦਕ*) ਸੱਭਿਅਤਾ ਦੇ ਸਫੇ 'ਤੇ ਕਾਲ਼ਾ ਧੱਬਾ ਹੈ।"

## ਫਰੀਬਾ ਵਾਕੀਲੀ

*(ਅਫਗਾਨੀ ਔਰਤ)*

"ਜ਼ਰਾ ਸੋਚ ਕੇ ਦੇਖੋ ਉਸ ਮੁਲਕ ਵਿਚ ਅਧਿਆਪਕ ਹੋਣਾ ਜਿੱਥੇ ਕੁੜੀਆਂ ਨੂੰ ਗਿਣਨਾ ਸਿਖਾਉਣਾ ਜੁਰਮ ਹੋਵੇ। ਉਸ ਮੁਲਕ ਵਿਚ ਰਹਿਣ ਬਾਰੇ ਸੋਚ ਕੇ ਦੇਖੋ ਜਿੱਥੇ ਇਕ ਬੱਚੇ ਨੂੰ ਵਰਣਮਾਲਾ (ਅਲਫਾਬਿੱਟ) ਸਿੱਖਣ ਜਾਂ ਕਿਤਾਬ ਖੋਲ੍ਹਣ ਬਦਲੇ ਮਾਰਿਆ ਜਾ ਸਕਦਾ ਹੋਵੇ। ਜ਼ਰਾ ਸੋਚੋ ਕਿ ਤੁਹਾਨੂੰ ਇਸ ਕਰਕੇ ਕੁੱਟਿਆ ਮਾਰਿਆ ਜਾ ਸਕਦਾ ਹੈ ਕਿ ਤੁਸੀਂ ਚੋਰੀਂ ਲਾਇਬ੍ਰੇਰੀ ਕਾਇਮ ਕੀਤੀ ਹੋਵੇ ਜਿਹੜੀ ਕੁੜੀਆਂ ਨੂੰ ਕਿਤਾਬਾਂ ਦਿੰਦੀ ਹੋਵੇ। ਅਫਗਾਨਿਸਤਾਨ ਵਿਚ ਇਹ ਕੁਝ ਹਰ ਰੋਜ਼ ਹੋ ਰਿਹਾ ਹੈ।"

## ਰਿਚਰਡ ਏ ਵੈਦਰਵੈਅਕਸ

"ਪਿਆਰ ਨੂੰ ਸਹੀ ਸਾਬਤ ਕਰਨ ਲਈ ਤੁਹਾਨੂੰ ਬਾਈਬਲ ਦੀ ਜ਼ਰੂਰਤ ਨਹੀਂ, ਪਰ ਨਫਰਤ ਨੂੰ ਸਹੀ ਸਾਬਤ ਕਰਨ ਲਈ ਇਸ ਤੋਂ ਵਧੀਆ ਕੋਈ ਹੋਰ ਸੰਦ ਨਹੀਂ ਇਜਾਦ ਹੋਇਆ।"

## ਬਰੈਡਲੀ ਵੁੱਡ

"ਧਰਮ ਦੀ ਆਜ਼ਾਦੀ ਦਾ ਇਹ ਵੀ ਅਰਥ ਹੈ ਕਿ ਧਰਮ ਤੋਂ ਆਜ਼ਾਦੀ।"

"ਮਨੁੱਖ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਕਾਤਲ ਇਕੱਲਾ ਧਰਮ ਹੀ ਹੈ।"

# ਗੁੰਮਨਾਮ

*(ਇਨ੍ਹਾਂ ਵਿਚਾਰਾਂ ਦੇ ਰਚਨਹਾਰਿਆਂ ਬਾਰੇ ਜਾਣਕਾਰੀ ਪ੍ਰਾਪਤ ਨਹੀਂ ਹੈ ਨਹੀਂ)*

"ਇਸਾਈ ਬੋਲਿਆ: ਮੈਂ ਤੇਰੇ ਲਈ ਅਰਦਾਸ ਕਰਾਂਗਾ। ਨਾਸਤਿਕ ਨੇ ਕਿਹਾ: ਤਾਂ ਫੇਰ ਮੈਂ ਆਪਾਂ ਦੋਵਾਂ ਵਾਸਤੇ ਸੋਚਾਂਗਾ।"

"ਬੰਦੇ ਲਈ ਵਿਸ਼ਵਾਸ ਉਹੀ ਚੀਜ਼ ਹੈ ਜੋ ਸ਼ੁਤਰ ਮੁਰਗ ਲਈ ਰੇਤਾ।"

"ਦਰਸ਼ਨ (ਫਲਸਫਾ) ਉਹ ਸਵਾਲ ਹੁੰਦੇ ਹਨ ਜਿਨ੍ਹਾਂ ਦਾ ਸ਼ਾਇਦ ਕਦੇ ਜਵਾਬ ਨਾ ਮਿਲੇ। ਧਰਮ ਉਹ ਜਵਾਬ ਹਨ ਜਿਨ੍ਹਾਂ 'ਤੇ ਕਦੇ ਸਵਾਲ ਨਹੀਂ ਕੀਤਾ ਜਾ ਸਕਦਾ।"

"ਰੱਬ ਨੇ ਮੈਨੂੰ ਨਾਸਤਿਕ ਪੈਦਾ ਕੀਤਾ ਸੀ। ਤੁਸੀਂ ਕੌਣ ਹੁੰਦੇ ਹੋ ਉਹਦੀ ਸਿਆਣਪ 'ਤੇ ਸਵਾਲ ਕਰਨ ਵਾਲੇ।"

"ਜੇ ਰੱਬ ਨੂੰ ਚੰਗਾ ਨਈਂ ਲੱਗਦਾ ਜਿੱਦਾਂ ਮੈਂ ਰਹਿੰਦਾ ਹਾਂ ਤਾਂ ਉਹਨੂੰ ਇਹ ਗੱਲ ਮੈਨੂੰ ਦੱਸਣ ਦਿਓ, ਤੁਸੀਂ ਨਾ ਦੱਸੋ।"

"ਬੰਦੇ ਨੂੰ ਮੱਛੀ ਦੇ ਦਿਓ, ਉਸ ਦਾ ਇਕ ਦਿਨ ਵਾਸਤੇ ਢਿੱਡ ਭਰ ਦੇਵੋਗੇ; ਉਹਨੂੰ ਧਰਮ ਦੇ ਦਿਓ, ਤੇ ਉਹ ਮੱਛੀ ਲਈ ਅਰਦਾਸਾਂ ਕਰਦਾ ਭੁੱਖਾ ਮਰ ਜਾਏਗਾ।"

"ਤੁਸੀਂ ਮੇਰੇ ਸਕੂਲ ਵਿਚ ਅਰਦਾਸ ਨਾ ਕਰਿਓ, ਤੇ ਮੈਂ ਤੁਹਾਡੇ ਚਰਚ ਵਿਚ ਆ ਕੇ ਸੋਚਾਂਗਾ ਨਹੀਂ।"

❀✦❀

"ਵਿਸ਼ਵਾਸ ਕਰਨ ਵਾਲਾ ਕਹਿੰਦਾ ਹੈ ਕਿ ਹਰ ਚੀਜ਼ ਦਾ ਕੋਈ ਨਾ ਕੋਈ ਸਿਰਜਣਹਾਰਾ ਹੈ ਪਰ ਉਹ ਇਹ ਗੱਲ ਕਹਿਣ ਵਿਚ ਉੱਕ ਜਾਂਦਾ ਹੈ ਕਿ ਉਸ ਸਿਰਜਣਹਾਰੇ ਨੂੰ ਕਿਹਨੇ ਸਿਰਜਿਆ ਸੀ।"

❀✦❀

"ਜੇ ਉਹ ਸਾਰੇ ਇਸਾਈ *(ਜਾਂ ਕਿਸੇ ਵੀ ਧਰਮ ਨੂੰ ਮੰਨਣ ਵਾਲੇ)* ਜਿਨ੍ਹਾਂ ਨੇ ਦੂਜਿਆਂ ਨੂੰ ਕਿਹਾ ਹੋਵੇ ਕਿ 'ਅਸਲੀ ਇਸਾਈ ਨਹੀਂ' *(ਅਸਲੀ ਧਰਮੀ ਨਹੀਂ)* ਖਤਮ ਹੋ ਜਾਣ ਤਾਂ ਕੋਈ ਵੀ ਇਸਾਈ *(ਧਰਮੀ)* ਨਾ ਬਚੇ।"

❀✦❀

"ਧਰਮ, ਸਾਰੀ ਮਨੁੱਖਤਾ ਲਈ, ਇਸ ਦੇ ਇਤਿਹਾਸ ਦੇ ਹਰ ਪੜਾਅ 'ਤੇ, ਹੋਰ ਕਿਸੇ ਵੀ ਇਕੱਲੇ ਇਕਹਿਰੇ ਵਿਚਾਰ ਤੋਂ ਵੱਧ, ਦੁੱਖ ਦਾ ਕਾਰਨ ਬਣਿਆ ਹੈ।"

❀✦❀

"ਦਰਸ਼ਨ ਉਨ੍ਹਾਂ ਲੋਕਾਂ ਲਈ ਹੈ ਜੋ ਸੋਚਦੇ ਹਨ ਅਤੇ ਧਰਮ ਉਨ੍ਹਾਂ ਲਈ ਜੋ ਪਿੱਛੇ ਲੱਗਦੇ ਹਨ।"

❀✦❀

"ਜਿਹੜੇ ਲੋਕ ਇਹ ਨਹੀਂ ਚਾਹੁੰਦੇ ਕਿ ਕੋਈ ਉਨ੍ਹਾਂ ਦੇ ਵਿਸ਼ਵਾਸਾਂ 'ਤੇ ਹੱਸੇ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਹਾਸੋ ਹੀਣੇ ਵਿਸ਼ਵਾਸ ਹੀ ਨਾ ਰੱਖਣ।"

❀✦❀

"ਤੁਹਾਨੂੰ ਪਤਾ ਹੈ ਕਿ ਤੁਹਾਡਾ ਰੱਬ ਬੰਦੇ ਦਾ ਹੀ ਬਣਾਇਆ ਹੋਇਆ ਹੈ, ਉਹ ਵੀ ਉਨ੍ਹਾਂ ਹੀ ਲੋਕਾਂ ਨੂੰ ਨਫਰਤ ਕਰਦਾ ਹੈ ਜਿਨ੍ਹਾਂ ਨੂੰ ਤੁਸੀਂ ਨਫਰਤ ਕਰਦੇ ਹੋ।"

❀✦❀

"ਧਰਮ ਤੋਂ ਬਿਨਾਂ ਮਨੁੱਖਤਾ ਇੱਦਾਂ ਹੈ ਜਿੱਦਾਂ ਇਕ ਸਿਲਸਲੇਵਾਰ ਕਾਤਲ (ਸੀਰੀਅਲ ਕਿਲਰ) ਕੋਲ ਚੇਨ ਵਾਲੀ ਆਰੀ ਨਾ ਹੋਵੇ।"

“ਸਿਰਫ ਭੇਡਾਂ ਨੂੰ ਹੀ ਚਰਵਾਹੇ ਦੀ ਲੋੜ ਹੁੰਦੀ ਹੈ।”

“ਅਰਦਾਸ ’ਚ ਜੁੜੇ ਹਜ਼ਾਰਾਂ ਹੱਥਾਂ ਨਾਲੋਂ ਦੋ ਕੰਮ ਕਰਦੇ ਹੱਥ ਚੰਗੇ ਹੁੰਦੇ ਹਨ।”

“ਸਰਜਨ ਜਨਰਲ ਦੀ ਵਾਰਨਿੰਗ: ਇਸ ਵੇਲੇ ਧਰਮ ਖਤਮ ਕਰਨ ਨਾਲ ਵਿਸ਼ਵ ਸ਼ਾਂਤੀ ਦੇ ਮੌਕੇ ਬਹੁਤ ਵੱਧ ਜਾਂਦੇ ਹਨ।”

“ਸ਼ਕਤੀ ਭ੍ਰਿਸ਼ਟ (ਕੁਰੱਪਟ) ਕਰਦੀ ਹੈ: ਪਰਮ ਸੰਪੂਰਨ ਸ਼ਕਤੀ ਪਰਮ ਸੰਪੂਰਨ ਤੌਰ ’ਤੇ ਭ੍ਰਿਸ਼ਟ (ਕੁਰੱਪਟ) ਕਰਦੀ ਹੈ; ਰੱਬ ਸਰਬਸ਼ਕਤੀ ਮਾਨ ਹੈ। ਬਾਕੀ, ਤੁਸੀਂ ਖੁਦ ਜਾਣੀ ਜਾਣ ਹੋ।”

“ਬਲਾਤਕਾਰੀ ਸਾਬਤ ਹੋਇਆਂ ਵਿਚੋਂ 57% ਨੇ ਮੰਨਿਆ ਕਿ ਉਹਨੀਂ ਪੋਰਨੋਗਰਾਫੀ ਪੜ੍ਹੀ ਸੀ। 95% ਨੇ ਮੰਨਿਆ ਕਿ ਉਹਨੀਂ ਬਾਈਬਲ ਪੜ੍ਹੀ ਸੀ।”

“ਆਸਤਿਕਾਂ ਦਾ ਸੋਚਣਾ ਹੈ ਕਿ ਉਨ੍ਹਾਂ ਦੇ ਰੱਬ ਬਿਨਾਂ ਬਾਕੀ ਸਾਰੇ ਝੂਠੇ ਹਨ। ਨਾਸਤਿਕ ਸਿਰਫ ਇਹ ਮਗਰਲੀ ਛੋਟ ਨਹੀਂ ਦਿੰਦੇ।”

“ਮੈਨੂੰ ਧਰਮ ਦੀ ਕੋਈ ਲੋੜ ਨਹੀਂ, ਮੇਰੇ ਕੋਲ ਮੇਰੀ ਜ਼ਮੀਰ ਹੈ।”

"ਨਾਸਤਿਕ ਜ਼ਿੰਦਗੀ ਦਾ ਜਸ਼ਨ ਮਨਾਉਣਗੇ ਜਦੋਂ ਤੁਸੀਂ ਚਰਚ ਵਿਚ ਮੌਤ ਦਾ ਜਸ਼ਨ ਮਨਾ ਰਹੇ ਹੋਵੋਗੇ।"

"ਵਿਸ਼ਵਾਸ ਪਰਬਤ ਹਿਲਾ ਸਕਦਾ ਹੈ, ਪਰ ਕੀ ਇਹ ਤੁਹਾਡੇ ਲਈ ਇਕ ਬੀਅਰ ਲਿਆ ਸਕਦਾ ਹੈ?"

"ਜਥੇਬੰਧਕ ਧਰਮ ਜਥੇਬੰਧਕ ਜੁਰਮ ਵਾਂਗ ਹੈ; ਇਹ ਲੋਕਾਂ ਦੀਆਂ ਕਮਜ਼ੋਰੀਆਂ 'ਤੇ ਝਟਪਦਾ ਹੈ, ਆਪਣੇ ਚੱਕਰਾਂ ਨਾਲ ਬੇਹੱਦ ਮੁਨਾਫਾ ਕਮਾਉਂਦਾ ਹੈ, ਤੇ ਇਸ ਨੂੰ ਖਤਮ ਕਰਨਾ ਅਸੰਭਵ ਹੈ।"

"ਦੁਬਾਰਾ ਜੰਮਣ ਦੀ ਕੀ ਲੋੜ ਹੈ *(ਇਸਾਈ ਧਾਰਮਿਕ 'ਚ ਮੁੜ ਪੱਕੇ ਹੋਣ ਨੂੰ - ਬੌਰਨ ਅਗੇਨ - ਕਹਿੰਦੇ ਹਨ)* ਜਦ ਕਿ ਤੁਸੀਂ (ਇਸੇ ਜਨਮ 'ਚ) ਸਿਆਣੇ ਹੋ ਸਕਦੇ ਹੋ?"

"ਧਾਰਮਿਕ ਜ਼ਬਰਦਸਤੀ ਦਾ ਕੀ ਨਤੀਜਾ ਨਿਕਲਿਆ? ਦੁਨੀਆ ਦੇ ਅੱਧੇ ਹਿੱਸੇ ਨੂੰ ਪਾਗਲ ਬਣਾਇਆ ਹੈ ਤੇ ਦੂਜੇ ਅੱਧ ਨੂੰ ਪਖੰਡੀ?"

"ਕਾਰੋਬਾਰ ਆਉਂਦੇ ਜਾਂਦੇ ਰਹਿਣਗੇ ਪਰ ਧਰਮ ਹਮੇਸ਼ਾ ਰਹੇਗਾ, ਕਿਉਂਕਿ ਕਿਸੇ ਵੀ ਹੋਰ ਕਾਰੋਬਾਰ ਵਿਚ ਵਰਤੋਂ ਕਰਨ ਵਾਲਾ ਵਸਤ ਦੇ ਕੰਮ ਨਾ ਕਰਨ 'ਤੇ ਖੁਦ ਨੂੰ ਕਸੂਰਵਾਰ ਨਹੀਂ ਠਹਿਰਾਉਂਦਾ?"

"ਰੱਬ ਅੱਗੇ ਅਰਦਾਸ ਤਾਂ ਕਰੋ ਪਰ ਕੰਢੇ ਵਲ ਜਾਣ ਲਈ ਚੱਪੂ ਵੀ ਮਾਰੀ ਜਾਓ।" *- ਰੂਸੀ ਕਹਾਵਤ*

"ਉਸ ਬੰਦੇ ਤੋਂ ਸਦਾ ਸਾਵਧਾਨ ਰਹੋ ਜਿਹਦੀ ਜਾਣਕਾਰੀ ਇਕ ਹੀ ਕਿਤਾਬ ਤੱਕ ਸੀਮਤ ਹੋਵੇ।" - *ਲਾਤਿਨ ਕਹਾਵਤ*

"ਕੀ ਮੈਂ ਤੇਰੇ ਕੋਲ ਜਾਂ ਰੱਬ ਕੋਲ ਆਪਣੇ ਪਾਪਾਂ ਦਾ ਇਕਬਾਲ ਕਰਨਾ ਹੈ?"

"ਰੱਬ ਕੋਲ।"

"ਤਾਂ ਫੇਰ ਬੰਦਿਆ ਤੂੰ ਤਿੱਤਰ ਹੋ।" - *ਪ੍ਰਾਚੀਨ ਸਪਾਰਟਨ ਜਿਹਦੇ ਕੋਲੋਂ ਇਕ ਇਸਾਈ ਪਾਦਰੀ ਇਕਬਾਲ ਕਰਾਉਣਾ ਚਾਹੁੰਦਾ ਸੀ*

"ਯਹੂਦੀ ਸਿਰ ਝੁਕਾਉਂਦੇ ਹਨ। ਇਸਾਈ ਗੋਡਿਆਂ ਭਾਰ ਹੁੰਦੇ ਹਨ, ਮੁਸਲਮਾਨ ਗੋਡਿਆਂ ਭਾਰ ਹੋ ਕੇ ਪਿੱਛਾ ਉਤਾਂਹ ਚੁੱਕ ਲੈਂਦੇ ਹਨ। *(ਹਿੰਦੂ ਤੇ ਸਿੱਖ ਥੱਲੇ ਡਿੱਗ ਕੇ ਮੱਥੇ ਰਗੜਦੇ ਹਨ)।* ਨਾਸਤਿਕ ਮਾਣ ਨਾਲ ਆਪਣਾ ਸਿਰ ਉੱਚਾ ਰੱਖਦੇ ਹਨ ਅਤੇ ਕਿਸੇ ਅੱਗੇ ਵੀ ਝੁਕਦੇ ਨਹੀਂ।"

"ਬੱਚਿਆਂ ਨੂੰ ਝੂਠ ਦੱਸਣਾ ਬੰਦ ਕਰੋ – ਧਰਮ ਦਾ ਚੱਕਰ ਤੋੜੋ।"

"ਜੇ ਸਾਰੇ ਵਿਸ਼ਿਸ਼ਟ (ਐਕਸਕਲਿਸਿਵ) ਧਰਮ ਠੀਕ ਹਨ ਅਤੇ ਬਾਕੀ ਹਰ ਕੋਈ ਗਲਤ, ਕੀ ਇਹਦਾ ਮਤਲਬ ਇਹ ਨਹੀਂ ਬਣਦਾ ਕਿ ਹਰ ਕੋਈ ਹੀ ਗਲਤ ਹੈ।"

"ਜਦੋਂ ਮੈਂ ਨਿਆਣਾ ਸੀ ਤਾਂ ਮੇਰਾ ਇਕ ਕਾਲਪਨਿਕ ਦੋਸਤ ਹੁੰਦਾ ਸੀ ਜਿਹਦੇ ਨਾਲ ਮੈਂ ਗੱਲਾਂ ਕਰਦਾ ਹੁੰਦਾ ਸੀ। ਫੇਰ ਮੈਂ ਬੜਾ ਹੋ ਗਿਆ ਤੇ ਮੈਂ ਨਾਸਤਿਕ ਬਣ ਗਿਆ।"

# ਸੋਮੇ

## ਕਿਤਾਬਾਂ


Ali, Hirshi Ayaan, *Infidel.* Free Press. 2008.

Barker, Dan, *Godless: How an Evangelical Preacher Became One of America's Leading Atheists***.** Ulysses Press. 2008

Baron D'Holbach, *The System of Nature or Laws of the Moral and Physical World. Volume 1 and 2*, Originally published 1868. Batoche Books, Kitchner. 2001

Chattopadhyaya, Debiprasad, *Indian Atheism: A Marxist Approach*. People's Publishing House. Calcutta. 1969

Darwin, Charles, *The Origin of Species by Means of Natural Selection*. (6th Edition) New York. 1872.

Dawkins, Richard, *The God Delusion.* Houghton Mifflin Company. New York. 2006.

—— *The Selfish Gene*. Oxford University Press. Rev. ed. Oxford. 1989.

____ The Blind Watchmaker. Longman House, Burnt Mill, Harlow. 1986

Dennett, D. C., *Breaking The Spell.* Viking Peguin. New York. 2006

—— *Darwin's Dangerous Idea: Evolution and the Meanings of Life*. Simon and Schuster. New York. 1995.

Harris, Sam, *The End of Faith: Religion, Terrorism and the Future of Reason.* Norton. New York. 2004.

—— Letter to a Christian Nation.

Hitchens, Christopher, *God is Not Great: How Religion Poisons Everything*. McClelland & Stewart. 2007.

—— The Portable Atheist.DA Capo Press. 2007.

Huberman, Jack, *The Quotable Atheist.* Nation Books. New York. 2007.

Ingersoll, Robert Green, *Why I Am an Agnostic*. 1896

—— Superstition. 1898

James, Craig. A, *The Religion Virus*. O Books. UK. 2010.

Joshi, S.T, *Atheism: A Reader*. Prometheus Books. New York. 2000.

Konner, Joan, *The Atheist's Bible.* Harper Collins Books. 2007.

Maisel, Eric, *The Atheist's Way: Living Well Without Gods.* New World Library. Novato. 2009.

David Mills, *Atheist Universe: The Thinking Person's Answer.* Ulysses Press. 2006

Pain, Thomas, *The Age of Reason.* Library of America.

1995

Ray, Darrel W, *The God Virus: How Religion Infects Our Lives and Culture.* IPC Press. Bonner Springs. 2009.

Russell, B, *The Problems of Philosophy.* 1912; reprint, Indianapolis: Hackett, 1990.

——. *Religion and Science.* 1935; reprint, Oxford: Oxford Univ. Press, 1997.

——. *Why I Am Not a Christian.* Edited by P. Edwards. Simon and Schuster, New York 1957.

Sagan, C, *The Demon Haunted World: Science as a Candle in the Dark.* Random House. New York. 1995.

Sigmund Freud, *The Future of an Illusion,* translated by W. D. Robson-Scott. Revised and newly edited by James Strachey. Anchor. New York. 1964

Smith, G. H, *Atheism: The Case against God.* Buffalo: Prometheus Books, 1979.

—— Why Atheism? Prometheus Books. New York. 2000.

Stenger, Victor, J, The New Atheism: Taking a Stand for Science and Reason. Prometheus Books. New York. 2009.

—— *God: The Failed Hypothesis*

Warraq, Ibn, *Why I Am Not a Muslim*. Prometheus books; Reprint edition. 2006.

## ਇੰਟਰਨੈੱਟ

http://www.positiveatheism.org/

http://www.angelfire.com/mo3/paganfiles/library/misc/atheism-freethought_fortune_cookie_file.txt

http://nirmukta.com/

http://www.chrisbeach.co.uk/core/scripts/viewQuotes.php

http://richarddawkins.net/

http://www.atheists.org/

http://www.atheistrev.com/

http://www.michaelnugent.com/resources/famous-atheists/

http://www.daylightatheism.org/

http://www.rationalresponders.com/

http://www.holysmoke.org/

http://rationalwiki.org/wiki/Main_Page

http://www.godispretend.net/quotes/

http://ffrf.org/

http://www.zeitgeistmovie.com/

http://dailyatheistquote.com/list.aspx

http://atheistempire.com/

http://www.theinfidels.org/

http://www.godisimaginary.com/

http://edkrebs.com/herb/petoons31/index.htm

http://sadhubinning.blogspot.ca/

http://sadhubinning.wordpress.com/

# ਨਾਸਤਿਕ ਬਾਣੀ ਦੀ ਆਲੋਚਨਾ ਦੇ ਹੁੰਗਾਰੇ ਵਜੋਂ

*(ਮੇਰੀ ਪੁਸਤਕ 'ਨਾਸਤਿਕ ਬਾਣੀ' ਦੇ ਸਬੰਧ ਵਿਚ ਸਮੇਂ ਸਮੇਂ ਅਖਬਾਰਾਂ, ਈਮੇਲ ਤੇ ਫੇਸਬੁੱਕ ਰਾਹੀਂ ਪ੍ਰਤੀਕਰਮ ਮਿਲਦੇ ਰਹੇ ਹਨ। ਇਸ ਕਿਤਾਬ ਅਤੇ ਨਾਸਤਿਕਤਾ ਸਬੰਧੀ ਆਲੋਚਕ ਦੋਸਤਾਂ ਵਲੋਂ ਉਠਾਏ ਗਏ ਕੁਝ ਨੁਕਤਿਆਂ ਬਾਰੇ ਏਥੇ ਚਰਚਾ ਕਰਨ ਦੀ ਕੋਸ਼ਿਸ਼ ਹੈ। ਏਥੇ ਦਰਜ ਬਹੁਤੀ ਜਾਣਕਾਰੀ ਇਕ ਸਥਾਨਕ ਅਖਬਾਰ ਵਿਚ ਚੱਲੇ ਵਿਚਾਰ ਵਟਾਂਦਰੇ 'ਤੇ ਆਧਾਰਤ ਹੈ। ਇਸ ਬਹਿਸ ਵਿਚ ਸ਼ਾਮਲ ਉਨ੍ਹਾਂ ਦੋਸਤਾਂ ਦੇ ਨਾਂ ਏਥੇ ਨਹੀਂ ਲਿਖੇ ਜਾ ਰਹੇ ਪਰ ਸੁਹਿਰਦਤਾ ਨਾਲ ਉਠਾਏ ਸਵਾਲਾਂ ਲਈ ਮੈਂ ਉਨ੍ਹਾਂ ਦਾ ਦਿਲੋਂ ਧੰਨਵਾਦੀ ਹਾਂ।-ਜਨਵਰੀ, 2016)*

ਨਾਸਤਿਕ ਬਾਣੀ ਛਾਪਣ ਦੇ ਉਦੇਸ਼ ਬਾਰੇ ਹੋਏ ਕਿੰਤੂ ਨਾਲ ਹੀ ਗੱਲ ਸ਼ੁਰੂ ਕਰਦੇ ਹਾਂ। ਸਧਾਰਨ ਸ਼ਬਦਾਂ ਵਿਚ, ਨਾਸਤਿਕ ਬਾਣੀ ਦਾ ਉਦੇਸ਼ ਪੰਜਾਬੀ ਪਾਠਕਾਂ ਨਾਲ ਇਸ ਗੱਲ ਦੀ ਸਾਂਝ ਪਾਉਣਾ ਹੈ ਕਿ ਦੁਨੀਆ ਭਰ ਵਿਚ ਲੋਕਾਂ ਦੇ ਰੱਬ ਅਤੇ ਧਰਮ ਬਾਰੇ ਸਦੀਆਂ ਤੋਂ ਵੱਖਰੇ ਵੱਖਰੇ ਵਿਚਾਰ ਰਹੇ ਹਨ। ਇਸ ਵਿਚ ਸ਼ਾਮਲ ਪਹਿਲੀ ਉਕਤੀ ਭਾਰਤੀ ਚਿੰਤਕ ਚਾਰਵਾਕ ਦੀ ਹੈ ਜੋ ਢਾਈ ਕੁ ਹਜ਼ਾਰ ਸਾਲ ਪਹਿਲਾਂ ਹੋਏ ਸਨ। ਇਨਸਾਨ ਜਿਸ ਥਾਂ ਪੈਦਾ ਹੁੰਦਾ ਹੈ ਉਥੋਂ ਦੀ ਬੋਲੀ ਰਹੁ-ਰੀਤਾਂ ਤੇ ਬਾਕੀ ਸਭ ਕੁਝ ਦੇ ਨਾਲ ਨਾਲ ਉਹ ਰੱਬ ਅਤੇ ਧਰਮ ਬਾਰੇ ਉਥੋਂ ਦੇ ਪ੍ਰਚਲਤ ਵਿਚਾਰ ਵੀ ਸਿੱਖਦਾ ਹੈ। ਪਰ ਨਾਲ ਹੀ ਉਹ ਇਹ ਵੀ ਸਿੱਖਦਾ ਹੈ ਕਿ ਉਹਦਾ ਰੱਬ ਤੇ ਉਹਦਾ ਧਰਮ ਸਭ ਤੋਂ ਉੱਤਮ ਹਨ ਤੇ ਉਨ੍ਹਾਂ 'ਤੇ ਕਿਸੇ ਸੂਰਤ ਵਿਚ ਵੀ ਕਿੰਤੂ ਨਹੀਂ ਕੀਤਾ ਜਾ ਸਕਦਾ। ਇਹ ਪੱਕ ਕਰਨ ਲਈ ਕਿ ਉਹ ਇਨਸਾਨ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝੇ ਤੇ ਮੰਨੇ, ਉਸ ਨੂੰ ਹਰ ਕਿਸਮ ਦਾ ਡਰ ਤੇ ਮੌਤ ਤੋਂ ਬਾਅਦ ਕਲਪਨਾ ਕੀਤੇ ਨਰਕ ਤੇ ਸਵਰਗ ਵਿਚ ਹੋਣ ਵਾਲੇ ਅਨੇਕਾਂ ਨੁਕਸਾਨਾਂ ਤੇ ਫਾਇਦਿਆ ਬਾਰੇ ਦੱਸਿਆ ਜਾਂਦਾ ਹੈ। ਹੁਣ ਭਾਵੇਂ ਅਜਿਹਾ ਕੁਝ ਹੀ ਥਾਵਾਂ 'ਤੇ ਵਾਪਰਦਾ ਹੈ ਪਰ ਪਹਿਲਾਂ ਇਹ ਗੱਲ ਆਮ ਸੀ ਕਿ ਰੱਬ ਤੇ ਧਰਮ ਦੇ ਮਾਮਲੇ ਵਿਚ ਵੱਖਰੇ ਵਿਚਾਰ ਰੱਖਣ ਵਾਲੇ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈਂਦੇ ਸਨ। ਹੁਣ ਵੀ ਅਕਸਰ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਆਮ ਵਿਅਕਤੀ ਤੱਕ, ਖਾਸ ਕਰ ਬਚਪਨ ਵਿਚ, ਸਿਰਫ ਸਥਾਪਤ ਧਰਮ ਸਬੰਧੀ ਵਿਚਾਰ ਹੀ ਪਹੁੰਚਣ ਤੇ ਉਸ ਤੋਂ ਵੱਖਰੇ ਵਿਚਾਰ ਉਸ ਤੋਂ ਦੂਰ ਹੀ ਰੱਖੇ ਜਾਣ। ਇਸ ਕਿਸਮ ਦੀਆਂ ਕੋਸ਼ਿਸ਼ਾਂ ਹਰ ਪਾਸੇ ਦੇਖਣ ਸੁਣਨ ਨੂੰ ਮਿਲਦੀਆਂ ਹਨ। ਉਦਾਹਰਨ ਵਜੋਂ, ਅਮਰੀਕਾ ਵਰਗੇ ਵਿਕਸਤ ਮੁਲਕ ਵਿਚ ਵੀ ਕੱਟੜ ਇਸਾਈ ਹਮੇਸ਼ਾ ਇਸ ਤਾਕ ਵਿਚ ਰਹਿੰਦੇ ਹਨ ਕਿ ਸਕੂਲਾਂ ਵਿਚ ਬੱਚਿਆਂ ਨੂੰ ਵਿਗਿਆਨ ਬਾਰੇ ਸਹੀ ਸੂਝ ਨਾ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਇਸਾਈ ਮੱਤ ਬਾਰੇ ਹਰ ਹਾਲਤ ਵਿਚ ਪੜ੍ਹਾਇਆ ਜਾਵੇ। ਇਸ ਨਾਲ ਵਾਲ਼ ਸਟਰੀਟ ਦੇ ਲੁਟੇਰਿਆਂ ਲਈ ਲੋਕਾਂ ਨੂੰ ਮੂਰਖ ਬਣਾਈ ਰੱਖਣਾ ਸੌਖਾ ਰਹਿੰਦਾ ਹੈ। ਵੱਖਰੇ ਵੱਖਰੇ ਤਰੀਕੇ ਨਾਲ ਇਸ ਕਿਸਮ ਦਾ ਵਰਤਾਰਾ ਹਰ ਸਮਾਜ ਵਿਚ ਪਾਇਆ ਜਾਂਦਾ ਹੈ ਜਿੱਥੇ ਸਥਾਪਤ ਧਾਰਮਿਕ ਵਿਚਾਰਾਂ ਨੂੰ ਕਾਇਮ ਰੱਖਣ ਲਈ ਪੂਰੀ ਪੂਰੀ ਵਾਹ ਲਾਈ ਜਾਂਦੀ ਹੈ।

ਫੇਰ ਵੀ ਵੱਖਰੇ ਵਿਚਾਰਾਂ ਦਾ ਹਵਾ ਵਿਚ ਹੋਣਾ ਸਥਾਪਤ ਧਰਮਾਂ ਲਈ ਸਦਾ ਡਰ ਪੈਦਾ ਕਰਦਾ ਹੈ ਕਿ ਇਹ ਕਿਤੇ ਲੋਕਾਂ ਦਾ ਦ੍ਰਿਸ਼ਟੀਕੋਣ ਹੀ ਨਾ ਬਦਲ ਦੇਵੇ। ਅਜਿਹਾ ਬਹੁਤ ਥਾਵੀਂ ਹੋ ਵੀ ਰਿਹਾ ਹੈ। ਸੋ ਇਸ ਵੇਲੇ ਧਾਰਮਿਕ ਲੋਕਾਂ ਦਾ ਇਹ ਤੌਖਲਾ ਕੋਈ ਭਰਮ ਨਹੀਂ ਸਗੋਂ ਅਸਲੀ ਹੈ ਅਤੇ ਉਹ ਆਪਣੇ ਡਰ 'ਤੇ ਕਾਬੂ ਪਾਉਣ ਲਈ ਇਸ ਕਿਸਮ ਦੇ ਬਿਆਨ ਦੇਣ ਲਈ ਮਜਬੂਰ ਹੋ ਜਾਂਦੇ ਹਨ ਕਿ ਇਹ ਪੁਸਤਕ (ਨਾਸਤਿਕ ਬਾਣੀ) ਕਿਸੇ ਦਾ ਵੀ ਦ੍ਰਿਸ਼ਟੀਕੋਣ

ਬਦਲਣ ਦੇ ਸਮਰੱਥ ਨਹੀਂ ਹੈ। ਜੇ ਇਹ ਗੱਲ ਸਹੀ ਹੋਵੇ ਅਤੇ ਇਹ ਕਹਿਣ ਵਾਲੇ ਖੁਦ ਇਸ 'ਤੇ ਯਕੀਨ ਕਰਦੇ ਹੋਣ ਤਾਂ ਫੇਰ ਇਸ ਬਾਰੇ ਕਿਸੇ ਨੂੰ ਫਿਕਰ ਕਰਨ ਦੀ ਕਿਉਂ ਲੋੜ ਪਵੇ?

ਕਿਤਾਬ ਦੇ ਉਦੇਸ਼ ਦੇ ਹੀ ਸਬੰਧ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਹ ਕਿਤਾਬ ਲੋਕਾਂ ਦਾ ਵਿਸ਼ਵਾਸ ਨਾਸਤਿਕਤਾ ਵਿਚ ਬਦਲਣ ਦੇ ਇਰਾਦੇ ਨਾਲ ਤਿਆਰ ਕੀਤੀ ਗਈ ਹੈ। ਆਲੋਚਕਾਂ ਦਾ ਇਹ ਅੰਦਾਜ਼ਾ ਕੁਝ ਹੱਦ ਤੱਕ ਸ਼ਾਇਦ ਸਹੀ ਹੋਵੇ। ਸੰਭਵ ਹੈ ਕਿ ਮੇਰੇ ਮਨ ਵਿਚ ਕਿਧਰੇ ਇਹ ਵਿਚਾਰ ਲੁਕਿਆ ਬੈਠਾ ਹੋਵੇ। ਪਰ ਇਹ ਗੱਲ ਦੱਸਣ ਦੀ ਵਿਸ਼ੇਸ਼ ਲੋੜ ਹੈ ਕਿ ਮੈਂ ਕਿਸੇ ਕਿਸਮ ਦੇ ਭੁਲੇਖੇ ਦਾ ਸ਼ਿਕਾਰ ਨਹੀਂ ਕਿ ਲੋਕਾਂ ਦੇ ਸਦੀਆਂ ਤੋਂ ਤੁਰੇ ਆਉਂਦੇ ਵਿਸ਼ਵਾਸਾਂ ਨੂੰ ਇਕ ਪੁਸਤਕ ਰਾਹੀਂ ਬਦਲ ਸਕਦਾ ਹਾਂ ਜਾਂ ਬਦਲਿਆ ਜਾ ਸਕਦਾ ਹੈ। ਚੇਤਨ ਤੌਰ 'ਤੇ ਮੇਰਾ ਮਕਸਦ ਪਾਠਕਾਂ ਨਾਲ ਸਿਰਫ ਇਹ ਜਾਣਕਾਰੀ ਸਾਂਝੀ ਕਰਨ ਤੋਂ ਹੈ ਕਿ ਰੱਬ ਦੀ ਹੋਂਦ ਤੇ ਧਰਮ ਦੀ ਮਨੁੱਖ ਦੇ ਜੀਵਨ ਵਿਚ ਸਾਰਥਿਕਤਾ ਬਾਰੇ ਦੁਨੀਆਂ ਭਰ ਦੇ ਚਿੰਤਕ ਸਦੀਆਂ ਤੋਂ ਵੱਖਰੇ ਵੱਖਰੇ ਵਿਚਾਰ ਰੱਖਦੇ ਰਹੇ ਹਨ। ਲੋੜ ਹੈ ਕਿ ਅਸੀਂ ਉਨ੍ਹਾਂ ਬਾਰੇ ਜਾਣੀਏ। ਅੱਖਾਂ ਬੰਦ ਕਰਕੇ, ਜਾਣਕਾਰੀ ਦੇ ਇਕੋ ਇਕ ਸੋਮੇ, ਜਿਸ ਬਾਰੇ ਸਾਨੂੰ ਬਚਪਨ ਵਿਚ ਸਿਖਾਇਆ ਗਿਆ ਹੈ, ਉੱਪਰ ਟੇਕ ਰੱਖ ਕੇ ਸਭ ਕੁਝ ਜਿਓਂ ਦਾ ਤਿਓਂ ਨਾ ਮੰਨੀ ਜਾਈਏ। ਅਜਿਹਾ ਵਿਸ਼ਵਾਸ ਅੰਧ ਵਿਸ਼ਵਾਸ ਹੁੰਦਾ ਹੈ। ਰੱਬ ਦੀ ਹੋਂਦ ਬਾਰੇ ਤੇ ਧਰਮ ਬਾਰੇ ਜੋ ਕੁਝ ਸਾਨੂੰ ਬਚਪਨ ਵਿਚ ਸਿਖਾਇਆ ਜਾਂਦਾ ਹੈ ਉਸ ਨੂੰ ਖੁਦ ਪੂਰੀ ਤਰ੍ਹਾਂ ਸਮਝ ਕੇ, ਵਿਚਾਰ ਕੇ ਫੇਰ ਉਸ 'ਤੇ ਯਕੀਨ ਕਰੀਏ। ਤੇ ਇਹ ਕਦੇ ਵੀ ਸਾਨੂੰ ਦੱਸੇ ਗਏ ਇਕੋ ਇਕ ਸੋਮੇ ਤੋਂ ਮਿਲਣ ਵਾਲੀ ਜਾਣਕਾਰੀ ਨਾਲ ਸੰਭਵ ਨਹੀਂ ਹੋ ਸਕਦਾ। ਇਸ ਵਾਸਤੇ ਜ਼ਰੂਰੀ ਹੈ ਕਿ ਅਸੀਂ ਵੱਖਰੇ ਵੱਖਰੇ ਸੋਮਿਆਂ ਤੋਂ ਵੱਖਰੇ ਵੱਖਰੇ ਵਿਚਾਰਾਂ ਬਾਰੇ ਜਾਣੀਏ। ਇਸ ਕਿਤਾਬ ਦਾ ਮਕਸਦ ਪੰਜਾਬੀ ਪਾਠਕਾਂ ਨਾਲ ਉਹ ਸੋਮੇ ਸਾਂਝੇ ਕਰਨ ਤੋਂ ਹੈ।

ਮੇਰੀ ਕਿਤਾਬ ਦੇ ਬਹੁਤੇ ਪਾਠਕ ਸਿੱਖ ਧਰਮ ਨਾਲ ਸਬੰਧਤ ਹਨ। ਦੂਜੇ ਧਰਮਾਂ ਦੇ ਮੁਕਾਬਲੇ ਸਿੱਖ ਧਰਮ ਨਵਾਂ ਹੈ ਤੇ ਇਹ ਮੁੱਖ ਤੌਰ 'ਤੇ ਪਹਿਲੇ ਸਥਾਪਤ ਧਰਮਾਂ - ਹਿੰਦੂ ਅਤੇ ਇਸਲਾਮ - ਦੀ ਆਲੋਚਨਾ ਵਿਚੋਂ ਹੋਂਦ ਵਿਚ ਆਇਆ ਹੈ। ਸਦੀਆਂ ਪਹਿਲਾਂ ਸਥਾਪਤ ਹੋਏ ਧਰਮਾਂ ਦੇ ਰੱਬ/ਅੱਲਾ ਤੱਕ ਪਹੁੰਚਣ ਦੇ ਤੌਰ ਤਰੀਕਿਆਂ ਨੂੰ ਰੱਦ ਕਰਕੇ ਨਵੇਂ ਰਾਹ ਦਰਸਾਉਣ ਨੂੰ ਕੁਝ ਲੋਕਾਂ ਵਲੋਂ ਤਰਕਸ਼ੀਲ ਤੇ ਵਿਗਿਆਨਕ ਸਮਝਿਆ ਤੇ ਐਲਾਨਿਆ ਜਾ ਰਿਹਾ ਹੈ। ਇਸ ਸੋਚ ਦੇ ਅਧਾਰ 'ਤੇ ਨਾਸਤਿਕ ਬਾਣੀ ਬਾਰੇ ਇਹ ਇਤਰਾਜ਼ ਵੀ ਸਾਹਮਣੇ ਆਇਆ ਹੈ ਕਿ ਇਸ ਕਿਤਾਬ ਵਿਚ ਸਿੱਖ ਗੁਰੂਆਂ ਨੂੰ ਕਿਉਂ ਨਹੀਂ ਸ਼ਾਮਲ ਕੀਤਾ ਗਿਆ। ਮੇਰੀ ਕਿਤਾਬ ਨਾਸਤਿਕਤਾ ਬਾਰੇ ਹੈ। ਇਸ ਵਿਚ ਸ਼ਾਮਲ ਬਹੁ-ਗਿਣਤੀ ਨਾਸਤਿਕ ਸੋਚ ਦੇ ਧਾਰਨੀਆਂ ਦੀ ਹੈ। ਹਾਂ ਇਹ ਠੀਕ ਹੈ ਕਿ ਇਸ ਵਿਚ ਉਹ ਲੋਕ ਵੀ ਸ਼ਾਮਲ ਹਨ ਜਿਨ੍ਹਾਂ ਦਾ ਰੱਬ ਦੀ ਹੋਂਦ ਵਿਚ ਪੂਰਾ ਵਿਸ਼ਵਾਸ ਹੈ। ਇਸ ਕਿਤਾਬ ਵਾਸਤੇ ਮੈਂ ਉਹ ਵਿਚਾਰ ਚੁਣੇ ਹਨ ਜੋ ਜਾਂ ਤਾਂ ਨਾਸਤਿਕਤਾ ਦੇ ਹੱਕ ਵਿਚ ਸਿੱਧੇ ਤੌਰ 'ਤੇ ਕੁਝ ਕਹਿੰਦੇ ਹਨ ਜਾਂ ਧਰਮ ਦੇ ਉਨ੍ਹਾਂ ਪੱਖਾਂ ਬਾਰੇ ਕੁਝ ਕਹਿੰਦੇ ਹਨ ਜੋ ਅਕਸਰ ਸ਼ਰਧਾਲੂਆਂ ਦੀ ਨਜ਼ਰ ਤੋਂ ਲੁਕੇ ਰਹਿੰਦੇ ਹਨ ਜਾਂ ਲੁਕਾ ਕੇ ਰੱਖੇ ਜਾਂਦੇ ਹਨ। ਗੁਰੂਆਂ ਦੀ ਸਿੱਖਿਆ ਮੁੱਖ ਤੌਰ 'ਤੇ ਪ੍ਰਮਾਤਮਾ ਦੀ ਹੋਂਦ ਵਿਚ ਪੱਕਾ ਯਕੀਨ ਰੱਖਣ ਬਾਰੇ ਹੈ ਅਤੇ ਨਾਲ ਹੀ ਇਹ ਪ੍ਰਮਾਤਮਾ ਤੱਕ ਪਹੁੰਚਣ ਬਾਰੇ ਨਵੀਂ ਸੇਧ ਦਿੰਦੀ ਹੈ। ਜੀਵਨ ਵਿਚ ਜੋ ਚੰਗੇ ਕੰਮ (ਅਸਲ ਵਿਚ ਕਰਮ) ਕਰਨ ਦੀ ਸਿੱਖਿਆ ਗੁਰੂਆਂ ਵਲੋਂ ਦਿੱਤੀ ਗਈ ਹੈ ਉਹ ਨਿਰਸੰਦੇਹ ਚੰਗੀ ਹੈ ਪਰ ਉਸ ਦਾ ਮੁੱਖ ਮਕਸਦ ਇਸ ਧਰਤੀ 'ਤੇ ਆਪਣੇ ਲਈ ਜਾਂ ਦੂਜਿਆਂ ਲਈ ਚੰਗਾ ਆਲਾ ਦੁਆਲਾ ਪੈਦਾ ਕਰਨਾ ਨਹੀਂ ਸਗੋਂ ਪ੍ਰਮਾਤਮਾ ਦੀਆਂ ਨਜ਼ਰਾਂ ਵਿਚ ਚੰਗੇ ਬਣਨਾ ਹੈ। ਸੋ ਅਮਲੀ ਤੌਰ 'ਤੇ ਇਕ ਧਾਰਮਿਕ ਵਿਅਕਤੀ ਵਲੋਂ ਕੀਤੇ ਬਹੁਤੇ ਚੰਗੇ ਕੰਮਾਂ ਦਾ ਆਧਾਰ ਹੀ

ਸੁਆਰਥ ਨਾਲ ਭਰਿਆ ਹੁੰਦਾ ਹੈ। ਨਾਸਤਿਕ ਵਿਚਾਰਧਾਰਾ ਪ੍ਰਮਾਤਮਾ ਦੀ ਹੋਂਦ ਤੋਂ ਮੁਨਕਰ ਹੋਣ ਦੇ ਨਾਲ ਨਾਲ ਸਮਾਜ ਨੂੰ ਹਰ ਕਿਸੇ ਦੇ ਰਹਿਣਯੋਗ ਬਣਾਉਣ ਬਾਰੇ ਹੈ। ਨਾਸਤਿਕ ਧਰਤੀ ਉੱਤਲੇ ਇਸ ਜੀਵਨ ਤੋਂ ਪਹਿਲਾਂ ਜਾਂ ਬਾਅਦ ਵਿਚ ਕਿਸੇ ਕਿਸਮ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਰੱਖਦੇ। ਉਹ ਜੇ ਕੋਈ ਚੰਗਾ ਕੰਮ ਕਰਦੇ ਹਨ ਤਾਂ ਉਹ ਕਿਸੇ ਹੋਰ ਮਕਸਦ ਲਈ ਨਹੀਂ ਕਰਦੇ ਜਿਵੇਂ ਕਿ ਸਵਰਗ ਦੀ ਆਸ ਵਿਚ ਜਾਂ ਚੁਰਾਸੀ ਤੋਂ ਖਹਿੜਾ ਛੁਡਾਉਣ ਲਈ ਤੇ ਜਾਂ ਫੇਰ ਦੂਜੇ ਧਰਮਾਂ ਦੇ ਮੁਕਾਬਲੇ ਆਪਣੇ ਧਰਮ ਨੂੰ ਵਧੀਆ ਦਰਸਾਉਣ ਲਈ।

ਇਸ ਉੱਪਰਲੇ ਇਤਰਾਜ਼ ਵਾਂਗ ਹੀ ਇਹ ਨੁਕਤਾ ਵੀ ਉਠਾਇਆ ਗਿਆ ਹੈ ਕਿ ਕਿਤਾਬ ਵਿਚ ਇਸਾਈ ਮੱਤ ਬਾਰੇ ਹੀ ਟਿੱਪਣੀਆਂ ਕਿਉਂ ਹਨ? ਆਲੋਚਕਾਂ ਦੀ ਇਹ ਗੱਲ ਕਾਫੀ ਹੱਦ ਤੱਕ ਸਹੀ ਹੈ। ਏਥੇ ਸਮੱਸਿਆ ਇਹ ਹੈ ਕਿ ਧਰਮ ਬਾਰੇ ਸਿੱਧੀ ਨੁਕਤਾਚੀਨੀ (ਧਰਮ ਬਾਰੇ ਆਮ ਕਿਸਮ ਦੀ ਨੁਕਤਾਚੀਨੀ ਨਹੀਂ) ਅਜੇ ਸਿਰਫ ਇਸਾਈ ਮੱਤ ਵਿਚ ਹੀ ਸੰਭਵ ਹੋਈ ਹੈ। ਦੂਜਿਆਂ ਧਰਮਾਂ ਨੇ ਅਜੇ ਤੱਕ ਕਿਸੇ ਨੂੰ ਇਸ ਤਰ੍ਹਾਂ ਖੁੱਲ੍ਹ ਕੇ ਬੋਲਣ ਦੀ ਆਜ਼ਾਦੀ ਨਹੀਂ ਦਿੱਤੀ। ਇਸਾਈ ਧਰਮ ਦੇ ਪੈਰੋਕਾਰਾਂ ਨੇ ਵੀ ਲੰਮਾ ਸਮਾਂ - ਅਠਾਰਵੀਂ ਸਦੀ ਦੇ ਅੰਤ ਤੱਕ - ਕਿਸੇ ਨੂੰ ਆਪਣੇ ਵਿਰੁੱਧ ਬੋਲਣ ਨਹੀਂ ਸੀ ਦਿੱਤਾ। ਇਸ ਕਿਸਮ ਦੀ ਜੁਰਅਤ ਕਰਨ ਵਾਲੇ ਨੂੰ ਮੌਤ ਤੱਕ ਦੀ ਸਖਤ ਸਜ਼ਾ ਦਿੱਤੀ ਜਾਂਦੀ ਸੀ। ਜਿੱਥੋਂ ਤੱਕ ਦੂਜੇ ਧਰਮਾਂ ਦਾ ਸਬੰਧ ਹੈ, ਅਸੀਂ ਦੇਖਦੇ ਹਾਂ ਕਿ ਇਰਾਨ ਜਾਂ ਸਾਊਦੀ ਅਰਬ ਵਿਚ ਹੀ ਨਹੀਂ, ਭਾਰਤ, ਬੰਗਲਾਦੇਸ਼ ਤੇ ਪਾਕਿਸਤਾਨ ਵਿਚ ਵੀ ਇਹ ਕੁਝ ਹੁਣ ਹੋ ਰਿਹਾ ਹੈ। ਇਸ ਵੇਲੇ, ਇੱਕੀਵੀਂ ਸਦੀ ਵਿਚ ਵੀ, ਦੁਨੀਆਂ ਦੇ ਤੇਰ੍ਹਾਂ ਅਜਿਹੇ ਮੁਲਕ ਹਨ ਜਿੱਥੇ ਨਾਸਤਿਕ ਵਿਚਾਰ ਰੱਖਣ ਵਾਲੇ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਇਨ੍ਹਾਂ ਦੇਸਾਂ ਵਿਚ ਅਜੋਕੇ ਸਮੇਂ ਮਾਰੇ ਜਾ ਰਹੇ ਨਾਸਤਿਕ ਤੇ ਤਰਕਸ਼ੀਲ ਲੋਕਾਂ ਦਾ ਕਸੂਰ ਸਿਰਫ ਇਹੀ ਹੈ ਕਿ ਉਹ ਸਥਾਪਤ ਧਾਰਮਿਕ ਵਿਚਾਰਾਂ ਤੋਂ ਵੱਖਰੇ ਵਿਚਾਰ ਰੱਖਣ ਲੱਗ ਪਏ ਹਨ।

ਨਾਸਤਿਕ ਵਿਚਾਰਾਂ ਬਾਰੇ ਇਸ ਕਿਸਮ ਦੀ ਆਲੋਚਨਾ ਵੀ ਅਕਸਰ ਸੁਣਨ ਨੂੰ ਮਿਲਦੀ ਹੈ ਕਿ ਇਹ ਲੋਕ ਹਰ ਵੇਲੇ ਵਿਗਿਆਨ ਦੀ ਤਰੱਕੀ ਦੀਆਂ ਬਹੁਤ ਮਾਣ ਨਾਲ ਗੱਲਾਂ ਕਰਦੇ ਹਨ ਪਰ ਇਨ੍ਹਾਂ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਕਿ ਵਿਗਿਆਨ ਕੋਲੋਂ ਅੱਜ ਤੱਕ ਕੋਈ ਇਕ ਵੀ ਨਵਾਂ ਨਿਯਮ ਨਹੀਂ ਤਿਆਰ ਕਰ ਹੋਇਆ। ਵਿਗਿਆਨ ਬਾਰੇ ਮੁੱਢਲੀ ਸਮਝ ਰੱਖਣ ਵਾਲਾ ਵਿਅਕਤੀ ਵੀ ਜਾਣਦਾ ਹੁੰਦਾ ਹੈ ਜਾਂ ਉਹਨੂੰ ਇਹ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਕਿ ਵਿਗਿਆਨ ਨੇ ਕਦੇ ਕੋਈ ਨਵਾਂ ਨਿਯਮ ਬਣਾਉਣ ਦਾ ਦਾਅਵਾ ਨਹੀਂ ਕੀਤਾ ਤੇ ਨਾ ਹੀ ਵਿਗਿਆਨ ਦਾ ਇਸ ਕਿਸਮ ਦਾ ਕੋਈ ਨਿਸ਼ਾਨਾ ਹੈ। ਪਰ ਇਹ ਇਕ ਅਣਝੁਠਲਾਇਆ ਜਾਣ ਵਾਲਾ ਤੱਥ ਹੈ ਕਿ ਹਰ ਖੇਤਰ ਵਿਚ ਹੋਏ ਹੁਣ ਤੱਕ ਦੇ ਸਮੁੱਚੇ ਵਿਕਾਸ ਦਾ ਅਧਾਰ ਵਿਗਿਆਨ ਰਾਹੀਂ ਕੁਦਰਤੀ ਨਿਯਮਾਂ ਬਾਰੇ ਪ੍ਰਾਪਤ ਜਾਣਕਾਰੀ ਹੀ ਹੈ। ਜਦ ਵੀ ਵਿਗਿਆਨ ਰਾਹੀਂ ਕੋਈ ਨਵੀਂ ਖੋਜ ਕੀਤੀ ਜਾਂਦੀ ਹੈ ਤਾਂ ਧਰਮੀਆਂ ਵਲੋਂ ਪਹਿਲਾਂ ਉਸ ਦੀ ਵਿਰੋਧਤਾ ਹੁੰਦੀ ਹੈ ਤੇ ਫੇਰ ਇਕ ਅਜੀਬ ਤਰੀਕੇ ਨਾਲ, ਤਕਰੀਬਨ ਸਾਰੇ ਹੀ ਧਰਮਾਂ ਵਲੋਂ, ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਕੁਝ ਤਾਂ ਸਾਡੀਆਂ ਪਵਿੱਤਰ ਪੁਸਤਕਾਂ ਵਿਚ ਸਦੀਆਂ ਪਹਿਲਾਂ ਲਿਖ ਦਿੱਤਾ ਗਿਆ ਸੀ।

ਧਾਰਮਿਕ ਲੋਕਾਂ ਦਾ ਡਰ ਸਮਝ ਆਉਂਦਾ ਹੈ ਕਿਉਂਕਿ ਵਿਗਿਆਨ ਹੌਲੀ ਹੌਲੀ ਇਨਸਾਨ ਦੀਆਂ ਅੱਖਾਂ ਅੱਗਿਓਂ ਹਨੇਰਾ ਦੂਰ ਕਰ ਰਿਹਾ ਹੈ। ਦੁਨੀਆਂ ਦੇ ਬਹੁਤ ਅਜਿਹੇ ਦੇਸ ਹਨ ਜਿੱਥੇ ਧਰਮ ਦਾ ਅਸਰ ਨਾ ਹੋਣ ਬਰਾਬਰ ਹੈ ਤੇ ਉੱਥੋਂ ਦੇ ਲੋਕ ਧਾਰਮਿਕ ਅਸਰ ਵਾਲੇ ਦੇਸਾਂ ਨਾਲੋਂ ਹਰ ਪੱਖੋਂ ਵਧੀਆ ਜੀਵਨ ਬਤੀਤ ਕਰ ਰਹੇ ਹਨ। ਸੰਸਾਰ ਭਰ ਵਿਚ ਰੱਬ ਦੀ ਹੋਂਦ ਤੋਂ ਨਾਬਰ

ਅਤੇ ਧਾਰਮਿਕ ਵਲਗਣ ਤੋਂ ਆਜ਼ਾਦ ਹੋ ਕੇ ਜੀਣ ਵਾਲਿਆਂ ਦੀ ਗਿਣਤੀ ਵਿਚ ਹਰ ਪੱਲ ਵਾਧਾ ਹੋ ਰਿਹਾ ਹੈ।

ਆਪਣੇ ਡਰ ਕਾਰਨ ਧਾਰਮਿਕ ਵਿਅਕਤੀਆਂ ਵਲੋਂ ਕਈ ਵਾਰ ਨਾਸਤਿਕਤਾ ਬਾਰੇ ਹਰ ਕਿਸਮ ਦੇ ਨਾਂਹ-ਪੱਖੀ ਵਿਚਾਰ ਲਿਖ ਕੇ ਤੇ ਆਪਣੀ ਵਲੋਂ ਨਾਸਤਿਕਤਾ ਦੀ ਬੜੀ ਘਿਨਾਉਣੀ ਤਸਵੀਰ ਪੇਸ਼ ਕਰਕੇ ਨਾਸਤਿਕ ਵਿਅਕਤੀ ਕੋਲੋਂ ਪੁੱਛਿਆ ਜਾਂਦਾ ਹੈ ਕਿ ਕੀ ਤੈਨੂੰ ਨਾਸਤਿਕਤਾ ਦਾ ਇਹ ਘਿਨਾਉਣਾ ਰੂਪ ਪਸੰਦ ਹੈ ਅਤੇ ਇਸ 'ਤੇ ਬਹੁਤ ਮਾਣ ਹੈ? ਇਹ ਤਸਵੀਰ ਘਿਨਾਉਣੀ ਬਣਾਉਣ ਲਈ ਅਕਸਰ ਇਕ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਦੇਖੋ ਨਾਸਤਿਕਾਂ ਵਲੋਂ ਕਿੰਨੇ ਲੋਕ ਮਾਰੇ ਗਏ ਹਨ। ਇਸ ਧਾਰਨਾ, ਕਿ ਨਾਸਤਿਕ ਲੋਕਾਂ ਨੇ ਵੀ ਮਨੁੱਖਤਾ 'ਤੇ ਜ਼ੁਲਮ ਢਾਹੇ ਹਨ, ਦੇ ਜਵਾਬ ਵਿਚ ਏਨਾ ਹੀ ਕਿਹਾ ਜਾ ਸਕਦਾ ਹੈ ਕਿ ਇਸ ਕਿਸਮ ਦਾ ਕੋਈ ਠੋਸ ਸਬੂਤ ਨਹੀਂ ਮਿਲਦਾ ਕਿ ਉਨ੍ਹਾਂ ਨੇ ਇਹ ਕੰਮ ਨਾਸਤਿਕ ਹੋਣ ਕਰਕੇ ਕੀਤਾ ਹੋਵੇ। ਜਿਸ ਤਰ੍ਹਾਂ ਉਦਾਹਰਨ ਵਜੋਂ, ਹਿਟਲਰ, ਜੋ ਕੈਥੋਲਿਕ ਸੀ, ਨੇ ਧਰਮ ਦੇ ਨਾਂ 'ਤੇ ਵੱਡੀ ਗਿਣਤੀ ਯਹੂਦੀਆਂ ਨੂੰ ਮਾਰਿਆ। ਜਾਂ ਜਿਸ ਤਰ੍ਹਾਂ ਹਰ ਆਏ ਦਿਨ ਭਾਰਤ ਵਰਗੇ ਦੇਸ ਵਿਚ ਧਰਮ ਦੇ ਨਾਂ 'ਤੇ ਦੰਗੇ ਕੀਤੇ ਕਰਾਏ ਜਾਂਦੇ ਹਨ। ਜਿਸ ਤਰ੍ਹਾਂ 1947 ਵਿਚ ਪੰਜਾਬ ਦੇ ਧਾਰਮਿਕ ਫਿਰਕੇ ਇਕ ਦੂਜੇ ਦਾ ਸਿਰਫ ਇਸ ਲਈ ਕਤਲ ਕਰ ਰਹੇ ਸਨ ਕਿ ਉਹ ਦੂਜੇ ਧਰਮ ਦੇ ਪੈਰੋਕਾਰ ਸਨ। ਜਾਂ ਜਿਸ ਤਰ੍ਹਾਂ 1984 ਵਿਚ ਇਕ ਧਾਰਮਿਕ ਫਿਰਕੇ ਦੇ ਲੋਕਾਂ ਦੇ ਗਲ਼ਾਂ ਵਿਚ ਟਾਇਰ ਪਾ ਪਾ ਕੇ ਸਾੜਿਆ ਸੀ। ਜਾਂ ਫਿਰ ਬਦਲੇ ਦੀ ਭਾਵਨਾ ਨਾਲ ਪੰਜਾਬ ਵਿਚ ਇਕ ਫਿਰਕੇ ਦੇ ਲੋਕਾਂ ਨੂੰ ਬੱਸਾਂ ਵਿਚੋਂ ਕੱਢ ਕੇ ਚੁਣ ਚੁਣ ਕੇ ਮਾਰਿਆ ਗਿਆ ਤੇ ਦੂਜੇ ਪਾਸੇ ਸਰਕਾਰੀ ਤਾਕਤ ਦੀ ਵਰਤੋਂ ਨਾਲ ਇਕ ਫਿਰਕੇ ਦੇ ਹਜ਼ਾਰਾਂ ਨੌਜਵਾਨਾਂ ਦਾ ਜੀਵਨ ਤਬਾਹ ਕੀਤਾ ਗਿਆ।

ਮੇਰੇ ਲਈ ਨਾਸਤਿਕਤਾ ਦੀ ਤਸਵੀਰ ਬਿਲਕੁਲ ਵੱਖਰੀ ਹੈ। ਨਾਸਤਿਕ ਇਨਸਾਨ ਹਰ ਕਿਸਮ ਦੇ ਡਰਾਂ ਭਰਮਾਂ ਤੋਂ ਆਜ਼ਾਦ ਹੁੰਦਾ ਹੈ। ਨਾ ਉਹ ਕਿਸੇ ਦਿਸਦੀ ਅਣਦਿਸਦੀ ਸ਼ਕਤੀ ਅੱਗੇ ਝੁਕਦਾ ਹੈ ਨਾ ਝੁਕਣ, ਝੁਕਾਉਣ ਦੀ ਵਕਾਲਤ ਕਰਦਾ ਹੈ। ਜਿਸ ਤਰ੍ਹਾਂ ਧਾਰਮਿਕ ਲੋਕਾਂ ਲਈ ਆਪਣੇ ਧਰਮ ਦੀ ਹੱਦ ਤੋਂ ਬਾਹਰ ਆਉਂਦੇ ਇਨਸਾਨ ਹੱਦ ਅੰਦਰਲੇ ਇਨਸਾਨਾਂ ਨਾਲੋਂ ਵੱਖਰੀ ਹੋਂਦ ਰੱਖਦੇ ਹਨ, ਨਾਸਤਿਕ ਲਈ ਕਿਤੇ ਵੀ ਅਜਿਹੀ ਕੋਈ ਹੱਦ ਨਹੀਂ ਹੁੰਦੀ। ਉਹ ਸਮੁੱਚੀ ਮਨੁੱਖਤਾ ਦਾ ਸਤਿਕਾਰ ਕਰਨ ਵਾਲਾ ਵਿਅਕਤੀ ਹੁੰਦਾ ਹੈ। ਜਿਨ੍ਹਾਂ ਲੋਕਾਂ ਨੇ ਆਪਣੇ ਸਮਾਜਾਂ ਨੂੰ ਧਰਮ ਤੋਂ ਵੱਖ ਕਰਕੇ ਸਿਰਜਿਆ ਹੈ ਤੇ ਸਿਰਜ ਰਹੇ ਹਨ ਉਥੋਂ ਦਾ ਜੀਵਨ ਧਾਰਮਿਕ ਲੋਕਾਂ ਵਲੋਂ ਕਲਪਨਾ ਕੀਤੇ ਸਵਰਗਾਂ ਤੋਂ ਵੀ ਬੇਹਤਰ ਹੈ। ਇਸ ਦੀ ਇਕ ਮਿਸਾਲ ਡੈਨਮਾਰਕ ਹੈ ਜਿਸ ਬਾਰੇ ਫਿੱਲ ਜ਼ੁਕਰਮੈਨ ਨੇ ਬਹੁਤ ਕੁਝ ਲਿਖਿਆ ਹੈ। ਫਿੱਲ ਜ਼ੁਕਰਮੈਨ ਦਾ ਅਜਿਹਾ ਇਕ ਲੇਖ ਪੰਜਾਬੀ ਵਿਚ ਪੜ੍ਹਨ ਦੇ ਚਾਹਵਾਨ ਸਿਰਜਣਾ ਦਾ ਅੰਕ ਨੰਬਰ - ਦੇਖ ਸਕਦੇ ਹਨ ਜਾਂ ਇਸ ਥਾਂ ਜਾ ਕੇ ਪੜ੍ਹ ਸਕਦੇ ਹਨ:

http://www.watanpunjabi.ca/july2015/article04.php

ਮੇਰੇ ਲਈ ਨਾਸਤਿਕਤਾ ਦੀ ਤਸਵੀਰ ਜਾਹਨ ਲੈਨਨ ਦੇ ਗੀਤ ਵਰਗੀ ਹੈ; ਭਗਤ ਸਿੰਘ ਦੇ ਸੁਪਨਿਆਂ ਦੇ ਦੇਸ ਵਰਗੀ; ਕਾਰਲ ਸੇਗਨ ਦੀ ਪੁਲਾੜਾਂ ਵਿਚ ਉਡਾਰੀਆਂ ਲਾਉਂਦੀ ਸੋਚ ਵਰਗੀ; ਰੌਬਰਟ ਜੀ ਇੰਗਰਸੋਲ ਦੇ ਵਿਚਾਰਾਂ ਵਰਗੀ ਹੈ। ਮੈਨੂੰ ਆਪਣੇ ਨਾਸਤਿਕ ਹੋਣ 'ਤੇ ਬੇਹੱਦ ਮਾਣ ਹੈ। ਜੇ ਤੁਸੀਂ ਚਾਹੋ ਤਾਂ ਇਸ ਬਾਰੇ ਮੇਰੀ ਕਵਿਤਾ 'ਨਾਸਤਿਕ ਹੋਣ ਬਾਅਦ' ਸਿਰਜਣਾ ਦੇ ਅੰਕ ਨੰਬਰ - ਵਿਚ ਜਾਂ ਇਸ ਥਾਂ ਜਾ ਕੇ ਪੜ੍ਹ ਸਕਦੇ ਹੋ:

http://www.watanpunjabi.ca/july2015/article03.php

ਆਲੋਚਕਾਂ ਤੋਂ ਆਸ ਤਾਂ ਇਹ ਸੀ ਕਿ ਉਹ 'ਨਾਸਤਿਕ ਬਾਣੀ' ਵਿਚ ਦਰਜ ਅਨੇਕਾਂ ਵਿਚਾਰਾਂ ਵਿਚੋਂ ਕਿਸੇ ਦੀ ਕੋਈ ਸਿੱਧੀ ਆਲੋਚਨਾ ਜਾਂ ਚੀਰ ਫਾੜ ਕਰਦੇ ਤੇ ਪਾਠਕਾਂ ਨੂੰ ਦੱਸਦੇ ਕਿ ਉਹ ਵਿਚਾਰ ਕਿਸ ਤਰ੍ਹਾਂ ਗਲਤ ਹੈ। ਉਦਾਹਰਨ ਲਈ, ਮੈਂ ਕਿਤਾਬ ਵਿਚੋਂ ਏਥੇ ਵਿਗਿਆਨ ਤੇ ਧਰਮ ਨਾਲ ਸਬੰਧਤ ਦੋ ਉਕਤੀਆਂ ਸਾਂਝੀਆਂ ਕਰ ਰਿਹਾ ਹਾਂ। ਸਿਆਣੇ ਆਲੋਚਕ ਤੇ ਪਾਠਕ ਵੀ, ਚਿੰਤਕਾਂ ਦੇ ਇਨ੍ਹਾਂ ਕਥਨਾਂ ਬਾਰੇ ਦੱਸ ਸਕਦੇ ਹਨ ਕਿ ਇਹ ਕਿਸ ਤਰ੍ਹਾਂ ਝੂਠ ਹਨ ਤੇ ਗਲਤ ਹਨ। ਇਸ ਤਰ੍ਹਾਂ ਉਹ ਸਾਡੀ ਜਾਣਕਾਰੀ ਤੇ ਸੂਝ ਵਿਚ ਵਾਧਾ ਕਰ ਸਕਦੇ ਹਨ।

ਪਹਿਲੀ ਉਕਤੀ ਬਰਤਾਨਵੀਂ ਚਿੰਤਕ ਬਰਟਰੈਂਡ ਰੱਸਲ ਦੀ ਹੈ:

> "ਚਾਰ ਸੌ ਸਾਲਾਂ ਵਿਚ ਵਿਗਿਆਨ ਦੇ ਵਾਧੇ ਨੇ ਹੌਲੀ ਹੌਲੀ ਮਨੁੱਖਾਂ ਨੂੰ ਦਿਖਾਇਆ ਹੈ ਕਿ ਕੁਦਰਤ ਦੇ ਵਰਤਾਰਿਆਂ ਬਾਰੇ ਕਿਸ ਤਰ੍ਹਾਂ ਗਿਆਨ ਹਾਸਿਲ ਕਰਨਾ ਹੈ ਅਤੇ ਕੁਦਰਤੀ ਸ਼ਕਤੀਆਂ ਉੱਪਰ ਕਿਸ ਤਰ੍ਹਾਂ ਸਰਦਾਰੀ ਕਾਇਮ ਕਰਨੀ ਹੈ, ਇਸ ਸਮੇਂ ਦੌਰਾਨ ਪਾਦਰੀਆਂ ਨੇ ਵਿਗਿਆਨ ਦੇ ਵੱਖਰੇ ਵੱਖਰੇ ਖੇਤਰਾਂ, ਤਾਰਾ-ਵਿਗਿਆਨ ਤੇ ਭੂ-ਵਿਗਿਆਨ ਵਿਚ, ਸਰੀਰ-ਰਚਨਾ-ਵਿਗਿਆਨ (ਅਨਾਟਮੀ) ਤੇ ਸਰੀਰ-ਕ੍ਰਿਆਵਿਗਿਆਨ (ਫਿਜ਼ੀਔਲੋਜੀ) ਵਿਚ, ਜੀਵ-ਵਿਗਿਆਨ ਤੇ ਮਨੋਵਿਗਿਆਨ ਵਿਚ ਅਤੇ ਸਮਾਜਿਕ ਵਿਗਿਆਨ ਵਿਰੁੱਧ ਹਾਰਨ ਵਾਲੀ ਲੜਾਈ ਲੜੀ ਹੈ। ਹਰ ਵਾਰੀ ਇਕ ਥਾਂ ਤੋਂ ਬਾਹਰ ਕੱਢੇ ਜਾਣ 'ਤੇ ਉਨ੍ਹਾਂ ਦੂਜੀ ਥਾਂ ਮੋਰਚਾ ਲਾਇਆ। ਤਾਰਾ-ਵਿਗਿਆਨ ਵਿੱਚੋਂ ਭਾਂਜ ਖਾ ਕੇ ਉਨ੍ਹਾਂ ਭੂ-ਵਿਗਿਆਨ ਨੂੰ ਅੱਗੇ ਵਧਣ ਤੋਂ ਰੋਕਣ ਲਈ ਆਪਣੀ ਪੂਰੀ ਵਾਹ ਲਾਈ; ਉਨ੍ਹਾਂ ਨੇ ਜੀਵ-ਵਿਗਿਆਨ ਵਿਚ ਡਾਰਵਿਨ ਵਿਰੁੱਧ ਲੜਾਈ ਕੀਤੀ ਅਤੇ ਅਜੋਕੇ ਸਮੇਂ ਉਹ ਮਨੋਵਿਗਿਆਨ ਅਤੇ ਵਿਦਿਆ ਸਬੰਧੀ ਵਿਗਿਆਨਕ ਸਿਧਾਂਤਾਂ ਵਿਰੁੱਧ ਲੜਦੇ ਹਨ।"

ਦੂਜੀ ਉਕਤੀ ਅਮਰੀਕਨ ਨਾਵਲਕਾਰ ਜੌਹਨ ਅਪਡਾਈਕ ਦੀ ਹੈ:

> "ਜਦੋਂ ਵੀ ਧਰਮ ਵਿਗਿਆਨ ਨੂੰ ਹੱਥ ਲਾਉਂਦਾ ਹੈ, ਇਸ ਦਾ ਹੱਥ ਸੜਦਾ ਹੈ। ਸੋਲ੍ਹਵੀਂ ਸਦੀ ਵਿਚ ਤਾਰਾ ਵਿਗਿਆਨ, ਸਤਾਰਵੀਂ ਸਦੀ ਵਿਚ ਮਾਈਕਰੋਬਾਇਆਲੋਜੀ, ਅਠਾਰਵੀਂ ਸਦੀ ਵਿਚ ਭੂ-ਵਿਗਿਆਨ ਤੇ ਪਥਰਾਟ-ਵਿਗਿਆਨ (ਪੇਲਿਨਟੌਲੋਜੀ), ਉਨੀਵੀਂ ਸਦੀ ਵਿਚ ਡਾਰਵਿਨ ਦੇ ਜੀਵ-ਵਿਗਿਆਨ, ਸਭ ਨੇ ਮਿਲ ਕੇ ਬੇਢੰਗੇਪਨ ਨਾਲ ਦੁਨੀਆ ਦੇ ਚੌਖਟੇ ਨੂੰ ਏਨਾ ਵੱਡਾ ਕਰ ਦਿੱਤਾ ਹੈ ਕਿ ਧਾਰਮਿਕ ਲੋਕਾਂ ਨੂੰ ਸਿਰ ਛੁਪਾਉਣ ਦੀ ਭਾਜੜ ਪਈ ਹੋਈ ਹੈ। ਹੁਣ ਇਹ ਸਾਈਕੀ ਦੀਆਂ ਛੋਟੀਆਂ ਛੋਟੀਆਂ ਹਨੇਰੀਆਂ ਨੁਕਰਾਂ ਵਿਚ, ਛੋਟੀਆਂ ਛੋਟੀਆਂ ਉਦਾਸ ਗੁਫਾਵਾਂ ਵਿਚ ਛੁਪਦਾ ਫਿਰਦਾ ਹੈ। ਉੱਥੇ ਵੀ ਹੁਣ ਤੰਤੂ-ਵਿਗਿਆਨ (ਨੂਰੌਲੋਜੀ) ਨੇ ਇਸ ਦਾ ਜੀਣਾ ਹਰਾਮ ਕਰ ਦਿੱਤਾ ਹੈ। ਦਿਮਾਗ ਦੀਆਂ ਤਹਿਆਂ ਵਿੱਚੋਂ ਇਸ ਨੂੰ ਬੇਰਹਿਮੀ ਨਾਲ ਬਾਹਰ ਕੱਢਿਆ ਜਾ ਰਿਹਾ ਹੈ, ਜਿਸ ਤਰ੍ਹਾਂ ਲੱਕੜੀ ਦੇ ਕੀੜਿਆਂ ਨੂੰ ਲੱਕੜੀ ਦੇ ਢੇਰ ਥੱਲਿਓਂ ਕੱਢਿਆ ਜਾਂਦਾ ਹੈ।"

# ਵਿਗਿਆਨਕ ਅਤੇ ਤਰਕਸ਼ੀਲ ਚਿੰਤਨ ਦਾ ਸੰਗ੍ਰਿਹ
# – ਨਾਸਤਿਕ ਬਾਣੀ

## ਰਾਜਪਾਲ ਸਿੰਘ

(ਨਵਾਂ ਜ਼ਮਾਨਾ, ਅਗਸਤ 12, 2012)

"ਧਰਮ ਟਟਹਿਣਿਆਂ ਵਾਂਗ ਹਨ। ਉਨ੍ਹਾਂ ਨੂੰ ਚਮਕਣ ਲਈ ਹਨੇਰੇ ਦੀ ਲੋੜ ਹੈ।" – ਆਰਥਰ ਸ਼ੋਪਨਹਾਊਰ

"ਜਦੋਂ ਬੰਦਾ ਧਰਮ ਤੋਂ ਆਜ਼ਾਦ ਹੋ ਜਾਂਦਾ ਹੈ ਤਾਂ ਉਸ ਦੇ ਇਕ ਸਾਵੀ ਪੱਧਰੀ ਤੇ ਭਰਪੂਰ ਜ਼ਿੰਦਗੀ ਮਾਨਣ ਦੇ ਮੌਕੇ ਵਧ ਜਾਂਦੇ ਹਨ।" – ਸਿਗਮੰਡ ਫਰਾਇਡ।

"ਦੁਨੀਆਂ ਵਿਚ ਦੋ ਤਰ੍ਹਾਂ ਦੇ ਲੋਕ ਹਨ : ਧਰਮ ਬਿਨਾਂ ਸੂਝਵਾਨ ਲੋਕ, ਅਤੇ ਸੂਝ ਬਿਨਾਂ ਧਾਰਮਿਕ ਲੋਕ।" ਅਬੁਲ-ਅੱਲਾ-ਅਲ-ਮਾਇਰੀ।

ਕਿਤਾਬ ਖੋਲ੍ਹਣ ਤੋਂ ਪਹਿਲਾਂ ਹੀ ਕਿਤਾਬ ਦੇ ਟਾਈਟਲ ਉੱਤੇ ਛਪੇ ਇਹ ਸ਼ਬਦ ਤੁਹਾਡੇ ਦਿਮਾਗ ਦੇ ਦਰਵਾਜ਼ੇ ਖੋਲ੍ਹ ਦਿੰਦੇ ਹਨ। ਜਿਉਂ-ਜਿਉਂ ਕਿਤਾਬ ਵਿੱਚੋਂ ਅੱਗੇ ਕੋਈ ਪੰਨਾ ਖੁੱਲ੍ਹਦਾ ਹੈ ਤਾਂ ਹਰ ਜਗ੍ਹਾ ਤੋਂ ਕੋਈ ਨਾ ਕੋਈ ਅਜਿਹਾ ਵਾਕ ਮਿਲਦਾ ਹੈ ਜਿਸ ਨੂੰ ਪੜ੍ਹ ਕੇ ਦਿਮਾਗ ਵਿਚ ਹਲਚਲ ਜਿਹੀ ਮਚ ਜਾਂਦੀ ਹੈ, ਸੋਚਾਂ ਵਿਚ ਦੀਵੇ ਜਗਣ ਲੱਗ ਪੈਂਦੇ ਹਨ। ਬੌਧਿਕ ਹੁਲਾਸ ਦਾ ਅਨੁਭਵ ਹੁੰਦਾ ਹੈ। ਇਹ ਕਿਤਾਬ ਆਸਤਿਕਤਾ ਅਤੇ ਧਾਰਮਿਕ ਸੋਚ ਦੇ ਫੁੱਲੇ ਹੋਏ ਗੁਬਾਰੇ ਵਿੱਚ ਸੂਈ ਵਾਂਗ ਚੁੱਭ ਜਾਂਦੀ ਹੈ ਅਤੇ ਉਸ ਦੀ ਸਾਰੀ ਦੀ ਸਾਰੀ ਫੂਕ ਕੱਢ ਦਿੰਦੀ ਹੈ।

ਇਹ ਪੁਸਤਕ ਪੜ੍ਹ ਕੇ ਤੁਹਾਨੂੰ ਅਹਿਸਾਸ ਹੁੰਦਾ ਹੈ ਕਿ ਸੰਸਾਰ ਦੇ ਰੌਸ਼ਨ ਦਿਮਾਗ ਲੋਕ ਤਾਂ ਰੱਬ ਅਤੇ ਧਰਮ ਆਦਿ ਬਾਰੇ ਬਹੁਤ ਠੀਕ ਤਰ੍ਹਾਂ ਹੀ ਸੋਚਦੇ ਹਨ ਪਰ ਉਨ੍ਹਾਂ ਦੇ ਵਿਚਾਰ ਅਧਿਆਤਮਵਾਦੀ ਸਾਹਿਤ ਦੇ ਬਹੁਤ ਵੱਡੇ ਅੰਬਾਰ ਹੇਠ ਦੱਬੇ ਰਹਿ ਜਾਂਦੇ ਹਨ। ਇਸ ਦੀ ਪੁਸ਼ਟੀ ਲਈ ਪੁਸਤਕ ਵਿਚੋਂ ਵੱਖ-ਵੱਖ ਦੇਸ਼ਾਂ ਦੇ ਸੂਝਵਾਨ ਲੋਕਾਂ ਦੇ ਵਿਚਾਰ ਪੜ੍ਹੇ ਜਾ ਸਕਦੇ ਹਨ ਜਿਵੇਂ ਮਹਾਨ ਅੰਗਰੇਜ਼ ਦਾਰਸ਼ਨਿਕ ਬਰਟਰੰਡ ਰਸਲ ਕਹਿੰਦਾ ਹੈ – "ਧਰਮ ਸਾਡੀ ਸੂਝ ਦੇ ਬਚਪਨੇ ਦੀ ਰਹਿੰਦ-ਖੂੰਹਦ ਹੈ, ਜਿਵੇਂ-ਜਿਵੇਂ ਅਸੀਂ ਤਰਕ ਅਤੇ ਵਿਗਿਆਨ ਨੂੰ ਸੇਧ ਲਈ ਅਪਣਾਵਾਂਗੇ, ਇਹ ਘਟਦਾ ਜਾਵੇਗਾ।" ਦੱਖਣੀ ਅਮਰੀਕਾ ਦੇ ਦੇਸ਼ ਟ੍ਰਿਨੀਦਾਦ ਅਤੇ ਟੈਬੇਗੋ ਦੇ ਪਹਿਲੇ ਪ੍ਰਧਾਨ ਮੰਤਰੀ ਐਰਿਕ ਵਿਲਿਅਮਜ਼ ਅਨੁਸਾਰ, "ਧਰਮ ਇਨਸਾਨਾਂ ਦੀ ਉਸੇ ਤਰ੍ਹਾਂ ਸੇਵਾ ਕਰਦਾ ਹੈ ਜਿੱਦਾਂ ਘੋੜੇ ਦੇ ਲੱਗੇ ਖੋਪੇ ਕਰਦੇ ਹਨ।" ਜਰਮਨ ਕਵੀ ਹਾਈਨਰਿਕ ਹਾਈਨ ਧਰਮ ਦੀ

ਤੁਲਨਾ ਅੰਨ੍ਹੇ ਬੰਦੇ ਨਾਲ ਕਰਦਾ ਹੋਇਆ ਲਿਖਦਾ ਹੈ, "ਮੱਧ ਯੁੱਗ ਸਮੇਂ ਧਰਮ ਲੋਕਾਂ ਨੂੰ ਰਸਤਾ ਦਿਖਾ ਸਕਦਾ ਸੀ, ਜਿਵੇਂ ਘੁੱਪ ਹਨੇਰੀ ਰਾਤ ਵਿਚ ਇਕ ਅੰਨ੍ਹਾ ਬੰਦਾ ਚੰਗਾ ਪੱਥਪ੍ਰਦਰਸ਼ਕ ਹੋ ਸਕਦਾ ਹੈ; ਉਹਨੂੰ ਰਾਹਾਂ ਅਤੇ ਥਾਵਾਂ ਦਾ ਸੁਜਾਖੇ ਨਾਲੋਂ ਜ਼ਿਆਦਾ ਪਤਾ ਹੁੰਦਾ ਹੈ ਪਰ ਜਦੋਂ ਦਿਨ ਚੜ੍ਹ ਜਾਵੇ ਫੇਰ ਅੰਨਿਆਂ ਤੋਂ ਰਸਤਾ ਪੁੱਛਣਾ ਮੂਰਖਤਾ ਹੈ।" ਮਸ਼ਹੂਰ ਅਮਰੀਕਨ ਤਾਰਾ ਵਿਗਿਆਨੀ ਕਾਰਲ ਸੇਗਨ ਨਾਸਤਿਕਤਾ ਬਾਰੇ ਸਪੱਸ਼ਟ ਕਰਦਾ ਹੈ ਕਿ "ਨਾਸਤਿਕਤਾ ਸਿਰਫ ਏਨੇ ਗਿਆਨ ਨਾਲੋਂ ਵਾਧੂ ਹੈ ਕਿ ਰੱਬ ਨਹੀਂ ਹੈ ਅਤੇ ਧਰਮ ਤਾਂ ਗਲਤੀ ਹੈ ਜਾਂ ਧੋਖਾ। ਨਾਸਤਿਕਤਾ ਤਾਂ ਇਕ ਨਜ਼ਰੀਆ ਹੈ, ਤਕਾਜ਼ਾ ਹੈ ਦੁਨੀਆਂ ਨੂੰ ਨਿਰਪੱਖ ਹੋ ਕੇ ਨਿਡਰਤਾ ਨਾਲ ਦੇਖਣ ਦਾ, ਸਾਰੀਆਂ ਚੀਜ਼ਾਂ ਨੂੰ ਕੁਦਰਤ ਦੇ ਹਿੱਸੇ ਵਜੋਂ ਸਮਝਣ ਦੀ ਕੋਸ਼ਿਸ਼।"

ਅਜਿਹੀ ਪੁਸਤਕ ਦੀ ਤਰਕਸ਼ੀਲ ਲਹਿਰ ਨੂੰ ਬਹੁਤ ਲੋੜ ਸੀ। ਤਰਕਸ਼ੀਲ ਵਿਚਾਰਾਂ ਦੇ ਸਮਰਥਕ ਬਹੁਤ ਸਾਰੇ ਵਿਅਕਤੀ ਵਹਿਮਾਂ-ਭਰਮਾਂ-ਪਖੰਡਾਂ ਨੂੰ ਤਾਂ ਸ਼ਿੱਦਤ ਨਾਲ ਰੱਦ ਕਰਦੇ ਹਨ ਪਰ ਤਰਕਸ਼ੀਲਤਾ ਦੇ ਮੰਤਕੀ ਸਿੱਟੇ ਯਾਨੀ ਨਾਸਤਿਕਤਾ 'ਤੇ ਪਹੁੰਚਣ ਤੋਂ ਉਰੇ ਹੀ ਖੜ੍ਹ ਜਾਂਦੇ ਹਨ। ਇਹ ਕਿਤਾਬ ਇਸ ਖੜੋਤ ਨੂੰ ਤੋੜਦੀ ਹੈ।

ਇਹ ਉਹ ਪੁਸਤਕ ਹੈ ਜਿਸ ਦੇ ਹਰ ਸ਼ਬਦ, ਹਰ ਵਾਕ ਵਿੱਚ ਡੂੰਘੇ ਅਰਥ ਛਿਪੇ ਹੋਏ ਹਨ। ਕਈ ਵਾਰ ਕੁਟੇਸ਼ਨਾਂ ਸਿਰਫ ਸ਼ਬਦਾਂ ਦੀ ਖੇਡ ਹੀ ਹੁੰਦੀਆਂ ਹਨ, ਪਰ ਇੱਥੇ ਇਉਂ ਨਹੀਂ ਹੈ। ਹਰ ਕੁਟੇਸ਼ਨ ਦੇ ਪਿੱਛੇ ਇਕ ਪੂਰਾ ਸੂਰਾ ਇਤਿਹਾਸ ਹੈ। ਜਿਵੇਂ ਇਕ ਕੁਟੇਸ਼ਨ ਹੈ, "ਉਨ੍ਹਾਂ ਸਾਰਿਆਂ ਨੂੰ ਮਾਰ ਦੇਵੋ। ਪਰਮਾਤਮਾ ਆਪਣੇ ਬੰਦਿਆਂ ਨੂੰ ਆਪੇ ਹੀ ਪਛਾਣ ਲਵੇਗਾ।" ਇਸ ਇਕੱਲੀ ਕੁਟੇਸ਼ਨ ਨੂੰ ਪੜ੍ਹਨ ਨਾਲ ਕੋਈ ਖਾਸ ਅਰਥ ਨਹੀਂ ਨਿਕਲਦਾ ਪਰ ਜਦ ਇਨ੍ਹਾਂ ਸ਼ਬਦਾਂ ਦੇ ਇਤਿਹਾਸ ਨੂੰ ਫਰੋਲਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਇਹ ਸ਼ਬਦ ਇਸਾਈ ਜਿਹਾਦੀਆਂ ਦੇ ਬਹੁਤ ਕਰੂਪ ਰੂਪ ਨੂੰ ਦਰਸਾਉਂਦੇ ਹਨ। ਇਤਿਹਾਸਕ ਤੌਰ 'ਤੇ ਬਾਹਰਵੀਂ ਤੇਹਰਵੀਂ ਸਦੀ ਦੇ ਯੌਰਪ ਵਿਚ ਈਸਾਈਆਂ ਵਿਚੋਂ ਨਿਕਲ ਕੇ ਵੱਖ ਵੱਖ ਫਿਕਰੇ ਬਣ ਰਹੇ ਸਨ। ਜਿਵੇਂ ਹੁਣ ਸਿੱਖਾਂ ਵਿਚੋਂ ਸੱਚਾ ਸੌਦਾ, ਰਾਧਾ ਸਵਾਮੀ, ਨਿਰੰਕਾਰੀ ਆਦਿ ਫਿਰਕੇ ਬਣੇ ਹਨ। ਈਸਾਈਆਂ ਦੇ ਧਰਮ ਗੁਰੂ ਪੋਪ ਇਨੋਸੈਂਟ ਤੀਜੇ ਤੋਂ ਇਹ ਬਰਦਾਸ਼ਤ ਨਹੀਂ ਹੋ ਰਿਹਾ ਸੀ। ਸੋ ਉਸ ਨੇ ਆਪਣੀਆਂ ਧਾਰਮਿਕ ਫੌਜਾਂ ਨੂੰ ਹੁਕਮ ਦਿੱਤਾ ਕਿ ਇਸ ਤਰ੍ਹਾਂ ਦੇ ਸਾਰੇ ਲੋਕਾਂ ਖਿਲਾਫ ਜਹਾਦ ਛੇੜਿਆ ਜਾਵੇ। ਇਨ੍ਹਾਂ ਧਾਰਮਿਕ ਫੌਜਾਂ ਨੇ ਫਰਾਂਸ ਦੇ ਸ਼ਹਿਰ ਬੇਜ਼ੀਅਰ ਵਿਚ ਵੱਡਾ ਕਤਲੇਆਮ ਕੀਤਾ ਕਿਉਂਕਿ ਉਥੇ ਕੈਥੋਲਿਕ ਇਸਾਈਆਂ ਵਿੱਚੋਂ ਨਿਕਲੇ ਫਿਰਕੇ 'ਕਥਾਰ' ਦਾ ਬਹੁਤ ਬੋਲਬਾਲਾ ਸੀ। ਸ਼ਹਿਰ ਉੱਤੇ ਕਬਜ਼ਾ ਕਰਨ ਬਾਅਦ ਇਸਾਈ ਧਾਰਮਿਕ ਫੌਜਾਂ ਦੇ ਜਰਨੈਲ ਸਾਈਮਨ ਡੇ ਮੌਂਟਫੋਰਟ ਨੇ ਆਮ ਲੋਕਾਂ ਬਾਰੇ ਪੁੱਛਿਆ ਕਿ ਇਨ੍ਹਾਂ ਦਾ ਕੀ ਕੀਤਾ ਜਾਵੇ ਕਿਉਂਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਇਹ ਕਹਿ ਰਹੇ ਹਨ ਕਿ ਉਹ ਤਾਂ ਬੜੇ ਧਰਮੀ ਇਸਾਈ ਹਨ। ਤਦ ਪੋਪ ਦੇ ਨੁਮਾਇੰਦੇ ਅਰਨਾਲਡ ਅਮਾਲਹਿਕ ਨੇ ਕਿਹਾ, "ਉਨ੍ਹਾਂ ਸਾਰਿਆਂ ਨੂੰ ਮਾਰ ਦਿਓ, ਪ੍ਰਮਾਤਮਾ ਆਪਣਿਆਂ ਨੂੰ ਆਪੇ ਪਛਾਣ ਲਵੇਗਾ।" (ਭਾਵ ਜਿਹੜੇ ਸਹੀ ਇਸਾਈ ਹੋਣਗੇ ਉਨ੍ਹਾਂ ਨੂੰ ਸਵਰਗ ਵਿਚ ਘੱਲ ਦੇਵੇਗਾ।) ਇਸੇ ਤਰ੍ਹਾਂ ਹੀ ਕੀਤਾ ਗਿਆ ਅਤੇ ਜੁਲਾਈ 1209 ਵਿਚ ਇਸ ਕਸਬੇ ਦਾ

ਹਰ ਆਦਮੀ, ਔਰਤ ਅਤੇ ਬੱਚਾ, ਜਿਨ੍ਹਾਂ ਦੀ ਗਿਣਤੀ 20,000 ਦੇ ਲੱਗਭੱਗ ਸੀ, ਕਤਲ ਕਰ ਦਿੱਤਾ ਗਿਆ। (ਮੱਧਯੁੱਗ ਦੇ ਧਾਰਮਿਕ ਵਹਿਸ਼ੀਪੁਣੇ ਨੂੰ ਅੱਜ ਦਾ ਸਾਮਰਾਜ ਕਿਵੇਂ ਲਾਗੂ ਕਰਦਾ ਹੈ, ਇਸ ਦਾ ਜ਼ਿਕਰ ਕਰਨਾ ਵੀ ਕੁਥਾਵੇਂ ਨਹੀਂ ਹੋਵੇਗਾ। ਵੀਅਤਨਾਮ ਯੁੱਧ ਵਿਚ ਅਮਰੀਕਨ ਜਰਨੈਲਾਂ ਵੱਲੋਂ ਵੀਅਤਨਾਮੀ ਲੋਕਾਂ ਦੇ ਕਤਲੇਆਮ ਉਤਸਾਹਿਤ ਕਰਨ ਲਈ ਫੌਜੀਆਂ ਵਿੱਚ ਉਕਤ ਕੁਟੇਸ਼ਨ ਬਹੁਤ ਪ੍ਰਚਾਰੀ ਗਈ ਅਤੇ ਹੁਣ ਇਰਾਕ ਅਤੇ ਅਫਗਾਨਿਸਤਾਨ ਯੁੱਧ ਵਿਚ ਵੀ ਅਮਰੀਕਨ ਸਾਮਰਾਜੀਆਂ ਵੱਲੋਂ ਇਸ ਕੁਟੇਸ਼ਨ ਨੂੰ ਇਸ ਤਰ੍ਹਾਂ ਬਦਲ ਕੇ ਪ੍ਰਚਾਰਿਆ ਗਿਆ, "ਸਾਰਿਆਂ ਨੂੰ ਮਾਰ ਦਿਓ, ਅੱਲਾ ਆਪਣੇ ਬੰਦੇ ਆਪੇ ਪਛਾਣ ਲਵੇਗਾ" ਇਸ ਤਰ੍ਹਾਂ ਸਾਮਰਾਜੀ ਮੰਤਵਾਂ ਲਈ ਹੁਣ ਵੀ ਧਾਰਮਿਕ ਜਨੂੰਨ ਭਰਿਆ ਜਾ ਰਿਹਾ ਹੈ।

ਇਸੇ ਤਰ੍ਹਾਂ ਕੁਝ ਹੋਰ ਧਾਰਮਿਕ ਲੋਕਾਂ ਦੇ ਵਿਚਾਰ ਵੀ ਦਿੱਤੇ ਗਏ ਹਨ ਤਾਂ ਜੋ ਵਿਗਿਆਨਕ ਸੋਚ ਵਾਲੇ ਲੋਕਾਂ ਦੇ ਮੁਕਾਬਲੇ ਉਨ੍ਹਾਂ ਦੀ ਮਨੁੱਖਤਾ ਵਿਰੋਧੀ ਸੋਚ ਦੀ ਇਕ ਝਲਕ ਦੇਖੀ ਜਾ ਸਕੇ। ਜਿਵੇਂ ਪੋਪ ਪਾਇਅਸ ਗਿਆਰ੍ਹਵਾਂ ਇਟਲੀ ਦੇ ਜ਼ਾਲਮ ਡਿਕਟੇਟਰ ਮੁਸੋਲਿਨੀ ਬਾਰੇ ਕਹਿੰਦਾ ਹੈ - "ਮੁਸੋਲਿਨੀ ਬਹੁਤ ਹੀ ਵਧੀਆ ਬੰਦਾ ਹੈ। ਤੁਸੀਂ ਮੇਰੀ ਗੱਲ ਧਿਆਨ ਨਾਲ ਸੁਣਦੇ ਸਮਝਦੇ ਹੋ? ਉਹ ਬਹੁਤ ਹੀ ਵਧੀਆ ਬੰਦਾ ਹੈ।" ਇਵੇਂ ਮਦਰ ਟੈਰਿਸਾ ਕਹਿੰਦੀ ਹੈ, "ਗਰੀਬਾਂ ਵਲੋਂ ਆਪਣੀ ਸਥਿਤੀ ਨੂੰ ਮੰਨ ਲੈਣਾ ਕਿੰਨੀ ਸੁੰਦਰ ਗੱਲ ਹੈ। ਗਰੀਬਾਂ ਦੇ ਨਰਕ ਭੋਗਣ ਨਾਲ ਸਾਰੀ ਦੁਨੀਆਂ ਨੂੰ ਸੁੱਖ ਮਿਲਦਾ ਹੈ।"

ਇਸ ਪੁਸਤਕ ਵਿਚ 500 ਦੇ ਲੱਗਭੱਗ ਵਿਦਵਾਨਾਂ, ਚਿੰਤਕਾਂ, ਵਿਗਿਆਨੀਆਂ, ਸਿਆਸਤਦਾਨਾਂ ਅਤੇ ਹੋਰ ਮਹਾਨ ਵਿਅਕਤੀਆਂ ਦੇ ਰੱਬ ਧਰਮ ਅਤੇ ਹੋਰ ਸਬੰਧੰਤ ਮਸਲਿਆਂ ਬਾਰੇ ਵਿਚਾਰ ਇਕੱਤਰ ਕੀਤੇ ਗਏ ਹਨ। ਇਹ ਵਿਚਾਰ ਇਤਿਹਾਸਕ ਕਾਲਕ੍ਰਮ ਵਿਚ ਹਨ, ਯਾਨੀ ਢਾਈ ਹਜ਼ਾਰ ਸਾਲ ਪਹਿਲਾਂ ਹੋਏ ਚਾਰਵਾਕ, ਮਹਾਤਮਾ ਬੁੱਧ ਅਤੇ ਯੂਨਾਨੀ ਦਾਰਸ਼ਨਿਕਾਂ ਤੋਂ ਸ਼ੁਰੂ ਕਰਕੇ ਹੁਣ ਤੱਕ ਦੇ ਚਿੰਤਕਾਂ ਦੇ ਵਿਚਾਰ ਦਿੱਤੇ ਗਏ ਹਨ।

ਪੁਸਤਕ ਦਾ ਕਰਤਾ ਸਾਧੂ ਬਿਨਿੰਗ 1967 ਤੋਂ ਕੈਨੇਡਾ ਵਿਚ ਰਹਿ ਰਿਹਾ ਅਗਾਂਹਵਧੂ ਪੰਜਾਬੀ ਬੁੱਧੀਜੀਵੀ ਲੇਖਕ/ਚਿੰਤਕ ਹੈ, ਜਿਸ ਨੇ ਪਹਿਲਾਂ ਵੀ ਵਾਰਤਕ, ਖੋਜ, ਅਨੁਵਾਦ, ਕਵਿਤਾ ਅਤੇ ਨਾਟਕ ਦੇ ਖੇਤਰ ਵਿਚ ਸ਼ਾਨਦਾਰ ਯੋਗਦਾਨ ਪਾਇਆ ਹੈ। ਜਿੱਥੇ ਉਨ੍ਹਾਂ ਇਸ ਪੁਸਤਕ ਲਈ ਐਨੀ ਖੋਜ, ਚੋਣ, ਅਨੁਵਾਦ ਅਤੇ ਸੰਗ੍ਰਿਹ ਕਰਨ ਦਾ ਵੱਡਮੁੱਲਾ ਕਾਰਜ ਕੀਤਾ ਹੈ, ਉੱਥੇ ਉਨ੍ਹਾਂ ਵਲੋਂ ਇਸ ਪੁਸਤਕ ਦੀ ਭੂਮਿਕਾ ਵਜੋਂ ਲਿਖਿਆ ਗਿਆ ਆਰਟੀਕਲ 'ਪੰਜਾਬੀ ਭਾਈਚਾਰਾ ਅਤੇ ਧਰਮ' ਵੀ ਬਹੁਤ ਮਹੱਤਵਪੂਰਨ ਨੁਕਤੇ ਉਠਾਉਂਦਾ ਹੈ। ਇਸ ਲੇਖ ਵਿਚ ਪੰਜਾਬੀਆਂ ਦੀ ਸੋਚ ਉੱਤੇ ਧਾਰਮਿਕ ਜਕੜਬੰਦੀ ਦਾ ਵਰਨਣ ਅਤੇ ਵਿਸ਼ਲੇਸ਼ਣ ਬਹੁਤ ਸੰਤੁਲਿਤ ਢੰਗ ਨਾਲ ਕੀਤਾ ਗਿਆ ਹੈ। ਲੇਖਕ ਦੀ ਇਹ ਗੱਲ ਦਰੁਸਤ ਹੈ ਕਿ "ਇਸ ਵੇਲੇ ਭਾਰਤ ਵਿਚ ਤੇ ਖਾਸ ਕਰ ਪੰਜਾਬ ਵਿਚ ਧਰਮ ਤੇ ਸਿਆਸਤ ਵਿਚ ਵਿੱਥ ਭਾਲਣੀ ਮੁਸ਼ਕਿਲ ਹੈ। ਧਰਮ ਏਨੇ

www.PunjabiLibrary.com

ਸ਼ਕਤੀਸ਼ਾਲੀ ਹਨ ਕਿ ਇਸ ਬਾਰੇ ਅਲੋਚਨਾਤਮਿਕ ਨਜ਼ਰੀਆ ਰੱਖਣਾ ਖਤਰਾ ਸਹੇੜਨ ਵਾਲੀ ਗੱਲ ਹੈ। ਨਤੀਜੇ ਵਜੋਂ, ਸਿਆਸਤ ਨੂੰ ਧਰਮ ਤੋਂ ਵੱਖ ਕਰਕੇ ਵੇਖਣ ਦੀ ਯੋਗਤਾ ਅਤੇ ਖਾਹਿਸ਼ ਪੰਜਾਬੀਆਂ ਵਿਚੋਂ ਗਾਇਬ ਹੋ ਗਈ ਲਗਦੀ ਹੈ। ਧਰਮ ਬਾਰੇ ਬਹੁਤੀ ਚਰਚਾ ਇਸ ਨੁਕਤੇ ਤੋਂ ਹੀ ਕੀਤੀ ਜਾਂਦੀ ਹੈ ਕਿ ਇਸ ਨੂੰ ਕਿਸ ਤਰ੍ਹਾਂ ਬਿਹਤਰ ਬਣਾਇਆ ਜਾਵੇ ਨਾ ਕਿ ਵਿਗਿਆਨਕ ਨਜ਼ਰੀਏ ਨਾਲ ਇਸ ਦੀ ਸਾਰਥਿਕਤਾ 'ਤੇ ਕਿੰਤੂ ਕੀਤਾ ਜਾਵੇ ਜਾਂ ਇਸ ਦੇ ਅਸਰ ਨੂੰ ਘਟਾਇਆ ਜਾਵੇ।" ਅਤੇ "ਜਿੱਥੇ ਪੰਜਾਬੀ ਭਾਈਚਾਰਾ ਬਹੁਤ ਸਾਰੇ ਪਹਿਲੂਆਂ ਵਿਚ ਦੁਨੀਆਂ ਦੇ ਬਾਕੀ ਭਾਈਚਾਰਿਆਂ ਦੇ ਬਰਾਬਰ ਖੜ੍ਹਦਾ ਹੈ, ਉੱਥੇ ਬੌਧਿਕ ਪੱਖੋਂ ਇਸ ਦੀ ਗਰੀਬੀ ਸ਼ਰੇਆਮ ਨਜ਼ਰ ਆਉਂਦੀ ਹੈ, ਜਿਸ ਦਾ ਮੁੱਖ ਕਾਰਨ ਧਰਮ ਵੱਲ ਬੇਲੋੜਾ ਧਿਆਨ ਜਾਪਦਾ ਹੈ। ਧਰਮ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਇਸ ਕਿਸਮ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਮਸਲਾ ਸਮਾਜ ਵਿਚ ਸੰਤੁਲਨ ਪੈਦਾ ਕਰਨ ਦਾ ਹੈ ਜੋ ਇਸ ਵੇਲੇ ਨਜ਼ਰ ਨਹੀਂ ਆ ਰਿਹਾ।"

ਲੇਖਕ ਦਾ ਮੰਨਣਾ ਹੈ ਕਿ ਕਾਫੀ ਗਿਣਤੀ ਪੰਜਾਬੀ ਲੇਖਕ ਅਤੇ ਬੁੱਧੀਜੀਵੀ ਨਾ ਤਾਂ ਰੱਬ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਨਾ ਹੀ ਧਰਮ ਨੂੰ ਸਮਾਜ ਲਈ ਲਾਹੇਵੰਦ ਸਮਝਦੇ ਹਨ, ਪਰ ਬਹੁਤ ਸਾਰੇ ਸਮਾਜਿਕ ਕਾਰਨਾਂ ਵੱਸ ਉਹ ਇਸ ਬਾਰੇ ਚੁੱਪ ਸਾਧੀ ਰੱਖਦੇ ਹਨ। ਲੇਖਕ ਅਨੁਸਾਰ ਸ਼ਾਇਦ ਪੰਜਾਬੀਆਂ ਨਾਲ ਜਪਾਨੀ ਕਹਾਵਤ ਵਰਗਾ ਕੁਝ ਵਾਪਰ ਗਿਆ ਹੈ ਕਿ "ਜੇ ਤੁਸੀਂ ਉਨ੍ਹਾਂ ਨੂੰ ਜਿੱਤ ਨਹੀਂ ਸਕਦੇ ਤਾਂ ਉਨ੍ਹਾਂ ਨਾਲ ਰਲ਼ ਜਾਓ।" ਲੇਖਕ ਧਰਮ ਦੇ ਰੋਲ ਬਾਰੇ ਬਹੁਤ ਸਪੱਸ਼ਟ ਹੈ। ਉਸ ਦਾ ਨਿਰਣਾ ਹੈ ਕਿ ਧਰਮ ਵਿਅਕਤੀ ਦੀ ਪੱਧਰ 'ਤੇ ਭਾਵੇਂ ਕਿਸੇ ਨੂੰ ਵਕਤੀ ਸੁੱਖ ਸ਼ਾਂਤੀ ਦਾ ਅਹਿਸਾਸ ਕਰਵਾਉਂਦਾ ਹੋਵੇ ਪਰ ਸਮਾਜਿਕ ਪੱਧਰ 'ਤੇ ਇਸ ਦਾ ਰੋਲ ਨਾਂਹ-ਪੱਖੀ ਰਹਿੰਦਾ ਹੈ।

ਭੂਮਿਕਾ ਦੇ ਅਖੀਰ ਵਿਚ ਲੇਖਕ ਪੰਜਾਬੀ ਬੁੱਧੀਜੀਵੀਆਂ ਨੂੰ ਇਹ ਕਹਿ ਕੇ ਹਲੂਣਦਾ ਹੈ-ਪੰਜਾਬੀ ਸਮਾਜ ਵਿਚਲੇ ਰੌਸ਼ਨ ਦਿਮਾਗ ਲੋਕਾਂ ਕੋਲੋਂ ਸਮਾਂ ਇਸ ਵੇਲੇ ਮੰਗ ਕਰ ਰਿਹਾ ਹੈ ਕਿ ਉਹ ਆਪਣੇ ਸਮਾਜ ਨੂੰ ਪਿਛਲੀਆਂ ਸਦੀਆਂ ਦੇ ਹਨੇਰਿਆਂ ਵਿੱਚੋਂ ਕੱਢ ਕੇ ਇੱਕੀਵੀਂ ਸਦੀ ਵਿੱਚ ਲਿਆਉਣ ਲਈ ਆਪਣਾ ਯੋਗਦਾਨ ਪਾਉਣ। ਇਸ ਦੇ ਲਈ ਉਨ੍ਹਾਂ ਕੁਝ ਵਿਸ਼ੇ ਵੀ ਦਿੱਤੇ ਹਨ, ਜਿਨ੍ਹਾਂ ਬਾਰੇ ਵਿਚਾਰ-ਚਰਚਾ ਚਲਾਉਣ ਦੀ ਲੋੜ ਹੈ।

ਪੁਸਤਕ ਦੇ ਅੰਤ ਵਿਚ ਦਿੱਤੀ ਪੁਸਤਕਾਂ ਅਤੇ ਇੰਟਰਨੈੱਟ ਵੈਬਸਾਈਟਾਂ ਦੀ ਸੂਚੀ ਵੀ ਬਹੁਤ ਮਹੱਤਵਪੂਰਨ ਹੈ ਜੋ ਇਨ੍ਹਾਂ ਵਿਸ਼ਿਆਂ ਬਾਰੇ ਹੋਰ ਜਾਣਨ, ਸਮਝਣ ਦੀ ਇੱਛਾ ਰੱਖਣ ਵਾਲੇ ਵਿਅਕਤੀਆਂ ਲਈ ਬਹੁਤ ਕੰਮ ਦੀ ਚੀਜ਼ ਹੈ।



www.PunjabiLibrary.com